ਅੰਗ ੨੨੯ = ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥

ਰਾਗ ਗਉੜੀ ਗੁਆਰੇਰੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਉਚਾਰਨ ਕੀਤੀਆਂ ਅਸ਼ਟਪਦੀਆਂ ਅਰੰਭ ਹੁੰਦੀਆਂ ਹਨ।ਸਰਬ ਸ਼ਕਤੀਵਾਨ ਅਦੁਤੀ ਪ੍ਰਮਾਤਮਾ, ਜਿਸਦੇ ਬਰਾਬਰ ਦਾ ਹੋਰ ਕੋਈ ਨਹੀ।ਜੋ ਸੱਚੇ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਮਨ ਕਾ ਸੂਤਕੁ ਦੂਜਾ ਭਾਉ ॥ ਭਰਮੇ ਭੂਲੇ ਆਵਉ ਜਾਉ ॥੧॥ ਮਨ ਦਾ ਸੂਤਕ ਇਹ ਹੈ ਜੋ ਇਸ ਨੂੰ ਦ੍ਵੈਤ ਭਾਵ ਲਗਾ ਹੋਇਆ ਹੈ।(ਇਸੇ ਦੁਐਤ ਭਾਵ ਦੇ ਕਾਰਣ ਜੀਵ) ਭਰਮ ਵਿਚ ਭੁੱਲਾ ਹੋਇਆ ਜੰਮਦਾ ਮਰਦਾ ਰਹਿੰਦਾ ਹੈ।੧।

ਮਨਮੁਖਿ ਸੂਤਕੁ ਕਬਹਿ ਨ ਜਾਇ ॥ ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ਰਹਾਉ॥ ਜਿੰਨਾ ਚਿਰ (ਮਨ ਗੁਰੂ ਦੇ) ਸ਼ਬਦ ਦੁਆਰਾ ਹਰੀ ਦੇ ਨਾਮ ਵਿਚ ਨਹੀਂ ਭਿੱਜ ਜਾਂਦਾ।(ਉਤਨਾ ਚਿਰ) ਮਨਮੁਖ ਦਾ ਸੂਤਕ ਕਦੇ ਵੀ ਦੂਰ ਨਹੀ ਹੁੰਦਾ।੧।ਰਹਾਉ।

ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ ਮਰਿ ਮਰਿ ਜੰਮੈ ਵਾਰੋ ਵਾਰ ॥੨॥ ਜਿਤਨਾ ਵੀ ਦਿਸਦਾ ਜਗਤ ਹੈ ਤੇ ਇਸਦਾ ਮੋਹ ਹੈ, ਇਹ ਸਭ ਅਪਵਿਤ੍ਰਤਾ ਹੈ।(ਜਗਤ ਦੇ ਮੋਹ ਵਿਚ ਫਸ ਕੇ ਜੀਵ) ਵਾਰ ਵਾਰ ਮਰ ਕੇ ਜੰਮਦਾ ਰਹਿੰਦਾ ਹੈ।੨।

ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥ ਅਪਵਿਤ੍ਰਤਾ ਤਾਂ ਅੱਗ, ਪੌਣ ਤੇ ਪਾਣੀ ਵਿਚ ਵੀ ਹੈ (ਹਵਾ ਤੇ ਪਾਣੀ ਵਿਚ ਵੀ ਜੀਵ ਰਹਿੰਦੇ ਹਨ ਤੇ ਅੱਗ ਵਿਚ ਗੰਦ ਮੰਦ ਜੋ ਸੜਦਾ ਹੈ)।ਭੋਜਨ ਅਤੇ ਹੋਰ ਜਿਤਨਾ ਕੁਛ ਜੀਵ ਖਾਂਦੇ ਹਨ, ਸਭ ਵਿਚ ਸੂਤਕ ਹੈ (ਕਿਉਂਕਿ ਭੋਜਨ ਵਿਚ ਵੀ ਜੀਵਨ ਹੈ)।੩।

ਸੂਤਕਿ ਕਰਮ ਨ ਪੂਜਾ ਹੋਇ ॥ ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ (ਇਸ ਕਰਕੇ) ਸੂਤਕ ਵਿਚ ਨਾ ਕਰਮ ਹੋ ਸਕਦੇ ਹਨ ਤੇ ਨਾ ਪੂਜਾ ਹੋ ਸਕਦੀ ਹੈ (ਸੰ.ਪੋ.); ਸਾਰੇ ਕਰਮ ਧਰਮ ਵੀ ਸੂਤਕ ਵਿਚ ਹੀ ਹਨ, (ਹਵਾ ਪਾਣੀ ਤੇ ਭੋਜਨ ਵਿਚ ਵੀ ਜਦ ਸੂਤਕ ਹੈ, ਤਾਂ ਫਿਰ) ਪੂਜਾ ਨਹੀਂ ਹੋ ਸਕਦੀ (ਕਿਉਂਕਿ ਪੂਜਾ ਵਿਚ ਇਨ੍ਹਾਂ ਦੀ ਲੋੜ ਹੈ)।ਕੇਵਲ ਨਾਮ ਵਿਚ ਰਚਿਆ ਮਨ ਪਵਿਤ੍ਰ ਹੁੰਦਾ ਹੈ।੪।

ਸਤਿਗੁਰੁ ਸੇਵਿਐ ਸੂਤਕੁ ਜਾਇ ॥ ਮਰੈ ਨ ਜਨਮੈ ਕਾਲੁ ਨ ਖਾਇ ॥੫॥ ਸਤਿਗੁਰੂ ਦੀ ਸੇਵਾ ਕਰਨ ਨਾਲ ਸੂਤਕ ਚਲਾ ਜਾਂਦਾ ਹੈ।(ਸੇਵਾ ਕਰਨ ਵਾਲਾ ਮਨੁੱਖ) ਨਾ ਮਰਦਾ ਹੈ, ਨਾ ਜਨਮਦਾ ਹੈ ਤੇ ਨਾ ਉਸਨੂੰ ਕਾਲ ਖਾਂਦਾ ਹੈ (ਉਹ ਮੁਕਤ ਹੋ ਜਾਂਦਾ ਹੈ)।੫।

ਸਾਸਤ ਸਿਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥ (ਬੇਸ਼ੱਕ) ਕੋਈ ਛੇ ਸ਼ਾਸਤਰਾਂ ਤੇ ਸਿਮ੍ਰਤੀਆਂ ਨੂੰ ਸੋਧ ਕੇ ਦੇਖ ਲਵੋ।(ਉਹ ਵੀ ਇਹੋ ਦਸਣਗੀਆਂ ਕਿ) ਕੋਈ ਵੀ ਮਨੁੱਖ ਨਾਮ ਜਪੇ ਬਿਨਾ ਮੁਕਤ ਨਹੀਂ ਹੁੰਦਾ।੬।

ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥ ਚਾਰੇ ਜੁਗਾਂ ਵਿਚ ਹੀ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਨਾਮ ਜਪਣਾ ਉਤਮ ਕਰਮ ਮੰਨਿਆ ਗਿਆ ਹੈ।ਕਲਜੁਗ ਵਿਚ ਵੀ ਗੁਰਮੁਖ (ਗੁਰੂ ਦੀ ਸਿਖਿਆ ਅਨੁਸਾਰ ਜਿਉਣ ਵਾਲਾ ਮਨੁੱਖ ਨਾਮ ਜਪ ਕੇ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੭।

ਸਾਚਾ ਮਰੈ ਨ ਆਵੈ ਜਾਇ ॥ ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥ ਸੱਚਾ ਪਭੂ ਨਾ ਮਰਦਾ ਹੈ ਨਾ ਜੰਮਦਾ ਹੈ (ਇਸ ਕਰਕੇ ਪ੍ਰਭੂ ਨੂੰ ਕੋਈ ਸੂਤਕ ਪਾਤਕ ਨਹੀਂ ਲਗਦਾ)।ਗੁਰੂ ਜੀ ਆਖਦੇ ਹਨ ਕਿ ਗੁਰਮੁਖ ਪ੍ਰਭੂ ਵਿਚ ਲੀਨ ਰਹਿੰਦਾ ਹੈ (ਇਸ ਲਈ ਉਹ ਸੂਤਕ ਦੇ ਭਰਮ ਤੋਂ ਸੁਤੰਤਰ ਰਹਿੰਦਾ ਹੈ)।੮।੧।

ਪਦਾਰਥ = ਸੂਤਕ-ਬੱਚੇ ਦੇ ਜਨਮ ਸਮੇਂ ਪੰਡਤਾਂ ਵਲੋਂ ਮੰਨੀ ਹੋਈ ਅਪਵਿਤ੍ਰਤਾ।ਦੂਜਾ ਭਾਉ-ਦੁਬਿਧਾ; ਰੱਬ ਨੂੰ ਛੱਡ ਕੇ ਕਿਸੇ ਹੋਰ ਇਸ਼ਟ ਦਾ ਪਿਆਰ।ਆਵਉ ਜਾਉ-ਜਨਮ ਮਰਣ ਦਾ ਗੇੜ।੧।ਕਬਹਿ-ਕਦੇ ਵੀ।ਜਿਚਰੁ-ਜਿਤਨਾ ਚਿਰ।ਭੀਜੈ-ਰੰਗਿਆ ਜਾਵੇ; ਰਚ ਜਾਵੇ।ਨਾਇ-ਨਾਮ ਵਿਚ।੧।ਰਹਾਉ।ਜੇਤਾ-ਜਿਤਨਾ ਵੀ।ਆਕਾਰੁ-ਦਿਸਦਾ ਜਗਤ।ਵਾਰੋ ਵਾਰ-ਮੁੜ ਮੁੜ।੨।ਮਾਹਿ-ਵਿਚ। ਖਾਹਿ-ਖਾਂਦੇ ਹਨ।੩।ਰਤੇ-ਰਚਿਆ; ਰੰਗਿਆ ਹੋਇਆ।ਨਿਰਮਲੁ-ਪਵਿਤ੍ਰ।੪।ਸੇਵਿਐ-ਸੇਵਾ ਕਰਨ ਨਾਲ।ਜਾਇ-ਨਾਸ਼ ਹੋ ਜਾਂਦਾ ਹੈ।੫।ਸੋਧਿ-ਨਿਰਣਾ ਕਰਕੇ; ਵਿਚਾਰ ਕੇ।ਕੋ-ਕੋਈ ਮਨੁੱਖ।੬।ਕਲਿ ਮਹਿ-ਕਲਜੁਗ ਵਿਚ।ਉਤਰਸਿ ਪਾਰਿ-ਪਾਰ ਲੰਘਦਾ ਹੈ।੭।ਸਾਚਾ-ਸਦਾ ਥਿਰ ਵਾਹਿਗੁਰੂ।ਰਹੈ ਸਮਾਇ-ਲੀਨ ਰਹਿੰਦਾ ਹੈ।੮।੧।

ਸੂਤਕਿ ਕਰਮਨ ਪੂਜਾ ਹੋਇ (ਟਕਸਾਲ) = ਠਾਕਰਾਂ ਦੀ ਪੂਜਾ ਤੇ ਹੋਰ ਧਾਰਮਕ ਕਰਮ ਵੀ ਸੂਤਕ ਵਿਚ ਹੀ ਹੁੰਦੇ ਹਨ।

ਗਉੜੀ ਮਹਲਾ ੩ ॥ ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥ ਗੁਰਮੁਖਿ ਸੋਭਾ ਸਾਚ ਦੁਆਰਾ ॥੧॥ (ਹੇ ਪੰਡਤ!) ਗੁਰੂ ਦੁਆਰਾ ਪ੍ਰਾਣਾਂ ਦੇ ਆਸਰਾ ਪ੍ਰਭੂ ਦੀ ਸੇਵਾ ਭਗਤੀ ਕਰ; ਗੁਰਮੁਖ ਹੋ ਕੇ ਰੱਬ ਦੀ ਸੇਵਾ ਭਗਤੀ ਨੂੰ ਪ੍ਰਾਣਾਂ ਦਾ ਆਸਰਾ ਬਣਾ।ਹਰੀ ਜੀ ਨੂੰ ਅਪਣੇ ਹਿਰਦੇ ਵਿਚ ਧਾਰਣ ਕਰਕੇ ਰੱਖ।(ਫਿਰ ਤੂੰ) ਗੁਰਮੁਖ ਬਣ ਕੇ ਹਰੀ ਦੇ ਸੱਚੇ ਦਰ ਤੇ ਸੋਭਾ ਪਾ ਸਕੇਂਗਾ।੧।

ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ਰਹਾਉ॥ ਹੇ ਪੰਡਤ! ਹਰੀ ਦਾ ਨਾਮ ਪੜ੍ਹ (ਜਪ) ਤੇ

All Rights Reserved by Harjinder Singh Gyani | www.GuruGranthVakhyaan.org

ਵਿਕਾਰ ਛਡ ਦੇਹ।(ਇਉਂ) ਗੁਰਮੁਖ ਬਣ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾ।੧।ਰਹਾਉ।
ਅੰਗ ੨੩੦ = ਗੁਰਮੁਖਿ ਵਿਚਹੁ ਹਉਮੈ ਜਾਇ ॥ ਗੁਰਮਖਿ ਮੈਲੁ ਨ ਲਾਗੈ ਆਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥ ਗੁਰਮੁਖ ਬਣਨ ਨਾਲ ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ।ਗੁਰਮੁਖ ਬਣਨ ਨਾਲ (ਦੁਬਾਰਾ) ਮੈਲ ਆ ਕੇ ਨਹੀਂ ਲਗਦੀ।(ਕਿਉਂਕਿ) ਗੁਰਮੁਖ ਦੇ ਮਨ ਵਿਚ ਪ੍ਰਮਾਤਮਾ ਦਾ ਨਾਮ ਆ ਵਸਦਾ ਹੈ।੨।
ਗੁਰਮੁਖਿ ਕਰਮ ਧਰਮ ਸਚਿ ਹੋਈ ॥ ਗੁਰਮੁਖਿ ਅਹੰਕਾਰੁ ਜਲਾਏ ਦੋਈ ॥ ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥ ਸੱਚ ਵਿਚ ਜੁੜਨਾ ਹੀ ਗੁਰਮੁਖ ਦਾ ਧਰਮ ਕਰਮ ਹੁੰਦਾ ਹੈ।ਗੁਰਮੁਖ ਦੁਐਤ ਭਾਵ ਤੇ ਹੰਕਾਰ ਨੂੰ ਸਾੜ ਦੇਂਦਾ ਹੈ।ਨਾਮ ਵਿਚ ਰੰਗੇ ਹੋਏ ਹੋਣ ਕਰਕੇ ਗੁਰਮੁਖ ਨੂੰ (ਸਦੀਵੀ) ਸੁਖ ਪ੍ਰਾਪਤ ਹੁੰਦਾ ਹੈ।੩।
ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥ ਗੁਰਮੁਖਿ ਸਮਝਹੁ ਸਦਾ ਸੁਖ ਹੋਈ ॥੪॥ (ਹੇ ਪੰਡਤ!) ਅਪਣੇ ਮਨ ਨੂੰ ਸਿਖਿਆ ਦੇਵੋ ਅਤੇ ਉਸ ਪ੍ਰਭੂ ਨੂੰ ਜਾਣੋ।(ਤੁਸੀਂ) ਲੋਕਾਂ ਨੂੰ ਸਮਝਾਉਂਦੇ ਹੋ, (ਪਰ ਤੁਹਾਡੀ ਦਿਤੀ ਸਿਖਿਆ) ਕੋਈ ਸੁਣਦਾ ਨਹੀਂ।ਗੁਰਮੁਖ ਬਣ ਕੇ (ਪਹਿਲਾਂ ਆਪਣੇ ਆਪ ਨੂੰ) ਸਮਝੋ ਤਾਂ ਸਦਾ ਸੁਖ ਪ੍ਰਾਪਤ ਹੋਵੇਗਾ।੪।
ਮਨਮੁਖਿ ਡੰਫੁ ਬਹੁਤੁ ਚਤੁਰਾਈ ॥ ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥੫॥ ਮਨਮੁਖ ਪਖੰਡ ਤੇ ਚਤਰਾਈ ਬਹੁਤ ਕਰਦਾ ਹੈ।(ਇਸ ਲਈ ਉਹ) ਜੋ ਕੁਛ ਕਰਮ ਕਮਾਉਂਦਾ ਹੈ, ਉਹ (ਰੱਬ ਦੇ ਦਰ ਤੇ) ਪ੍ਰਵਾਨ ਨਹੀਂ ਪੈਂਦਾ।(ਉਹ) ਜੰਮਦਾ ਮਰਦਾ ਰਹਿੰਦਾ ਹੈ, (ਉਸਨੂੰ ਰੱਬ ਦੇ ਦਰ ਤੇ) ਕੋਈ ਥਾਂ ਟਿਕਾਣਾ ਨਹੀਂ ਮਿਲਦਾ।੫।
ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ ਬਗ ਜਿਉ ਲਾਇ ਬਹੈ ਨਿਤ ਧਿਆਨਾ ॥ ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥ ਮਨਮੁਖ ਧਰਮ ਕਰਮ ਕਰਦਾ ਹੈ, (ਪਰ ਉਸਦੇ ਅੰਦਰ ਕੀਤੇ ਕਰਮਾਂ ਦਾ) ਬਹੁਤ ਅਭਿਮਾਨ ਹੁੰਦਾ ਹੈ।ਉਹ ਨਿਤ ਇਉਂ ਧਿਆਨ ਲਾ ਕੇ ਬੈਠਦਾ ਹੈ, ਜਿਵੇਂ ਬਗਲਾ ਬੈਠਦਾ ਹੈ।(ਜਦ) ਜਮ ਨੇ ਆਕੇ ਫੜਿਆ ਓਦੋਂ (ਕੀਤੇ ਕਰਮਾਂ ਕਰਕੇ) ਪਛਤਾਏਗਾ।੬।
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ ਗੁਰ ਪਰਸਾਦੀ ਮਿਲੈ ਹਰਿ ਸੋਈ ॥ ਗੁਰੁ ਦਾਤਾ ਜੁਗ ਚਾਰੇ ਹੋਈ ॥੭॥ ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਮਨੁੱਖ ਦੀ) ਮੁਕਤੀ ਨਹੀਂ ਹੁੰਦੀ।ਗੁਰੂ ਦੀ ਕਿਰਪਾ ਨਾਲ ਹੀ ਉਹ ਹਰੀ ਮਿਲਦਾ ਹੈ।(ਇਹ ਹੁਣ ਦੀ ਗੱਲ ਨਹੀਂ) ਚਾਰੇ ਜੁਗਾਂ ਵਿਚ (ਮੁਕਤੀ ਦਾ ਦਾਤਾ) ਗੁਰੂ ਹੀ ਹੁੰਦਾ ਆਇਆ ਹੈ।੭।
ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥ ਗੁਰਮੁਖ ਦੀ ਜਾਤ, ਇੱਜਤ ਤੇ ਵਡਿਆਈ ਨਾਮ ਹੀ ਹੈ।ਸਮੁੰਦਰ ਦੀ ਪੁਤ੍ਰੀ (ਮਾਇਆ ਗੁਰਮੁਖ ਨੇ) ਮਾਰ ਕੇ ਦੂਰ ਕਰ ਦਿਤੀ ਹੈ। ਗੁਰੂ ਜੀ ਆਖਦੇ ਹਨ ਕਿ ਨਾਮ ਤੋਂ ਬਿਨਾ (ਪੰਡਤਾਂ ਦੀ) ਚਤਰਾਈ ਝੂਠੀ ਹੈ।੮।੨।
ਪਦਾਰਥ = ਅਧਾਰਾ–ਆਸਰਾ।ਹਿਰਦੈ ਉਰ–ਹਿਰਦੇ ਵਿਚ ਤੇ ਦਿਲ ਵਿਚ।ਧਾਰਾ–ਟਿਕਾ ਲੈ।ਦੁਆਰਾ–ਦਰ।੧।ਤਜਹੁ–ਛਡ ਦੇ। ਭਉਜਲੁ–ਸੰਸਾਰ ਸਾਗਰ।ਉਤਰਹੁ ਪਾਰਾ–ਪਾਰ ਲੰਘ ਜਾਓ।੧।ਰਹਾਉ।ਵਿਚਹੁ–ਮਨ ਵਿਚੋਂ।੨।ਦੋਈ–ਦੁਐਤ ਭਾਵ; ਮੇਰ ਤੇਰ। ਰਤੇ–ਰੰਗਿਆ ਹੋਇਆ।੩।ਪਰਬੋਧਹੁ–ਸਿਖਿਆ ਦੇਵੋ; ਜਗਾਓ; ਗਿਆਨਵਾਨ ਬਣਾਓ।ਸੋਈ–ਉਸ ਪ੍ਰਭੂ ਨੂੰ।੪।ਡੰਫੁ–ਪਖੰਡ; ਦਿਖਾਵਾ।ਸੁ–ਉਹ।ਥਾਇ ਨ ਪਾਈ–ਪ੍ਰਵਾਨ ਨਹੀਂ ਹੁੰਦਾ।ਠਉਰ–ਟਿਕਣ ਵਾਲੀ ਥਾਂ।ਕਾਈ–ਕੋਈ।੫।ਬਗ ਜਿਉ–ਬਗਲੇ ਵਾਂਙ। ਨਿਤ–ਹਰ ਰੋਜ; ਸਦਾ।ਤਬ ਹੀ–ਓਦੋਂ; ਉਸ ਵੇਲੇ।੬।ਪਰਸਾਦੀ–ਕਿਰਪਾ ਨਾਲ।ਸੋਈ–ਉਹ।੭।ਪਤਿ–ਇੱਜਤ; ਖਾਨਦਾਨ। ਸਾਇਰ ਕੀ ਪੁਤ੍ਰੀ–ਸਮੁੰਦਰ ਦੀ ਧੀ (ਪੁਰਾਣਕ ਕਥਾ ਅਨੁਸਾਰ ਸਮੁੰਦਰ ਰਿੜਕਣ ਸਮੇਂ ਨਿਕਲੇ ਰਤਨਾਂ ਵਿਚ ਲੱਛਮੀ ਭਾਵ ਮਾਇਆ ਵੀ ਸੀ)।ਬਿਦਾਰਿ–ਮਾਰ ਕੇ।ਗਵਾਈ–ਦੂਰ ਕਰ ਦਿਤੀ।੮।੨।
ਉਥਾਨਕਾ = ਵਿਦਵਾਨ ਬੇਣੀ ਪੰਡਤ ਬਹਿਸ ਕਰਕੇ ਦੂਜੇ ਪੰਡਤਾਂ ਦੇ ਗ੍ਰੰਥ ਖੋਹ ਲੈਂਦਾ ਸੀ, ਉਹ ਗੁਰੂ ਅਮਰਦਾਸ ਜੀ ਨਾਲ ਚਰਚਾ ਕਰਨ ਸ੍ਰੀ ਗੋਇੰਦਵਾਲ ਸਾਹਿਬ ਆਇਆ।ਗੁਰੂ ਜੀ ਉਸ ਬੇਣੀ ਪੰਡਤ ਨੂੰ ਇਸ ਸ਼ਬਦ ਦੁਆਰਾ ਉਪਦੇਸ਼ ਦੇਂਦੇ ਹਨ (ਟਕਸਾਲ)।
ਗਉੜੀ ਮਃ ੩ ॥ ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥ਐਥੈ ਅਗੈ ਹਰਿ ਨਾਮੁ ਸਖਾਈ ॥੧॥ ਹੇ ਭਾਈ! ਇਸ ਜੁਗ ਦਾ ਜੋ ਧਰਮ ਹੈ (ਉਹ ਨਾਮ ਹੈ, ਉਸ ਨੂੰ) ਤੁਸੀਂ ਪੜ੍ਹੋ (ਜਪੋ)।ਪੂਰੇ ਗੁਰੂ ਨੇ (ਨਾਮ ਧਰਮ ਬਾਰੇ ਸਾਡੇ ਅੰਦਰ) ਸਾਰੀ ਸੋਝੀ ਪਾ ਦਿਤੀ ਹੈ।ਕਿ ਹਰੀ ਦਾ ਨਾਮ ਹੀ ਇਸ ਲੋਕ ਤੇ ਪ੍ਰਲੋਕ ਵਿਚ (ਜੀਵ ਦਾ) ਸਾਥੀ ਹੁੰਦਾ ਹੈ।੧।
ਰਾਮ ਪੜਹੁ ਮਨਿ ਕਰਹੁ ਬੀਚਾਰੁ ॥ ਗੁਰ ਪਰਸਾਦੀ ਮੈਲੁ ਉਤਾਰੁ ॥੧॥ਰਹਾਉ॥ (ਹੇ ਭਾਈ!) ਪ੍ਰਮੇਸਰ ਦਾ ਨਾਮ ਪੜ੍ਹੋ (ਜਪੋ, ਅਤੇ ਇਸਦਾ) ਮਨ ਵਿਚ ਵਿਚਾਰ ਵੀ ਕਰੋ।(ਇਸ ਤਰ੍ਹਾਂ) ਗੁਰੂ ਦੀ ਕ੍ਰਿਪਾ ਨਾਲ (ਅਪਣੇ ਮਨ ਦੀ) ਮੈਲ ਉਤਾਰ ਲਵੋ।੧।ਰਹਾਉ।
ਵਾਦਿ ਵਿਰੋਧਿ ਨ ਪਾਇਆ ਜਾਇ ॥ ਮਨੁ ਤਨੁ ਫੀਕਾ ਦੂਜੈ ਭਾਇ ॥ ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥ ਝਗੜੇ (ਬਹਿਸ

All Rights Reserved by Harjinder Singh Gyani | www.GuruGranthVakhyaan.org

ਕੀਤਿਆਂ ਤੇ ਕਿਸੇ ਦਾ) ਵਿਰੋਧ ਕਰਨ ਨਾਲ (ਪ੍ਰਭੂ ਤੇ ਉਸਦਾ ਨਾਮ) ਨਹੀਂ ਪਾਇਆ ਜਾ ਸਕਦਾ। ਦ੍ਵੈਤ ਭਾਵ ਨਾਲ ਤਾਂ ਤਨ ਤੇ ਮਨ ਫਿੱਕਾ (ਬੇ ਸੁਆਦੇ) ਰਹਿੰਦੇ ਹਨ। ਸੱਚ ਸਰੂਪ ਪ੍ਰਭੂ ਵਿਚ ਗੁਰੂ ਦੇ ਸ਼ਬਦ ਦੁਆਰਾ ਲਿਵ ਲਗਦੀ ਹੈ।੨।

ਹਉਮੈ ਮੈਲਾ ਇਹੁ ਸੰਸਾਰਾ ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ ਇਹ ਸਾਰਾ ਸੰਸਾਰ ਹਉਮੈ ਦੇ ਕਾਰਣ ਮੈਲਾ ਹੈ। (ਸੰਸਾਰ ਦੇ ਲੋਕ ਮੈਲ ਉਤਾਰਨ ਵਾਸਤੇ) ਨਿਤ ਤੀਰਥਾਂ ਤੇ ਨ੍ਹਾਉਂਦੇ ਹਨ, (ਫਿਰ ਵੀ) ਹੰਕਾਰ ਦੂਰ ਨਹੀਂ ਜਾਂਦਾ (ਜਿਸ ਕਰਕੇ ਮੈਲੇ ਹੀ ਰਹਿੰਦੇ ਹਨ)। ਗੁਰੂ ਦੇ ਮਿਲੇ ਬਿਨਾ ਜਮ ਖੁਆਰ ਕਰਦਾ ਹੈ।੩।

ਸੋ ਜਨੁ ਸਾਚਾ ਜਿ ਹਉਮੈ ਮਾਰੈ ॥ਗੁਰ ਕੈ ਸਬਦਿ ਪੰਚ ਸੰਘਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੪॥ ਉਹ ਪੁਰਖ ਹੀ ਸੱਚਾ ਹੈ, ਜਿਹੜਾ ਹਉਮੈ ਨੂੰ ਮਾਰ ਲੈਂਦਾ ਹੈ। (ਉਹ ਪੁਰਖ) ਗੁਰੂ ਦੇ ਸ਼ਬਦ ਦੁਆਰਾ ਪੰਜ ਕਾਮਾਦਿਕਾਂ ਨੂੰ ਮਾਰ ਲੈਂਦਾ ਹੈ। (ਅਜੇਹਾ ਪੁਰਖ ਸੰਸਾਰ ਸਾਗਰ ਤੋਂ) ਆਪ ਵੀ ਤਰ ਜਾਂਦਾ ਹੈ ਤੇ ਅਪਣੇ ਸਾਰੇ ਖਾਨਦਾਨ ਨੂੰ ਵੀ ਤਾਰ ਲੈਂਦਾ ਹੈ।੪।

ਮਾਇਆ ਮੋਹਿ ਨਟਿ ਬਾਜੀ ਪਾਈ ॥ ਮਨਮੁਖ ਅੰਧ ਰਹੇ ਲਪਟਾਈ ॥ ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ ਨਟ ਰੂਪ ਪ੍ਰਭੂ ਨੇ ਮਾਇਆ ਦੇ ਮੋਹ ਦੁਆਰਾ ਸੰਸਾਰ ਰੂਪ ਬਾਜੀ ਪਾਈ ਹੈ (ਜਗਤ ਦਾ ਖੇਲ ਰਚਾਇਆ ਹੈ); ਮਾਇਆ ਨਟਣੀ ਨੇ ਮੋਹ ਵਿਚ ਫਸਾਉਣ ਵਾਲੀ ਬਾਜੀ ਪਾਈ ਹੈ (ਟਕਸਾਲ। ਇਸ ਖੇਡ ਨਾਲ ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਮਨਮੁਖ ਚਿੰਬੜੇ ਹੋਏ ਹਨ। ਪਰ ਗੁਰਮੁਖ (ਪ੍ਰਭੂ ਵਿਚ) ਬਿਰਤੀ ਲਾ ਕੇ (ਮਾਇਆ ਦੇ ਮੋਹ ਤੋਂ) ਨਿਰਲੇਪ ਰਹਿੰਦੇ ਹਨ।੫।

ਬਹੁਤੇ ਭੇਖ ਕਰੈ ਭੇਖਧਾਰੀ ॥ ਅੰਤਰਿ ਤਿਸਨਾ ਫਿਰੈ ਅਹੰਕਾਰੀ ॥ ਆਪੁ ਨ ਚੀਨੈ ਬਾਜੀ ਹਾਰੀ ॥੬॥ ਭੇਖਧਾਰੀ (ਸਾਧੂ ਮਾਇਆ ਵਾਸਤੇ) ਬਹੁਤ ਭੇਖ ਧਾਰਣ ਕਰਦਾ ਹੈ। (ਉਸਦੇ) ਅੰਦਰ ਤ੍ਰਿਸ਼ਨਾ ਹੁੰਦੀ ਹੈ ਤੇ ਹੰਕਾਰੀ ਹੋਇਆ ਫਿਰਦਾ ਹੈ (ਕਿ ਮੇਰੇ ਵਰਗਾ ਸਾਧੂ ਕੋਈ ਨਹੀਂ। ਉਹ) ਅਪਣੇ ਆਪ ਨੂੰ ਨਹੀਂ ਪਛਾਣਦਾ, (ਜਿਸ ਕਰਕੇ ਉਹ ਮਨੁੱਖਾ ਜਨਮ ਦੀ) ਬਾਜੀ ਹਾਰੀ ਬੈਠਾ ਹੈ।੬।

ਕਾਪੜ ਪਹਿਰਿ ਕਰੇ ਚਤੁਰਾਈ ॥ ਮਾਇਆ ਮੋਹਿ ਅਤਿ ਭਰਮਿ ਭੁਲਾਈ ॥ ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ (ਜੋ ਮਨੁੱਖ ਧਾਰਮਕ ਪਹਿਰਾਵੇ ਵਾਲੇ) ਕਪੜੇ ਪਹਿਨ ਕੇ ਚਤਰਾਈਆਂ ਕਰਦਾ ਹੈ। (ਉਹ) ਮਾਇਆ ਦੇ ਮੋਹ ਵਿਚ ਫਸ ਕੇ ਬਹੁਤ ਭਰਮ ਵਿਚ ਭੁੱਲਾ ਹੋਇਆ ਹੈ। (ਅਜੇਹਾ ਭੇਖੀ ਮਨੁੱਖ) ਗੁਰੂ ਦੀ ਸੇਵਾ ਕੀਤੇ ਬਿਨਾ ਬਹੁਤ ਦੁਖ ਪਾਉਂਦਾ ਹੈ।੭।

ਨਾਮਿ ਰਤੇ ਸਦਾ ਬੈਰਾਗੀ ॥ ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥ (ਜਿਹੜੇ ਮਨੁਖ) ਨਾਮ ਵਿਚ ਰੰਗੇ ਹੋਏ ਹਨ, (ਉਹ ਮਾਇਆ ਤੋਂ) ਸਦਾ ਬੈਰਾਗਵਾਨ ਰਹਿੰਦੇ ਹਨ। ਗ੍ਰਿਹਸਥ ਵਿਚ ਰਹਿੰਦਿਆਂ (ਉਨ੍ਹਾਂ ਦੀ) ਸੱਚੇ ਪ੍ਰਭੂ ਵਿਚ ਲਿਵ ਲਗੀ ਰਹਿੰਦੀ ਹੈ। ਹੇ ਨਾਨਕ! ਉਹ ਪੁਰਖ ਵੱਡੇ ਭਾਗਾਂ ਵਾਲੇ ਹਨ, ਜੋ ਸਤਿਗੁਰੂ ਨੂੰ ਸੇਂਵਦੇ ਹਨ।੮।੩।

ਪਦਾਰਥ = ਜੁਗ-ਕਲਜੁਗ। ਭਾਈ-ਹੇ ਭਾਈ!। ਐਥੈ-ਇਸ ਲੋਕ ਵਿਚ। ਅਗੈ-ਪ੍ਰਲੋਕ ਵਿਚ। ਸਖਾਈ-ਮਿਤ੍ਰ; ਸਾਥੀ।੧। ਪਰਸਾਦੀ -ਕ੍ਰਿਪਾ ਨਾਲ। ਉਤਾਰੁ-ਦੂਰ ਕਰੋ।੧। ਰਹਾਉ। ਵਾਦਿ-ਝਗੜਿਆਂ (ਧਾਰਮਕ ਬਹਿਸਾਂ) ਨਾਲ। ਵਿਰੋਧਿ-ਦੂਜੇ ਦੇ ਵਿਚਾਰਾਂ ਦਾ ਖੰਡਨ ਕਰਨ ਨਾਲ। ਫੀਕਾ-ਰੁੱਖਾ (ਆਤਮ ਰਸ ਤੋਂ ਖਾਲੀ)। ਦੂਜੈ ਭਾਇ-ਰੱਬ ਤੋਂ ਬਿਨਾ ਕਿਸੇ ਹੋਰ ਇਸ਼ਟ ਦਾ ਪਿਆਰ। ਲਿਵ-ਧਿਆਨ। ੨। ਨਾਵੈ-ਨ੍ਹਾਉਂਦਾ ਹੈ। ਬਿਨੁ ਭੇਟੇ-ਮਿਲੇ ਬਿਨਾ। ਖੁਆਰਾ-ਖਰਾਬ; ਬੇ ਇਜਤੀ।੩। ਸੋ-ਉਹ। ਜਨੁ-ਪੁਰਖ। ਜਿ-ਜਿਹੜਾ। ਪੰਚ-ਪੰਜ ਕਾਮਾਦਿਕਾਂ ਨੂੰ। ਸੰਘਾਰੈ-ਮਾਰ ਦੇਂਦਾ ਹੈ।੪। ਮੋਹਿ-ਮੋਹ ਦੁਆਰਾ। ਨਟਿ-ਪ੍ਰਭੂ ਰੂਪ ਨਟ ਨੇ। ਬਾਜੀ-ਸੰਸਾਰ ਰਚਨਾ ਦੀ ਖੇਡ। ਅੰਧ-ਅੰਨ੍ਹੇ; ਅਗਿਆਨੀ। ਲਪਟਾਈ-ਖਚਿੱਤ; ਚਿੰਬੜਿਆ ਹੈ। ਅਲਿਪਤ-ਨਿਰਲੇਪ।੫। ਭੇਖ-ਧਾਰਮਕ ਪਹਿਰਾਵਾ। ਆਪੁ-ਆਪਣੇ ਆਪ ਨੂੰ। ਨ ਚੀਨੈ-ਨਹੀਂ ਪਛਾਣਦਾ।੬। ਕਾਪੜ-ਭੇਖ ਦੇ ਕਪੜੇ। ਅਤਿ-ਬਹੁਤ।੭। ਰਤੇ-ਰੰਗੇ ਹਨ। ਬੈਰਾਗੀ-ਮਾਇਆ ਦੇ ਅਸਰ ਤੋਂ ਬਚੇ ਹੋਏ; ਵਿਰੱਕਤ। ਗ੍ਰਿਹੀ ਅੰਤਰਿ-ਗ੍ਰਿਹਸਤ ਅੰਦਰ। ਸਾਚਿ-ਸੱਚੇ ਪ੍ਰਭੂ ਵਿਚ। ਸੇ-ਉਹ ਪੁਰਖ।੮।੩।

ਗਉੜੀ ਮਹਲਾ ੩ ॥ ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ ਵੇਦਾਂ ਦਾ ਅਭਿਆਸ ਕਰਨ ਵਾਲਾ ਮੁਢਲਾ (ਪਹਿਲਾ) ਦੇਵਤਾ ਬ੍ਰਹਮਾ ਹੈ; ਬ੍ਰਹਮਾ (ਜੋ ਜਗਤ ਦਾ) ਮੂਲ ਜਾਣਿਆ ਜਾਂਦਾ ਹੈ, ਉਹ ਵੇਦਾਂ ਦੇ ਪਾਠ ਦਾ ਅਭਿਆਸ ਕਰਦਾ ਰਿਹਾ ਹੈ (ਫ.ਸ.; ਸੰ.ਸ.)। ਉਸ (ਬ੍ਰਹਮਾ) ਤੋਂ ਅੱਗੇ ਜੋ ਦੇਵਤੇ ਪੈਦਾ ਹੋਏ, ਉਹ ਵੀ ਮਾਇਆ ਦੇ ਮੋਹ ਦੇ ਪਿਆਸੇ ਹੋਏ ਹਨ। (ਇਸ ਸਾਰੇ) ਤਿੰਨਾਂ ਗੁਣਾਂ ਵਿਚ ਭਟਕਦੇ ਰਹੇ, (ਜਿਸ ਕਰਕੇ ਇਨ੍ਹਾਂ ਦਾ) ਸ੍ਵੈ ਸਰੂਪ ਵਿਚ ਵਾਸਾ ਨਹੀਂ ਹੋ ਸਕਿਆ (ਪਾਰ ਉਤਾਰਾ ਤਾਂ ਨਾਮ ਸਿਮਰਨ ਕਰਕੇ ਹੋਣਾ ਸੀ, ਜੋ ਉਨ੍ਹਾਂ ਨੇ ਨਹੀਂ ਕੀਤਾ)।੧।

ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ਰਹਾਉ॥ (ਹੇ ਭਾਈ!) ਸਾਨੂੰ ਹਰੀ ਨੇ (ਮਾਇਆ ਦੇ ਮੋਹ ਤੇ ਤਿੰਨਾਂ ਗੁਣਾਂ ਦੀ ਭਟਕਣਾ ਤੋਂ) ਬਚਾ ਲਿਆ ਅਤੇ ਸਤਿਗੁਰੂ ਮਿਲਾ ਦਿਤਾ। (ਜਿਸ ਗੁਰੂ ਨੇ) ਹਰ ਰੋਜ ਹਰੀ ਦੀ ਭਗਤੀ ਕਰਨ ਲਈ ਨਾਮ ਸਿਮਰਨ ਦ੍ਰਿੜ ਕਰਾ ਦਿਤਾ।੧। ਰਹਾਉ।

All Rights Reserved by Harjinder Singh Gyani | www.GuruGranthVakhyaan.org

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ, ਸਿਰਿ ਮਾਰੇ ਜਮਕਾਲਾ ॥ ਬ੍ਰਹਮਾ ਦੀ ਵੇਦ ਬਾਣੀ ਤਿੰਨਾਂ ਗੁਣਾਂ ਤੇ ਜੰਜਾਲ ਵਾਲੀ ਹੈ।(ਕਿਉਂਕਿ ਇਸ ਵਿਚ ਦੇਵੀ ਦੇਵਤਿਆਂ ਦੇ ਝਗੜੇ ਤੇ ਕਰਮ ਕਾਂਡ ਦੀਆਂ ਫੋਕੀਆਂ ਗੱਲਾਂ ਦਾ ਵਰਨਣ ਹੈ।ਪੰਡਤ ਲੋਕ ਵੇਦਾਂ ਨੂੰ) ਪੜ੍ਹ ਕੇ ਬਹਿਸ ਹੀ ਬਿਆਨ ਕਰਦੇ ਹਨ, ਕਾਲ ਕਰਨ ਵਾਲਾ ਜਮ (ਉਨ੍ਹਾਂ ਦੇ) ਸਿਰ ਤੇ ਡੰਡਾ ਮਾਰਦਾ ਹੈ।

ਅੰਗ ੨੩੧ = ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ (ਉਹ) ਤੱਤ ਨੂੰ ਨਹੀਂ ਪਛਾਣਦੇ ਅਤੇ ਅਪਣੇ ਸਿਰ ਤੇ ਪਰਾਲੀ ਦੀਆਂ ਪੰਡਾਂ ਬੰਨ੍ਹੀ ਫਿਰਦੇ ਹਨ (ਕਰਮ ਕਾਂਡ ਆਦਿਕ ਨਿਕੰਮੇ ਕੰਮ ਕਰਦੇ ਹਨ, ਸਾਰ ਵਸਤੂ ਨੂੰ ਨਹੀਂ ਜਾਣਦੇ)।੨।

ਮਨਮੁਖ ਅਗਿਆਨਿ ਕੁਮਾਰਗਿ ਪਾਏ ॥ ਹਰਿ ਨਾਮੁ ਬਿਸਾਰਿਆ, ਬਹੁ ਕਰਮ ਦ੍ਰਿੜਾਏ ॥ ਭਵਜਲਿ ਡੂਬੇ ਦੂਜੈ ਭਾਏ ॥੩॥ (ਭਾਵੇਂ ਵੇਦਾਂ ਦੀ ਬਾਣੀ ਪੜ੍ਹਦੇ ਹਨ, ਪਰ) ਅਗਿਆਨ ਨੇ ਮਨਮੁਖ ਲੋਗ ਖੋਟੇ ਰਸਤੇ ਤੇ ਪਾਏ ਹੋਏ ਹਨ।(ਜਿਸ ਕਰਕੇ ਉਨ੍ਹਾਂ ਨੇ) ਹਰੀ ਦਾ ਨਾਮ ਭੁਲਾ ਦਿਤਾ ਹੈ ਤੇ ਬਹੁਤ ਤਰ੍ਹਾਂ ਕਰਮ ਦ੍ਰਿੜ ਕੀਤੇ ਹੋਏ ਹਨ।(ਉਹ) ਦੂਜੇ ਭਾਵ ਵਿਚ ਲੱਗੇ ਹੋਣ ਕਰਕੇ ਸੰਸਾਰ ਸਾਗਰ ਵਿਚ ਡੁਬ ਗਏ ਹਨ।੩।

ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ ਮਾਇਆ ਦਾ ਲੋੜਵੰਦ (ਮਨਮੁਖ ਬੰਦਾ ਅਪਣੇ ਆਪ ਨੂੰ) ਪੰਡਤ ਕਹਾਉਂਦਾ ਹੈ।ਮਾਇਆ ਵਿਚ ਰਚਿਆ ਹੋਇਆ (ਉਹ) ਬਹੁਤ ਦੁਖ ਪਾਉਂਦਾ ਹੈ।(ਮਾਇਆ ਦਾ ਮੋਹ ਉਸਦੇ) ਗਲ ਵਿਚ ਫਾਹਾ ਹੈ, (ਉਸ ਨੂੰ) ਰੋਜ ਕਾਲ ਸਤਾਉਂਦਾ ਹੈ।੪।

ਪਦਾਰਥ = ਮੂਲੁ-ਮੁੱਢ; ਆਦਿ।ਤਿਸ ਤੇ-ਉਸ ਤੋਂ।ਦੇਵ-ਦੇਵਤੇ।ਭਰਮੇ-ਭਟਕਦੇ ਰਹੇ।ਨਿਜ ਘਰਿ-ਅਪਣੇ ਆਤਮ ਸਰੂਪ ਵਿਚ। ਵਾਸਾ-ਟਿਕਾਣਾ।੧।ਹਮ-ਸਾਨੂੰ।ਰਾਖੇ-ਰੱਖ (ਬਚਾ) ਲਿਆ।ਅਨਦਿਨੁ-ਹਰ ਰੋਜ।ਦ੍ਰਿੜਾਇਆ-ਹਿਰਦੇ ਵਿਚ ਚੰਗੀ ਤਰ੍ਹਾਂ ਬਿਠਾ ਦਿਤਾ।੧।ਰਹਾਉ।ਬਾਣੀ ਬ੍ਰਹਮ-ਬ੍ਰਹਮਾ ਦੀ ਰਚੀ ਬਾਣੀ ਵੇਦ।ਵਾਦੁ-ਝਗੜਾ; ਬਹਿਸ।ਸਿਰਿ-ਸਿਰ ਉਤੇ।ਜਮਕਾਲਾ-ਕਾਲ ਕਰਨ ਵਾਲਾ ਜਮ।ਤਤੁ-ਸਾਰ ਵਸਤੂ; ਅਸਲੀਅਤ।ਪਰਾਲਾ-ਧਾਨਾਂ ਦਾ ਫੂਸ (ਨਿਕੰਮੇ ਕੰਮ)।੨।ਕੁਮਾਰਗਿ-ਗਲਤ ਰਸਤੇ ਤੇ; ਕੁਰਾਹੇ। ਬਹੁ ਕਰਮ-ਵੇਦਾਂ ਦੇ ਦਸੇ ਹੋਏ ਬਹੁਤ ਤਰ੍ਹਾਂ ਦੇ ਕਰਮ।ਦ੍ਰਿੜਾਏ-ਮਨ ਵਿਚ ਬਿਠਾਏ ਹੋਏ ਹਨ।ਭਵਜਲਿ-ਸੰਸਾਰ ਸਮੁੰਦਰ।ਦੂਜੈ ਭਾਇ-ਦੂਜੇ ਦਾ ਪਿਆਰ।੩।ਮੁਹਤਾਜੁ-ਲੋੜਵੰਦ; ਗੁਲਾਮ।ਬਿਖਿਆ-ਮਾਇਆ; ਵਿਸ਼ੇ ਵਿਕਾਰ।ਰਾਤਾ-ਰਚਿਆ ਹੈ; ਪ੍ਰੀਤਵਾਨ। ਜੇਵੜਾ-ਫਾਹਾ; ਰੱਸਾ।ਸੰਤਾਵੈ-ਦੁਖ ਦੇਂਦਾ ਹੈ।੪।

ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ ਹਉਮੈ ਦੂਜਾ ਸਬਦਿ ਜਲਾਵੈ ॥ ਨਾਮੇ ਰਾਤੇ ਹਰਿ ਗੁਣ ਗਾਵੈ ॥੫॥ ਜਮਕਾਲ ਗੁਰਮੁਖਾਂ ਦੇ ਨੇੜੇ ਨਹੀਂ ਆਉਂਦਾ।(ਕਿਉਂਕਿ ਗੁਰਮੁਖ ਗੁਰੂ ਦੇ) ਸ਼ਬਦ ਦੁਆਰਾ ਹਉਮੈ ਤੇ ਦੂਜੇ ਭਾਵ ਨੂੰ ਸਾੜ ਦੇਂਦੇ ਹਨ।(ਅਤੇ ਉਹ) ਨਾਮ ਵਿਚ ਰਚੇ ਹੋਏ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ।੫।

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ ਚਰਣੀ ਲਾਗੈ ਤਾ ਮਹਲੁ ਪਾਵੈ ॥ ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ ਮਾਇਆ ਦਾਸੀ ਬਣ ਕੇ ਭਗਤਾਂ ਦੀ ਸੇਵਾ ਕਮਾਉਂਦੀ ਹੈ।(ਕਿਉਂਕਿ ਜੇ ਮਾਇਆ ਭਗਤਾਂ ਦੇ) ਚਰਣੀ ਲਗੇ ਤਾਂ ਸਰੂਪ ਨੂੰ ਪ੍ਰਾਪਤ ਕਰਦੀ ਹੈ ਭਾਵ ਸਫਲ ਹੁੰਦੀ ਹੈ; (ਜਿਹੜਾ ਮਨੁੱਖ ਅਜੇਹੇ ਭਗਤਾਂ ਦੇ) ਚਰਣੀ ਲਗਦਾ ਹੈ, ਉਹ ਪ੍ਰਭੂ ਦਾ ਮਹਿਲ ਪਾ ਲੈਂਦਾ ਹੈ (ਸੰ. ਪੋ.; ਦਰਪਣ।ਫ.ਸ.; ਸੰ.ਸ. ਦੇ ਦੋਵੇਂ ਅਰਥ ਹਨ।ਅਜੇਹਾ ਪੁਰਖ) ਸਦਾ ਪਵਿਤ੍ਰ ਰਹਿੰਦਾ ਹੈ ਤੇ ਸਹਿਜ ਵਿਚ ਸਮਾ ਜਾਂਦਾ ਹੈ।੬।

ਹਰਿ ਕਥਾ ਸੁਣਹਿ, ਸੇ ਧਨਵੰਤ ਦਿਸਹਿ ਜੁਗ ਮਾਹੀ ॥ ਤਿਨ ਕਉ ਸਭਿ ਨਿਵਹਿ, ਅਨਦਿਨੁ ਪੂਜ ਕਰਾਹੀ ॥ ਸਹਜੇ ਗੁਣ ਰਵਹਿ ਸਾਚੇ, ਮਨ ਮਾਹੀ ॥੭॥ (ਜੋ ਪੁਰਖ) ਹਰੀ ਦੀ ਕਥਾ ਸੁਣਦੇ ਹਨ, ਉਹ ਕਲਜੁਗ ਵਿਚ ਧਨਾਢ ਦਿਸਦੇ ਹਨ।ਉਨ੍ਹਾਂ ਨੂੰ ਸਭ ਲੋਕ ਨਿੰਵਦੇ ਹਨ ਅਤੇ ਹਰ ਰੋਜ (ਉਨ੍ਹਾਂ ਦੀ) ਪੂਜਾ ਕਰਦੇ ਹਨ।(ਉਹ) ਸੁਭਾਵਕ ਹੀ ਮਨ ਵਿਚ ਸੱਚੇ ਪ੍ਰਭੂ ਦੇ ਗੁਣ ਗਾਉਂਦੇ ਹਨ।੭।

ਪੂਰੈ ਸਤਿਗੁਰਿ ਸਬਦੁ ਸੁਣਾਇਆ ॥ ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ ਨਾਨਕ ਹਉਮੈ ਮਾਰਿ, ਬ੍ਰਹਮ ਮਿਲਾਇਆ ॥੮॥੪॥ (ਜਿਸ ਮਨੁੱਖ ਨੂੰ) ਪੂਰੇ ਸਤਿਗੁਰੂ ਨੇ ਸ਼ਬਦ ਸੁਣਾਇਆ (ਉਪਦੇਸ ਦਿਤਾ) ਹੈ।(ਉਸ ਨੇ) ਤਿੰਨਾਂ ਗੁਣਾਂ ਨੂੰ ਮਿਟਾ ਕੇ ਚੌਥੇ ਪਦ ਵਿਚ ਚਿਤ ਲਾਇਆ ਹੈ।ਗੁਰੂ ਜੀ ਆਖਦੇ ਹਨ ਕਿ (ਉਸ ਪੁਰਖ ਨੇ ਸ਼ਬਦ ਦੀ ਬਰਕਤ ਨਾਲ) ਹਉਮੈ ਨੂੰ ਮਾਰ ਕੇ (ਅਪਣੇ ਆਪ ਨੂੰ) ਬ੍ਰਹਮ ਨਾਲ ਮਿਲਾ ਲਿਆ ਹੈ।੮।੪।

ਪਦਾਰਥ = ਦੂਜਾ-ਦ੍ਵੈਤ ਭਾਵ।ਨਾਮੇ ਰਾਤੇ-ਨਾਮ ਵਿਚ ਰੰਗੇ ਹੋਏ।੫।ਕਾਰ-ਸੇਵਾ।ਮਹਲੁ-ਪ੍ਰਭੂ ਦਾ ਨਿਵਾਸ।ਸਹਜਿ-ਸਹਿਜ ਅਵਸਥਾ ਵਿਚ।ਸਮਾਵੈ-ਲੀਨ ਹੁੰਦਾ ਹੈ।੬।ਸੇ-ਉਹ।ਧਨਵੰਤ-ਧਨਾਢ।ਜੁਗ ਮਾਹੀ-ਕਲਜੁਗ; ਜਗਤ ਵਿਚ।ਨਿਵਹਿ-ਝੁਕਦੇ ਹਨ। ਪੂਜ-ਪੂਜਾ; ਸਤਿਕਾਰ।ਸਹਜੇ-ਸੁਭਾਵਕ।ਰਵਹਿ-ਗਾਉਂਦੇ ਹਨ।੭।ਚਉਥੈ-ਤਿੰਨਾਂ ਗੁਣਾਂ ਤੋਂ ਉਪਰ ਗਿਆਨ ਅਵਸਥਾ।੮।੪।

ਗਉੜੀ ਮਹਲਾ ੩ ॥ ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ,ਆਪੁ ਨ ਪਛਾਣੈ ॥ ਤਾ ਪ੍ਰਭੁ ਪਾਏ, ਗੁਰ ਸਬਦੁ ਵਖਾਣੈ

All Rights Reserved by Harjinder Singh Gyani | www.GuruGranthVakhyaan.org

॥੧॥ ਬ੍ਰਹਮਾ ਦਾ ਰਚਿਆ ਵੇਦ (ਪੰਡਤ) ਪੜ੍ਹਦਾ ਹੈ, (ਪਰ ਪੜ੍ਹ ਕੇ) ਵਾਦ ਵਿਵਾਦ ਹੀ ਬਿਆਨ ਕਰਦਾ ਹੈ।(ਕਿਉਂਕਿ ਉਸਦੇ) ਅੰਦਰ ਤਮੋ ਗੁਣ ਬਿਰਤੀ ਹੈ, (ਜਿਸ ਕਰਕੇ ਉਹ) ਅਪਣੇ ਆਪ ਨੂੰ ਨਹੀਂ ਪਛਾਣਦਾ।(ਪਰ ਜੇ ਉਹ ਪੰਡਤ) ਗੁਰੂ ਦੇ ਸ਼ਬਦ ਨੂੰ ਉਚਾਰਣ ਕਰੇ, ਤਾਂ ਪ੍ਰਭੂ ਨੂੰ ਪ੍ਰਾਪਤ ਕਰ ਲਵੇਗਾ।੧।

ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਏ ॥ ਮਨਮੁਖ ਖਾਧੇ ਦੂਜੈ ਭਾਇ ॥੧॥ਰਹਾਉ॥ (ਹੇ ਪੰਡਤ ਜੀ!) ਗੁਰੂ ਦੀ ਸੇਵਾ ਕਰੋ, ਫਿਰ ਕਾਲ ਨਹੀਂ ਖਾਏਗਾ।(ਗੁਰੂ ਦੀ ਸੇਵਾ ਤੋਂ ਬਿਨਾ) ਦੂਜੇ ਭਾਵ ਵਿਚ ਲੱਗੇ ਹੋਣ ਕਰਕੇ ਮਨਮੁਖ ਕਾਲ ਨੇ ਖਾ ਲਏ ਹਨ।੧।ਰਹਾਉ।

ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ ਗੁਰ ਕੈ ਸਬਦਿ, ਅੰਤਰਿ ਸਹਜਿ ਰੀਧੇ ॥ ਮੇਰਾ ਪ੍ਰਭੁ ਪਾਇਆ, ਗੁਰ ਕੈ ਸਬਦਿ ਸੀਧੇ ॥੨॥ ਗੁਰੂ ਦੀ ਸ਼ਰਣ ਵਿਚ ਪੈ ਕੇ ਅਪਰਾਧੀ ਮਨੁੱਖ ਵੀ ਸਫਲ ਹੋ ਗਏ ਹਨ।(ਉਹ) ਗੁਰੂ ਦੇ ਸ਼ਬਦ ਦੁਆਰਾ ਸਹਿਜ ਅਵਸਥਾ ਵਿਚ ਰੀਝ ਗਏ ਹਨ।(ਉਹ ਜਦ) ਗੁਰੂ ਦੇ ਸ਼ਬਦ ਦੁਆਰਾ ਸਫਲ ਹੋ ਗਏ ਤਾਂ ਮੇਰਾ ਪ੍ਰਭੂ (ਉਨ੍ਹਾਂ ਨੇ) ਪਾ ਲਿਆ।੨।

ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ (ਜੋ ਮਨੁੱਖ) ਸਤਿਗੁਰੂ ਨੇ (ਅਪਣੇ ਨਾਲ) ਮੇਲ ਲਏ ਹਨ, (ਉਹ) ਪ੍ਰਭੂ ਨੇ ਆਪ ਅਪਣੇ ਨਾਲ ਮਿਲਾ ਲਏ ਹਨ।ਅਤੇ ਮੇਰੇ ਸੱਚੇ ਪ੍ਰਭੂ ਦੇ ਮਨ ਵਿਚ ਪਿਆਰੇ ਲੱਗੇ ਹਨ।(ਹੁਣ ਉਹ) ਸੁਤੇ ਸਿੱਧ ਹਰੀ ਦੇ ਗੁਣ ਗਾਉਂਦੇ ਹਨ।੩।

ਬਿਨੁ ਗੁਰ ਸਾਚੇ ਭਰਮਿ ਭੁਲਾਏ ॥ ਮਨਮੁਖ ਅੰਧੇ ਸਦਾ ਬਿਖੁ ਖਾਏ ॥ ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ ਸੱਚੇ ਗੁਰੂ ਤੋਂ ਬਿਨਾ (ਮਨੁੱਖ) ਭਰਮ ਵਿਚ ਭੁੱਲੇ ਹੋਏ ਹਨ; (ਜੋ ਮਨੁੱਖ) ਗੁਰੂ ਤੋਂ ਬਿਨਾ ਹਨ, ਉਹ ਸੱਚੇ ਪ੍ਰਭੂ ਨੇ ਭਰਮ ਵਿਚ ਭੁਲਾਏ ਹੋਏ ਹਨ (ਸੰ.ਸ.; ਫ.ਸ.।ਅਜੇਹੇ ਗਿਆਨ ਦੀਆਂ ਅੱਖਾਂ ਤੋਂ) ਅੰਨ੍ਹੇ ਮਨਮੁਖ ਸਦਾ ਹੀ ਵਿਸ਼ਿਆਂ ਰੂਪ ਜਹਿਰ ਖਾਂਦੇ ਹਨ।(ਇਸਦਾ ਨਤੀਜਾ ਇਹ ਹੁੰਦਾ ਹੈ ਕਿ ਉਹ) ਜਮ ਦਾ ਡੰਡਾ ਸਹਿੰਦੇ ਹਨ ਤੇ (ਜਨਮ ਮਰਣ ਦਾ) ਦੁਖ ਪਾਉਂਦੇ ਹਨ।੪।

ਜਮੂਆ ਨ ਜੋਹੈ ਹਰਿ ਸਰਣਾਈ ॥ ਹਉਮੈ ਮਾਰਿ ਸਚਿ ਲਿਵ ਲਾਈ ॥ ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ (ਜਿਹੜਾ ਮਨੁੱਖ) ਹਰੀ ਦੀ ਸ਼ਰਣ ਵਿਚ ਆ ਜਾਂਦਾ ਹੈ, ਜਮ ਉਸ ਵੱਲ ਤੱਕ ਨਹੀਂ ਸਕਦਾ।(ਕਿਉਂਕਿ ਉਸ ਨੇ) ਹਉਮੈ ਨੂੰ ਮਾਰ ਕੇ ਸੱਚੇ ਪ੍ਰਭੂ ਵਿਚ ਲਿਵ ਲਾਈ ਹੁੰਦੀ ਹੈ।(ਉਹ) ਸਦਾ ਹੀ ਹਰੀ ਦੇ ਨਾਮ ਵਿਚ ਲਿਵ ਲਾਈ ਰਖਦਾ ਹੈ।੫।

ਸਤਿਗੁਰੁ ਸੇਵਹਿ, ਸੇ ਜਨ ਨਿਰਮਲ ਪਵਿਤਾ ॥ ਮਨ ਸਿਉ ਮਨੁ ਮਿਲਾਇ, ਸਭੁ ਜਗੁ ਜੀਤਾ ॥ ਇਨ ਬਿਧਿ ਕੁਸਲੁ ਤੇਰੈ, ਮੇਰੇ ਮੀਤਾ ॥੬॥ (ਜੋ ਪੁਰਖ) ਸਤਿਗੁਰੂ ਨੂੰ ਸੇਵਦੇ ਹਨ, ਉਹ ਮਨੁੱਖ (ਹਉਮੈ ਦੀ) ਮੈਲ ਤੋਂ ਰਹਿਤ ਤੇ (ਸਰੀਰ ਕਰਕੇ ਵੀ) ਪਵਿਤ੍ਰ ਹਨ। (ਕਿਉਂਕਿ ਉਨ੍ਹਾਂ ਨੇ ਸਤਿਗੁਰੂ ਦੇ ਜੋਤ ਰੂਪ) ਮਨ ਨਾਲ ਅਪਣੇ ਮਨ ਨੂੰ ਮਿਲਾ ਕੇ ਸਾਰੇ ਜਗਤ ਨੂੰ ਜਿਤ ਲਿਆ ਹੈ।ਹੇ ਮੇਰੇ ਮਿਤ੍ਰ! (ਜੇ ਤੂੰ ਗੁਰੂ ਦੀ ਸ਼ਰਣ ਵਿਚ ਆ ਜਾਵੇਂ) ਇਸ ਤਰੀਕੇ ਨਾਲ ਤੇਰੇ ਹਿਰਦੇ ਅੰਦਰ ਵੀ ਅਨੰਦ ਪ੍ਰਾਪਤ ਹੋਵੇਗਾ।੬।

ਸਤਿਗੁਰੂ ਸੇਵੇ ਸੋ ਫਲੁ ਪਾਏ ॥ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ਅਨਹਦ ਬਾਣੀ ਸਬਦੁ ਵਜਾਏ ॥੭॥ (ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਉਹ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ।ਅਤੇ ਹਿਰਦੇ ਵਿਚ ਨਾਮ ਵਸਾ ਕੇ ਮਨ ਵਿਚਹੁ ਆਪਾ ਭਾਵ ਗੁਆ ਦੇਂਦਾ ਹੈ।ਗੁਰਬਾਣੀ ਦਾ ਸ਼ਬਦ (ਅਪਣੇ ਆਪ ਉਸਦੇ ਹਿਰਦੇ ਅੰਦਰ) ਲਗਾਤਾਰ ਗੂੰਜਣ ਲਗ ਜਾਂਦਾ ਹੈ।੭।

ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥ ਭਗਤੀ ਸੀਧੇ ਦਰਿ ਸੋਭਾ ਪਾਈ ॥ ਨਾਨਕ ਰਾਮ ਨਾਮਿ ਵਡਿਆਈ ॥੮॥੫॥ ਹੇ ਮੇਰੇ ਭਾਈ! ਸਤਿਗੁਰੂ ਤੋਂ ਕੌਣ ਕੌਣ (ਪਾਪੀ ਮਨੁੱਖ) ਨਹੀਂ ਸੁਧਰਿਆ? (ਜੋ ਮਨੁੱਖ) ਭਗਤੀ ਕਰਕੇ ਸੁਧਰ ਗਏ ਹਨ, ਉਨ੍ਹਾਂ ਨੇ ਪ੍ਰਭੂ ਦੇ ਦਰ ਤੇ ਸੋਭਾ ਪਾਈ ਹੈ।ਹੇ ਨਾਨਕ! (ਇਹ) ਵਡਿਆਈ ਵਾਹਿਗੁਰੂ ਦੇ ਨਾਮ ਦੁਆਰਾ ਮਿਲਦੀ ਹੈ।੮।੫।

ਪਦਾਰਥ = ਬ੍ਰਹਮਾ ਵੇਦੁ-ਬ੍ਰਹਮਾ ਦਾ ਉਚਾਰਿਆ ਵੇਦ।ਵਾਦੁ-ਵਾਦ ਵਿਵਾਦ; ਬਹਿਸ।ਵਖਾਣੈ-ਬਿਆਨ ਕਰਦਾ ਹੈ।ਤਾਮਸੁ-ਤਮੋ ਗੁਣ ਵਾਲਾ ਸੁਭਾਵ; ਕ੍ਰੋਧ; ਹਨ੍ਹੇਰਾ।ਆਪੁ-ਆਪਣੇ ਆਪ ਨੂੰ।ਤਾ-ਤਦ।੧।ਫਿਰਿ-ਮੁੜ ਦੁਬਾਰਾ।ਦੂਜੈ ਭਾਇ-ਦੂਜੇ ਇਸ਼ਟ ਦਾ ਪ੍ਰੇਮ।੧।ਰਹਾਉ।ਅਪਰਾਧੀ-ਪਾਪੀ।ਸੀਧੇ-ਸਫਲ; ਮੁਕਤ ਹੋਏ; ਸੁਧਰ ਗਏ।ਰੀਧੇ-ਰੀਝ ਗਏ; ਮਿਲ ਗਏ।੨।ਭਾਏ-ਚੰਗੇ ਲਗੇ ਹਨ।ਸਹਜਿ ਸੁਭਾਏ-ਸੁਤੇ ਸਿੱਧ; ਸਹਿਜ ਸੁਭਾਵਕ।੩।ਬਿਖੁ-ਵਿਸ਼ਿਆਂ ਦੀ ਜਹਿਰ।ਡੰਡੁ-ਡੰਡਾ; ਸਜਾ।ਸਹਹਿ-ਸਹਿੰਦੇ ਹਨ।੪। ਜਮੂਆ-ਜਮ।ਨ ਜੋਹੈ-ਤੱਕ ਨਹੀਂ ਸਕਦਾ।੫।ਸੇਵਹਿ-ਸੇਵਾ ਕਰਦੇ ਹਨ।ਸੇ-ਉਹ।ਸਿਉ-ਨਾਲ।ਇਨ ਬਿਧਿ-ਇਸ ਤਰੀਕੇ ਨਾਲ।ਕੁਸਲੁ-ਸੁਖ ਅਨੰਦ।੬।ਸੋ-ਉਹ।ਆਪੁ-ਆਪਾ ਭਾਵ; ਅਪਣੱਤ।ਅਨਹਦ-ਲਗਾਤਾਰ; ਇਕ ਰਸ।ਵਜਾਏ-ਗੂੰਜਦਾ (ਵਜਦਾ) ਹੈ।੭।ਤੇ-ਤੋਂ।ਕਵਨੁ ਕਵਨੁ-ਕੌਣ ਕੌਣ।ਸੀਧੋ-ਸੁਧਰਿਆ; ਮੁਕਤ ਹੋਇਆ।ਦਰਿ-ਰੱਬ ਦੇ ਦਰ ਤੇ।੮।੫।

ਗਉੜੀ ਮਹਲਾ ੩ ॥ ਤ੍ਰੈ ਗੁਣ ਵਖਾਣੈ, ਭਰਮੁ ਨ ਜਾਇ ॥ ਬੰਧਨ ਨ ਤੂਟਹਿ, ਮੁਕਤਿ ਨ ਪਾਇ ॥ ਮੁਕਤਿ ਦਾਤਾ ਸਤਿਗੁਰੁ ,ਜੁਗ ਮਾਹਿ ॥੧॥ (ਵੇਦ ਪੜ੍ਹ ਕੇ ਪੰਡਤ ਰਜ, ਸਤ ਤੇ ਤਮੋ) ਤਿੰਨਾਂ ਗੁਣਾਂ ਦਾ ਹੀ ਵਖਿਆਨ ਕਰਦਾ ਹੈ, (ਜਿਸ ਕਰਕੇ ਉਸਦਾ) ਭਰਮ

All Rights Reserved by Harjinder Singh Gyani | www.GuruGranthVakhyaan.org

ਜਾਂਦਾ ਨਹੀਂ।(ਭਰਮ ਦੂਰ ਨਾ ਹੋਣ ਕਰਕੇ ਮਾਇਆ ਦੇ) ਬੰਧਨ ਨਹੀਂ ਟੁੱਟਦੇ ਤੇ (ਬੰਧਨ ਨਾ ਟੁੱਟਣ ਕਰਕੇ) ਮੁਕਤੀ ਪ੍ਰਾਪਤ ਨਹੀਂ ਹੁੰਦੀ।ਕਲਜੁਗ ਵਿਚ ਮੁਕਤੀ ਦਾ ਦਾਤਾ ਸਤਿਗੁਰੂ (ਨਾਨਕ ਦੇਵ ਜੀ) ਹੈ।੧।

ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ ਸਹਜ ਧੁਨਿ ਉਪਜੈ, ਹਰਿ ਲਿਵ ਲਾਇ ॥੧॥ਰਹਾਉ॥ (ਜਿਹੜਾ) ਮਨੁੱਖ ਗੁਰੂ ਦੁਆਰਾ ਭਰਮ ਨੂੰ ਦੂਰ ਕਰ ਦੇਂਦਾ ਹੈ।ਅਤੇ ਹਰੀ ਵਿਚ ਬਿਰਤੀ ਜੋੜਦਾ ਹੈ, (ਉਸ ਦੇ ਅੰਦਰ) ਆਪ ਮੁਹਾਰੇ ਨਾਮ ਸਿਮਰਣ ਦੀ ਧੁਨ ਉਤਪਨ ਹੋ ਜਾਂਦੀ ਹੈ।੧।ਰਹਾਉ।

ਅੰਗ ੨੩੨ = ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ ਨਾਮੁ ਨ ਚੇਤਹਿ ਉਪਾਵਣਹਾਰਾ ॥ ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ ਤ੍ਰੈ ਗੁਣਾਂ ਵਾਲੇ ਮਨੁੱਖਾਂ ਦੇ ਸਿਰ ਉਤੇ ਕਾਲ ਦੀ ਹੁਕਮ ਰੂਪ ਕਾਰ ਹੈ (ਭਾਵ ਕਾਲ ਦੇ ਅਧੀਨ ਹਨ।ਕਿਉਂਕਿ ਉਹ) ਪੈਦਾ ਕਰਨ ਵਾਲੇ ਪ੍ਰਭੂ ਦਾ ਨਾਮ ਯਾਦ ਨਹੀਂ ਕਰਦੇ।(ਇਸ ਲਈ) ਮੁੜ ਬਾਰ ਬਾਰ ਮਰਦੇ ਜੰਮਦੇ ਰਹਿੰਦੇ ਹਨ।੨।

ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ, ਬਿਖੁ ਮਾਹਿ ਸਮਾਈ ॥੩॥ (ਗਿਆਨ ਦੀਆਂ ਅੱਖਾਂ ਤੋਂ) ਅੰਨ੍ਹੇ ਗੁਰੂ ਤੋਂ ਭਰਮ ਦੂਰ ਨਹੀਂ ਜਾਂਦਾ।(ਕਿਉਂਕਿ ਅਜੇਹਾ ਬ੍ਰਾਹਮਣ ਗੁਰੂ) ਮੂਲ ਰੂਪ ਵਾਹਿਗੁਰੂ ਨੂੰ ਛਡ ਕੇ ਦੂਜੇ ਦੇ ਪ੍ਰੇਮ ਵਿਚ ਲਗਾ ਹੁੰਦਾ ਹੈ।(ਉਹ ਗੁਰੂ) ਬਿਖ ਰੂਪ ਮਾਇਆ ਦਾ ਮੱਤਾ ਹੋਇਆ ਬਿਖ ਰੂਪ ਮਾਇਆ ਵਿਚ ਹੀ ਮਗਨ ਰਹਿੰਦਾ ਹੈ।੩।

ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ ਹਰਿ ਜੀਉ ਵਿਸਰਿਆ ਦੂਜੈ ਭਾਇ ॥ ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥ ਮਾਇਆ ਨੂੰ ਮੂਲ ਸਮਝ ਕੇ ਜੀਵ ਭਰਮ ਗਏ ਹਨ (ਸ਼ਬਦਾਰਥ); ਮਾਇਆ ਨੂੰ ਸੰਸਾਰ ਦਾ ਮੂਲ ਬਣਾ ਕਰਕੇ (ਰੱਬ ਨੇ ਮਾਨੋ ਇਕ) ਜੰਤ੍ਰ ਬਣਾਇਆ ਹੈ (ਉਸ ਵਿਚ ਸਾਰੇ ਜੀਵ) ਘੁਮਾਏ ਜਾ ਰਹੇ ਹਨ (ਸੰ.ਪੋ.)।ਦੁਐਤ ਭਾਵ ਵਿਚ ਪਏ ਹੋਣ ਕਰਕੇ (ਉਨ੍ਹਾਂ ਨੂੰ) ਹਰੀ ਭੁੱਲਿਆ ਹੋਇਆ ਹੈ।(ਪਰ) ਜਿਸ ਮਨੁੱਖ ਉਪਰ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਪਰਮ ਗਤੀ ਪਾ ਲੈਂਦਾ ਹੈ।੪।

ਪਦਾਰਥ = ਤ੍ਰੈ ਗੁਣ-ਤਿੰਨ (ਰਜ, ਸਤ ਤੇ ਤਮੋ) ਗੁਣਾਂ ਦੀ।ਜੁਗ ਮਾਹਿ-ਕਲਜੁਗ ਵਿਚ; ਜਗਤ ਵਿਚ।੧।ਸਹਜ ਧੁਨਿ-ਨਾਮ ਸਿਮਰਣ ਦੀ ਅਖੰਡ ਧੁਨੀ (ਨਾਮ ਸਿਮਰਨ ਦੀ ਉਹ ਅਵਸਥਾ ਜੋ ਹਿਰਦੇ ਵਿਚ ਆਪ ਮੁਹਾਰੇ ਹੋਣ ਲਗ ਜਾਂਦੀ ਹੈ)।ਲਿਵ-ਬਿਰਤੀ ਦੀ ਇਕਾਗ੍ਰਤਾ।੧।ਰਹਾਉ।ਕਾਲੈ ਕੀ-ਕਾਲ ਦੀ।ਸਿਰਿ ਕਾਰਾ-ਸਿਰ ਉਤੇ ਹੁਕਮ ਰੂਪ ਕਾਰ ਹੈ।ਫਿਰਿ-ਮੁੜ।ਵਾਰੋ ਵਾਰਾ-ਬਾਰ ਬਾਰ।੨।ਤੇ-ਤੋਂ।ਮੂਲੁ-ਜਗਤ ਦਾ ਮੂਲ ਵਾਹਿਗੁਰੂ।ਦੂਜੈ ਭਾਈ-ਦੁਐਤ ਭਾਵ ਵਿਚ।ਬਿਖੁ-ਵਿਹੁ ਰੂਪ ਮਾਇਆ।ਮਾਤਾ-ਮਸਤ (ਮਗਨ) ਹੋਇਆ।ਸਮਾਈ-ਮਗਨ (ਲੀਨ) ਹੈ।੩।ਮੂਲੁ ਜੰਤ੍ਰ-ਮਾਇਆ; ਚੇਤਨ ਸੱਤਾ; ਸਭ ਨੂੰ ਚਲਾਉਣ ਵਾਲੀ ਮਸ਼ੀਨ (ਮ.ਕੋ.); ਚੰਡੋਲ। ਨਦਰਿ-ਮੇਹਰ ਦੀ ਨਜਰ।ਸੋ-ਉਹ।ਪਰਮ ਗਤਿ-ਸਭ ਤੋਂ ਉਚੀ ਆਤਮਕ ਅਵਸਥਾ; ਮੁਕਤੀ।੪।

ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ ਸਾਚੁ ਨ ਛਪੈ ਜੇ ਕੋ ਰਖੈ ਛਪਾਇ ॥ ਗਿਆਨੀ ਬੂਝਹਿ ਸਹਜਿ ਸੁਭਾਏ ॥੫॥ (ਜਿਸ ਮਨੁੱਖ ਦੇ) ਅੰਦਰ ਸੱਚਾ ਪ੍ਰਭੂ ਵਸਦਾ ਹੈ, ਉਹ ਬਾਹਰ ਵੀ ਸੱਚ ਹੀ ਵਰਤਾਉਂਦਾ ਹੈ (ਸੱਚ ਹੀ ਵੰਡਦਾ ਹੈ) ਭਾਵ ਸੱਚ ਦਾ ਉਪਦੇਸ਼ ਕਰਦਾ ਹੈ।ਜੇ ਕੋਈ ਮਨੁੱਖ ਸੱਚ ਨੂੰ ਛੁਪਾ ਕੇ ਰੱਖੇ ਤਾਂ ਸੱਚ ਛੁਪਦਾ ਨਹੀਂ।ਅਜੇਹੇ ਗਿਆਨੀ ਸੁਤੇ ਸਿੱਧ ਪ੍ਰਭੂ ਨੂੰ ਜਾਣ ਲੈਂਦੇ ਹਨ।੫।

ਗੁਰਮੁਖਿ ਸਾਚਿ ਰਹਿਆ ਲਿਵ ਲਾਇ ॥ ਹਉਮੈ ਮਾਇਆ ਸਬਦਿ ਜਲਾਏ ॥ ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ (ਅਜੇਹਾ) ਗੁਰਮੁਖ ਸੱਚ ਸਰੂਪ ਪ੍ਰਭੂ ਵਿਚ ਲਿਵ ਲਾਈ ਰਖਦਾ ਹੈ।(ਉਹ ਗੁਰੂ ਦੇ) ਸ਼ਬਦ ਦੁਆਰਾ ਮਾਇਆ ਦੀ ਹਉਮੈ ਨੂੰ ਸਾੜ ਦੇਂਦਾ ਹੈ। (ਉਸ ਗੁਰਮੁਖ ਨੂੰ) ਮੇਰਾ ਸੱਚਾ ਪ੍ਰਭੂ ਅਪਣੇ ਮੇਲ ਵਿਚ ਮਿਲ ਲੈਂਦਾ ਹੈ।੬।

ਸਤਿਗੁਰੁ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥ (ਜਿਸ ਸਿੱਖ ਨੂੰ ਨਾਮ ਦਾ) ਦਾਤਾ ਸਤਿਗੁਰੂ ਉਪਦੇਸ ਸੁਣਾਉਂਦਾ ਹੈ।(ਉਹ ਸਿੱਖ ਸ਼ਬਦ ਸੁਣ ਕੇ) ਦੌੜਦੇ ਮਨ ਨੂੰ ਰੋਕ ਰੱਖਦਾ ਹੈ ਤੇ (ਇੰਦ੍ਰੀਆਂ ਨੂੰ ਵੀ ਭੋਗਾਂ ਤੋਂ) ਰੋਕ ਕੇ ਰਖਦਾ ਹੈ।(ਉਹ ਇਸ ਤਰ੍ਹਾਂ ਦੀ) ਸੋਝੀ ਪੂਰੇ ਗੁਰੂ ਤੋਂ ਪ੍ਰਾਪਤ ਕਰਦਾ ਹੈ।੭।

ਆਪੇ ਕਰਤਾ, ਸ੍ਰਿਸਟਿ ਸਿਰਜਿ ਜਿਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥ ਹੇ ਨਾਨਕ! ਕੋਈ ਗੁਰਮੁਖ ਹੀ ਸਮਝਦਾ ਹੈ (ਕਿ ਪ੍ਰਭੂ) ਆਪ ਹੀ ਕਰਤਾ ਹੈ ਤੇ ਜਿਸ ਨੇ ਸ੍ਰਿਸਟੀ ਪੈਦਾ ਕਰਕੇ (ਅਨੇਕਾਂ ਵਾਰੀ ਇਹ) ਨਾਸ ਕੀਤੀ ਹੈ।ਉਸ ਤੋਂ ਬਿਨਾ ਦੂਜਾ ਹੋਰ ਕੋਈ (ਪੈਦਾ ਕਰਨ ਵਾਲਾ ਤੇ ਨਾਸ਼ ਕਰਨ ਵਾਲਾ) ਹੈ ਹੀ ਨਹੀਂ।੮।੬।

ਪਦਾਰਥ = ਅੰਤਰਿ-ਹਿਰਦੇ ਅੰਦਰ।ਬਾਹਰਿ-ਬਾਹਰ ਜਗਤ ਵਿਚ।ਜੇ ਕੋ-ਜੇ ਕੋਈ ਮਨੁੱਖ।ਸਹਜਿ ਸੁਭਾਏ-ਸਹਿਜ ਸੁਭਾਵਕ।੫। ਹਉਮੈ ਮਾਇਆ-ਮਾਇਆ ਦਾ ਹੰਕਾਰ; ਹਉਮੈ ਰੂਪ ਮਾਇਆ; ਹਉਮੈ ਤੇ ਮਾਇਆ ਦਾ ਮੋਹ।੬।ਧਾਵਤੁ-ਦੌੜਦੇ ਮਨ ਨੂੰ।ਠਾਕਿ ਰਹਾਏ-ਰੋਕ ਕੇ ਰਖਦਾ ਹੈ।ਤੇ-ਤੋਂ।ਸੋਝੀ-ਸਮਝ; ਗਿਆਨ।੭।ਕਰਤਾ-ਸਿਰਜਨਹਾਰ।ਸਿਰਜਿ-ਪੈਦਾ ਕਰਕੇ।ਜਿਨਿ-ਜਿਸ ਨੇ। ਗੋਈ-ਨਾਸ਼ ਕੀਤੀ।ਦੂਜਾ ਅਵਰੁ-ਹੋਰ ਦੂਜਾ।੮।੬।

All Rights Reserved by Harjinder Singh Gyani | www.GuruGranthVakhyaan.org

ਗਉੜੀ ਮਹਲਾ ੩ ॥ ਨਾਮੁ ਅਮੋਲਕੁ ਗੁਰਮੁਖਿ ਪਾਵੈ ॥ ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥ ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ ਜਿਸ ਨੋ ਕ੍ਰਿਪਾ ਕਰੇ, ਸੋ ਹਰਿ ਰਸੁ ਪਾਵੈ ॥੧॥ (ਜਿਹੜਾ ਪੁਰਖ ਪ੍ਰਮਾਤਮਾ ਦਾ) ਅਮੋਲਕ ਨਾਮ ਗੁਰੂ ਦੁਆਰਾ ਪ੍ਰਾਪਤ ਕਰਦਾ ਹੈ। (ਉਹ) ਨਾਮ ਹੀ ਸਿਮਰਦਾ ਹੈ ਤੇ ਨਾਮ ਦੁਆਰਾ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।ਅਤੇ ਪ੍ਰਭੂ ਦਾ ਅੰਮ੍ਰਿਤ ਨਾਮ ਰਸਨਾ ਨਾਲ ਸਦਾ ਗਾਉਂਦਾ ਰਹਿੰਦਾ ਹੈ।ਜਿਸ ਪੁਰਖ ਨੂੰ (ਉਤੇ ਵਾਹਿਗੁਰੂ) ਕ੍ਰਿਪਾ ਕਰਦਾ ਹੈ, ਉਹ ਵਾਹਿਗੁਰੂ ਦਾ ਨਾਮ ਰਸ ਪਾਉਂਦਾ ਹੈ।੧।

ਅਨਦਿਨੁ ਹਿਰਦੈ ਜਪਉ ਜਗਦੀਸਾ ॥ ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥੧॥ਰਹਾਉ॥ (ਹੇ ਭਾਈ! ਤੁਸੀਂ ਵੀ) ਹਿਰਦੇ ਵਿਚ ਹਰ ਰੋਜ ਜਗਤ ਦੇ ਮਾਲਕ ਵਾਹਿਗੁਰੂ ਨੂੰ ਜਪੋ।(ਇਉਂ) ਗੁਰਮੁਖ ਬਣ ਕੇ ਆਤਮਕ ਸੁਖ ਤੇ ਪਰਮ ਪਦ ਪ੍ਰਾਪਤ ਕਰ ਲਵੋ।੧।ਰਹਾਉ।

ਹਿਰਦੈ ਸੁਖੁ ਭਇਆ ਪਰਗਾਸੁ ॥ ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥ ਦਾਸਨਿ ਦਾਸ ਨਿਤ ਹੋਵਹਿ ਦਾਸੁ ॥ ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥ (ਜਿਨ੍ਹਾਂ ਦੇ) ਹਿਰਦੇ ਵਿਚ ਸੁੱਖ ਤੇ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ।(ਉਹ) ਗੁਰਮੁਖ ਸੱਚ ਸਰੂਪ ਤੇ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਗਾਉਂਦੇ ਰਹਿੰਦੇ ਹਨ।ਅਤੇ ਸਦਾ ਵਾਹਿਗੁਰੂ ਦੇ ਦਾਸਾਂ ਦੇ ਦਾਸ ਦਾ ਦਾਸ ਹੋ ਜਾਂਦਾ ਹੈ।(ਉਹ) ਗ੍ਰਿਹਸਤ ਤੇ ਪ੍ਰਵਾਰ ਵਿਚ ਵੀ ਰਹਿੰਦਾ ਹੋਇਆ ਸਦਾ (ਮਾਇਆ ਦੇ ਮੋਹ ਤੋਂ) ਉਪਰਾਮ ਰਹਿੰਦਾ ਹੈ।੨।

ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ ਕੋਈ ਗੁਰਮੁਖ ਜੀਵਨ ਮੁਕਤ ਹੁੰਦਾ ਹੈ।ਉਹ (ਗੁਰਮੁਖ) ਹੀ ਪਰਮ ਪਦਾਰਥ ਪ੍ਰਾਪਤ ਕਰਦਾ ਹੈ।(ਐਸਾ ਗੁਰਮੁਖ) ਤਿੰਨ ਗੁਣਾਂ ਨੂੰ ਮਿਟਾ ਕੇ ਨਿਰਮਲ ਹੋ ਜਾਂਦਾ ਹੈ।ਅਤੇ ਸਹਜੇ ਹੀ ਸੱਚ ਦੁਆਰਾ ਉਹ ਪ੍ਰਭੂ ਮਿਲ ਪੈਂਦਾ ਹੈ।੩।

ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ ਜਾ ਹਿਰਦੈ ਵਸਿਆ ਸਚੁ ਸੋਇ ॥ ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥ ਜਦ (ਗੁਰਮੁਖ) ਦੇ ਹਿਰਦੇ ਵਿਚ ਉਹ ਸੱਚ ਸਰੂਪ ਪ੍ਰਭੂ ਵਸ ਜਾਂਦਾ ਹੈ ਤਾਂ ਪ੍ਰਵਾਰ ਨਾਲ ਮੋਹ ਤੇ ਮਾਇਆ ਦੀ ਪ੍ਰੀਤ ਨਹੀਂ ਰਹਿੰਦੀ ਹੁੰਦੀ।(ਕਿਉਂਕਿ) ਗੁਰਮੁਖ ਦਾ ਮਨ (ਹਰੀ ਦੇ ਪ੍ਰੇਮ ਨਾਲ) ਵਿੰਨ੍ਹਿਆ ਜਾਂਦਾ ਹੈ ਤੇ ਸਥਿਰ ਹੋ ਜਾਂਦਾ ਹੈ।(ਜੋ ਮਨੁੱਖ ਰੱਬੀ) ਹੁਕਮ ਨੂੰ ਪਛਾਣਦਾ ਹੈ, ਉਹ ਸੱਚ ਸਰੂਪ ਪ੍ਰਭੂ ਨੂੰ ਜਾਣ ਲੈਂਦਾ ਹੈ।੪।

ਪਦਾਰਥ = ਸੇਵੇ–ਸਿਮਰਦਾ ਹੈ।ਸਹਜਿ–ਸਹਿਜ ਅਵਸਥਾ।ਰਸਨਾ–ਜੀਭ ਨਾਲ।ਸੋ–ਉਹ।੧।ਅਨਦਿਨ–ਹਰ ਰੋਜ; ਹਰ ਵੇਲੇ।ਹਿਰਦੈ –ਹਿਰਦੇ ਵਿਚ।ਜਪਉ–ਜਪੋ; ਮੈਂ ਜਪਦਾ ਹਾਂ (ਦਰਪਣ)।ਜਗਦੀਸਾ–ਜਗਤ ਦਾ ਮਾਲਕ ਵਾਹਿਗੁਰੂ।ਪਾਵਉ–ਪਾਵੋ; ਮੈਂ ਪਾ ਲਿਆ ਹੈ ।ਪਰਮ ਪਦੁ–ਸਭ ਤੋਂ ਉਚੀ ਆਤਮਕ ਪਦਵੀ; ਮੁਕਤੀ।੧।ਰਹਾਉ।ਭਇਆ–ਹੋਇਆ।ਪਰਗਾਸੁ–ਚਾਨਣ।ਗੁਣਤਾਸੁ–ਗੁਣਾਂ ਦਾ ਖਜਾਨਾ ਪ੍ਰਭੂ।ਗ੍ਰਿਹ–ਗ੍ਰਿਹਸਤ; ਘਰ।ਕੁਟੰਬ–ਪ੍ਰਵਾਰ।੨।ਕੋ–ਕੋਈ ਵਿਰਲਾ ਮਨੁੱਖ।ਪਰਮ ਪਦਾਰਥ–ਸਭ ਤੋਂ ਉਤਮ ਵਸਤੂ ਵਾਹਿਗੁਰੂ ।ਸੋਈ–ਉਹ।ਸਹਜੇ–ਸੁਭਾਵਕ ਹੀ।੩।ਜਾ–ਜਦ।ਬੇਧਿਆ–ਪ੍ਰੋਇਆ ਹੈ; ਜੁੜਿਆ ਹੈ; ਮਿਲਿਆ।ਅਸਥਿਰੁ–ਸ਼ਾਂਤ ; ਅਡੋਲ।੪।

ਤੂੰ ਕਰਤਾ ਮੈ ਅਵਰੁ ਨ ਕੋਇ ॥ ਤੁਝੁ ਸੇਵੀ ਤੁਝ ਤੇ ਪਤਿ ਹੋਇ ॥ ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ ਨਾਮ ਰਤਨੁ ਸਭ ਜਗ ਮਹਿ ਲੋਇ ॥੫॥ (ਗੁਰਮੁਖ ਇਉਂ ਅਰਦਾਸ ਕਰਦਾ ਹੈ, ਹੇ ਪ੍ਰਭੂ! ਸਭ ਨੂੰ) ਪੈਦਾ ਕਰਨ ਵਾਲਾ ਤੂੰ ਹੀ ਹੈਂ, ਹੋਰ ਦੂਜਾ ਕੋਈ ਨਹੀਂ।ਮੈਂ ਤੈਨੂੰ ਹੀ ਸਿਮਰਦਾ ਹਾਂ ਅਤੇ (ਮੈਨੂੰ ਲੋਕ ਪ੍ਰਲੋਕ ਵਿਚ) ਤੇਰੇ ਤੋਂ ਹੀ ਇੱਜਤ ਪ੍ਰਾਪਤ ਹੁੰਦੀ ਹੈ।ਹੇ ਪ੍ਰਭੂ! ਤੂੰ ਕ੍ਰਿਪਾ ਕਰਦਾ ਹੈਂ, ਤਾਂ ਹੀ ਮੈਂ ਤੇਰੀ ਸੋਭਾ ਗਾਉਂਦਾ ਹਾਂ।ਤੇਰਾ ਨਾਮ ਅਮੋਲਕ ਰਤਨ ਹੈ, ਜਿਸਦਾ ਸਾਰੇ ਜਗਤ ਵਿਚ ਪ੍ਰਕਾਸ਼ ਹੈ।੫।

ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥ ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥ (ਜਿਸ ਮਨੁੱਖ ਨੂੰ) ਗੁਰੂ ਦੀ ਬਾਣੀ ਮਿੱਠੀ ਲਗਦੀ ਹੈ।(ਉਸਦਾ) ਮਨ ਖਿੜ ਜਾਂਦਾ ਹੈ ਤੇ ਦਿਨ ਰਾਤ (ਪ੍ਰਭੂ ਵਿਚ) ਲਿਵ ਲੱਗੀ ਰਹਿੰਦੀ ਹੈ।(ਜਿਸ) ਵੱਡੇ ਭਾਗਾਂ ਵਾਲੇ ਪੁਰਖ ਨੇ ਪੂਰਨ ਸਤਿਗੁਰੂ ਪਾਇਆ ਹੈ, (ਉਸ ਨੂੰ) ਸੁਭਾਵਕ ਹੀ ਕ੍ਰਿਪਾ ਕਰਨ ਵਾਲਾ ਸੱਚ ਸਰੂਪ ਪ੍ਰਮਾਤਮਾ ਮਿਲ ਗਿਆ ਹੈ।੬।

ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ ਜਬ ਹਿਰਦੈ ਰਾਮ ਨਾਮ ਗੁਣ ਤਾਸੁ ॥ ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥ ਜਦ ਹਿਰਦੇ ਵਿਚ ਗੁਣਾਂ ਦੇ ਖਜਾਨੇ ਵਾਹਿਗੁਰੂ ਦਾ ਨਾਮ ਟਿਕ ਗਿਆ, ਤਾਂ ਹਉਮੈ, ਮਮਤਾ ਤੇ ਖੋਟੀ ਬੁੱਧੀ ਦੇ ਦੁੱਖਾਂ ਦਾ ਨਾਸ਼ ਹੋ ਗਿਆ।(ਅੰਨਵੇਂ ਅੱਖਰ) ਜਦ ਗੁਰੂ ਦੁਆਰਾ ਪ੍ਰਭੂ ਦਾ ਜਸ ਉਚਾਰਿਆ ਤਾਂ ਵਿਵੇਕ ਬੁੱਧ ਪ੍ਰਗਟ ਹੋ ਗਈ ਅਤੇ ਹਿਰਦੇ ਵਿਚ ਪ੍ਰਭੂ ਦੇ ਚਰਣਾਂ ਦਾ ਨਿਵਾਸ ਹੋ ਗਿਆ।੭।

ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ ਗੁਰਮੁਖਿ ਮੇਲੇ ਆਪੁ ਗਵਾਏ ॥ ਹਿਰਦੈ ਸਾਚਾ ਨਾਮੁ ਵਸਾਏ ॥ ਨਾਨਕ ਸਹਜੇ ਸਾਚਿ ਸਮਾਏ ॥੮॥੭॥ ਜਿਸ ਨੂੰ ਪ੍ਰਭੂ ਅਪਣਾ ਨਾਮ ਦੇਂਦਾ ਹੈ, ਉਹ ਪੁਰਖ ਹੀ ਪ੍ਰਾਪਤ ਕਰਦਾ ਹੈ।(ਫਿਰ ਉਸ ਮਨੁੱਖ ਨੂੰ ਪ੍ਰਭੂ) ਗੁਰੂ ਮਿਲਾ ਦੇਂਦਾ ਹੈ ਅਤੇ (ਉਹ ਮਨੁੱਖ ਗੁਰੂ ਦੁਆਰਾ) ਆਪਾ ਭਾਵ ਗੁਆ ਦੇਂਦਾ ਹੈ।ਅਤੇ ਹਿਰਦੇ ਵਿਚ ਸੱਚਾ ਨਾਮ ਵਸਾ ਲੈਂਦਾ ਹੈ।ਗੁਰੂ ਜੀ ਆਖਦੇ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਹਨ ਕਿ (ਅਜੇਹਾ ਮਨੁੱਖ) ਸੁਭਾਵਕ ਹੀ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ।੮।੭।

ਪਦਾਰਥ = ਕਰਤਾ-ਰਚਨਹਾਰ।ਅਵਰੁ-ਹੋਰ ਦੂਜਾ।ਸੇਵੀ-ਸਿਮਰਦਾ ਹਾਂ।ਤੁਝ ਤੇ-ਤੇਰੇ ਤੋਂ।ਪਤਿ-ਇਜਤ।ਲੋਇ-ਪ੍ਰਕਾਸ਼।੫। ਅੰਤਰੁ-ਮਨ; ਅੰਤਹਕਰਣ।ਬਿਗਸੈ-ਖਿੜ ਜਾਂਦਾ ਹੈ।ਸਹਜੇ-ਸੁਤੇ ਸਿੱਧ (ਸੁਭਾਵਕ)।ਪਰਸਾਦੀ-ਮੇਹਰਵਾਨ।ਵਡਭਾਗੀ-ਵੱਡੇ ਭਾਗਾਂ ਵਾਲੇ ਨੇ; ਵੱਡੇ ਭਾਗਾਂ ਕਰਕੇ।੬।ਮਮਤਾ-ਮੇਰਾਪਣ; ਅਪਣੱਤ; ਪਦਾਰਥਾਂ ਵਿਚ ਮੋਹ।ਦੁਰਮਤਿ-ਖੋਟੀ ਬੁੱਧੀ।ਜਬ-ਜਦ।ਗੁਣ ਤਾਸੁ-ਗੁਣਾਂ ਦਾ ਖਜਾਨਾ।ਜਾਸੁ-ਜਸ।ਰਵਿਆ-ਉਚਾਰਿਆ।੭।ਦੇਇ-ਦੇਂਦਾ ਹੈ।ਆਪੁ-ਆਪਾ ਭਾਵ।ਸਮਾਏ-ਸਮਾ ਜਾਂਦਾ ਹੈ।੮।੭।

ਗਉੜੀ ਮਹਲਾ ੩ ॥ ਮਨ ਹੀ ਮਨੁ ਸਵਾਰਿਆ, ਭੈ ਸਹਜਿ ਸੁਭਾਇ ॥ ਪ੍ਰਭੂ ਦੇ ਭੈ ਦੁਆਰਾ ਮਨ ਨੇ ਹੀ ਮਨ ਨੂੰ ਸੁਤੇ ਸਿਧ ਸੁਧਾਰ ਲਿਆ ਹੈ (ਜਦ ਮਨ ਨੂੰ ਸਿਖਿਆ ਦਿਤੀ, ਉਹੋ ਮਨ ਅਪਣੇ ਮੂਲ ਦੀ ਪਛਾਣ ਕਰਕੇ ਗਿਆਨੀ ਹੋ ਗਿਆ ਤੇ ਸੁਧਰ ਗਿਆ)।

ਅੰਗ ੨੩੩ = ਸਬਦਿ ਮਨੁ ਰੰਗਿਆ ਲਿਵ ਲਾਇ ॥ ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥ (ਕਿਵੇਂ ਸੁਧਰਿਆ? ਗੁਰੂ ਦੇ) ਸ਼ਬਦ ਦੁਆਰਾ ਹਰੀ ਵਿਚ ਧਿਆਨ ਜੋੜ ਕੇ ਮਨ ਨੂੰ (ਨਾਮ ਦੇ ਰੰਗ ਵਿਚ) ਰੰਗ ਲਿਆ।ਪ੍ਰਭੂ ਦੀ ਰਜਾ ਵਿਚ ਰਹਿ ਕੇ (ਮਨ) ਅਪਣੇ ਅਸਲੀ ਘਰ ਵਿਚ ਜਾ ਵਸਿਆ (ਵਾਹਿਗੁਰੂ ਮਿਲ ਗਿਆ)।੧।

ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ਰਹਾਉ॥ ਸਤਿਗੁਰੂ ਨੂੰ ਸੇਵਨ ਨਾਲ ਅਭਿਮਾਨ ਦੂਰ ਹੋ ਜਾਂਦਾ ਹੈ।(ਸਤਿਗੁਰੂ ਨੂੰ ਸੇਵਨ ਨਾਲ) ਗੁਣਾਂ ਦਾ ਖਜਾਨਾ ਵਾਹਿਗੁਰੂ ਨੂੰ ਪਾ ਲਈਦਾ ਹੈ।੧।ਰਹਾਉ।

ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥ ਜਦ ਮਨ ਗੁਰੂ ਦੇ ਸ਼ਬਦ ਦੁਆਰਾ ਭੈ ਖਾਂਦਾ ਹੈ (ਭੈ ਨੂੰ ਮਨ ਦੀ ਖੁਰਾਕ ਬਣਾ ਲੈਂਦਾ ਹੈ ਤਾਂ ਮਨ ਮਾਇਆ ਤੋਂ) ਉਪਰਾਮ ਹੋ ਜਾਂਦਾ ਹੈ।(ਉਸ ਨੂੰ) ਮੇਰਾ ਨਿਰਮਲ ਪ੍ਰਭੂ ਸਭ ਥਾਂਵਾਂ ਤੇ ਸਮਾ (ਵਿਆਪਕ ਹੋ) ਰਿਹਾ ਦਿਸ ਪੈਂਦਾ ਹੈ।(ਉਹ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਮਿਲਾਇਆ ਹੋਇਆ (ਪ੍ਰਭੂ ਨੂੰ ਜਾ) ਮਿਲਦਾ ਹੈ।੨।

ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ ਮੇਰਾ ਹਰਿ ਪ੍ਰਭੁ ,ਇਨ ਬਿਧਿ ਪਾਇਆ ਜਾਇ ॥ ਹਰਿ ਕਿਰਪਾ ਤੇ ਰਾਮ ਗੁਣ ਗਾਇ ॥੩॥ (ਜੋ ਮਨੁੱਖ) ਹਰੀ ਦੇ ਦਾਸਾਂ ਦਾ ਦਾਸ ਬਣ ਕੇ ਰਹਿੰਦਾ ਹੈ, ਉਹ ਸੁਖ ਪਾਉਂਦਾ ਹੈ।ਇਸ ਤਰੀਕੇ ਨਾਲ ਮੇਰਾ ਹਰੀ ਪ੍ਰਭੂ ਪ੍ਰਾਪਤ ਕੀਤ ਜਾਂਦਾ ਹੈ।(ਉਹ ਮਨੁੱਖ) ਹਰੀ ਦੀ ਕ੍ਰਿਪਾ ਨਾਲ ਪ੍ਰਭੂ ਦੇ ਗੁਣ ਗਾਉਂਦਾ ਹੈ।੩।

ਧ੍ਰਿਗੁ ਬਹੁ ਜੀਵਣੁ ,ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ ਧ੍ਰਿਗੁ ਸੇਜ ਸੁਖਾਲੀ, ਕਾਮਣਿ ਮੋਹ ਗੁਬਾਰੁ ॥ ਤਿਨ ਸਫਲੁ ਜਨਮੁ ,ਜਿਨ ਨਾਮੁ ਅਧਾਰੁ ॥੪॥ (ਉਸ) ਬਹੁਤੇ ਜੀਵਨ ਨੂੰ ਫਿਟਕਾਰ ਹੈ, ਜਿਸ (ਲੰਬੇ ਜੀਵਨ) ਵਿਚ ਹਰੀ ਦੇ ਨਾਮ ਨਾਲ ਪਿਆਰ ਨਹੀਂ ਲਗਦਾ।ਸੁੱਖ ਦੇਣ ਵਾਲੀ ਸੇਜ ਅਤੇ ਸੁੰਦਰ ਇਸਤਰੀ ਦਾ ਮੋਹ ਧ੍ਰਿਕਾਰ ਯੋਗ ਹੈ, ਜੋ ਘੁੱਪ ਹਨ੍ਹੇਰਾ ਰੂਪ ਹੈ।ਉਨ੍ਹਾਂ ਪੁਰਖਾਂ ਦਾ ਜਨਮ ਸਫਲ ਹੈ, ਜਿਨ੍ਹਾਂ ਦੇ ਜੀਵਨ ਦਾ ਆਸਰਾ ਪ੍ਰਭੂ ਦਾ ਨਾਮ ਹੈ।੪।

ਪਦਾਰਥ = ਸਵਾਰਿਆ-ਸੁਧਾਰਿਆ; ਸੋਹਣਾ ਬਣਾਇਆ।ਸਹਜਿ ਸੁਭਾਇ-ਸਹਿਜ ਸੁਭਾਵਕ।ਲਿਵ ਲਾਇ-ਧਿਆਨ ਲਾ ਕੇ।ਨਿਜ ਘਰਿ-ਅਪਣੇ ਆਤਮ ਸਰੂਪ ਵਿਚ।ਰਜਾਇ-ਰਜਾ ਵਿਚ।੧।ਸੇਵਿਐ-ਸੇਵਨ ਨਾਲ।ਨਿਧਾਨੁ-ਖਜਾਨਾ।੧।ਰਹਾਉ।ਬੈਰਾਗੀ-ਮਾਯਾ ਦੇ ਮੋਹ ਤੋਂ ਬਚਿਆ ਮਨੁੱਖ।ਜਾ-ਜਦ।ਭਉ-ਡਰ।ਖਾਇ-ਖਾਂਦਾ ਹੈ।ਸਭ ਤੈ-ਸਭ ਜਗ੍ਹਾ ਤੇ।ਸਮਾਇ-ਸਮਾ ਰਿਹਾ ਹੈ।ਤੇ-ਤੋਂ; ਨਾਲ। ੨।ਦਾਸਨ ਕੋ-ਦਾਸਾਂ ਦਾ।ਇਨ ਬਿਧਿ-ਇਸ ਤਰੀਕੇ ਨਾਲ।੩।ਧ੍ਰਿਗੁ-ਫਿਟਕਾਰ ਯੋਗ।ਬਹੁ-ਬਹੁਤਾ (ਲੰਬਾ)।ਜਿਤੁ-ਜਿਸ ਵਿਚ। ਸੇਜ-ਸੌਣ ਦਾ ਬਿਸਤਰ; ਪਲੰਘ।ਸੁਖਾਲੀ-ਸੁਖਦਾਈ।ਕਾਮਣਿ-ਇਸਤ੍ਰੀ।ਗੁਬਾਰੁ-ਘੁੱਪ ਹਨ੍ਹੇਰਾ।ਅਧਾਰ-ਆਸਰਾ।੪।

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ,ਜਿਤੁ ਹਰਿ ਪ੍ਰੀਤਿ ਨ ਹੋਇ ॥ ਸੋਈ ਹਮਾਰਾ ਮੀਤੁ ,ਜੋ ਹਰਿ ਗੁਣ ਗਾਵੈ ਸੋਇ ॥ ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ (ਉਹ) ਘਰ ਤੇ ਪ੍ਰਵਾਰ ਧਿਰਕਾਰ ਯੋਗ ਹੈ, ਜਿਸ ਵਿਚ ਹਰੀ ਦੀ ਪ੍ਰੀਤ ਨਾ ਹੋਵੇ।ਉਹ ਹੀ ਸਾਡਾ ਮਿਤ੍ਰ ਹੈ, ਜੋ ਉਸ ਹਰੀ ਦੇ ਗੁਣ ਗਾਉਂਦਾ ਹੈ।ਹਰੀ ਦੇ ਨਾਮ ਤੋਂ ਬਿਨਾ ਮੈਨੂੰ ਹੋਰ ਕੋਈ ਪਿਆਰਾ ਨਹੀਂ ਹੈ।੫।

ਸਤਿਗੁਰ ਤੇ ਹਮ ਗਤਿ ਪਤਿ ਪਾਈ ॥ ਹਰਿ ਨਾਮੁ ਧਿਆਇਆ, ਦੂਖੁ ਸਗਲ ਮਿਟਾਈ ॥ ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ ਸਤਿਗੁਰੂ ਤੋਂ ਅਸੀਂ (ਜੀਵਨ) ਮੁਕਤੀ ਤੇ (ਲੋਕ ਪ੍ਰਲੋਕ ਦੀ) ਇੱਜਤ ਪ੍ਰਾਪਤ ਕੀਤੀ ਹੈ।(ਗੁਰੂ ਦਾ ਦਿਤਾ) ਨਾਮ ਜਪਿਆ ,(ਜਿਸ ਨਾਮ ਨੇ) ਸਾਰਾ ਦੁੱਖ ਮਿਟਾ ਦਿਤਾ।(ਅਸੀਂ) ਹਰੀ ਦੇ ਨਾਮ ਵਿਚ ਲਿਵ ਲਾਈ ਹੈ, (ਜਿਸ ਕਰਕੇ) ਸਦਾ ਅਨੰਦ ਮਾਣ ਰਹੇ ਹਾਂ।੬।

ਗੁਰਿ ਮਿਲਿਐ, ਹਮ ਕਉ ਸਰੀਰ ਸੁਧਿ ਭਈ ॥ ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ ਗੁਰੂ ਦੇ ਮਿਲਣ ਨਾਲ ਸਾਨੂੰ ਸਰੀਰ (ਮਨੁੱਖਾ ਜਨਮ) ਦੀ ਸੋਝੀ ਪ੍ਰਾਪਤ ਹੋਈ ਹੈ।(ਜਿਸ ਕਰਕੇ) ਹਉਮੈ ਤੇ ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ।ਕ੍ਰੋਧ ਆਦਿ ਵਿਕਾਰ ਨਾਸ਼ ਹੋ ਗਏ ਤੇ ਖਿਮਾ ਗ੍ਰਹਿਣ ਕਰ ਲਈ ਹੈ।੭।

All Rights Reserved by Harjinder Singh Gyani | www.GuruGranthVakhyaan.org

ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ ਨਾਨਕੁ ਗੁਣ ਗਾਵੈ, ਹਰਿ ਅਲਖ ਅਭੇਵੈ ॥੮॥੮॥ (ਜਿਸ ਮਨੁੱਖ ਉਤੇ) ਹਰੀ ਕ੍ਰਿਪਾ ਕਰਦਾ ਹੈ, (ਉਸ ਨੂੰ) ਨਾਮ ਦਾਨ ਦੇਂਦਾ ਹੈ। (ਪਰ ਨਾਮ) ਰਤਨ ਕੋਈ ਵਿਰਲਾ ਗੁਰੂ ਦੁਆਰਾ ਲੈਂਦਾ ਹੈ। ਨਾਨਕ ਅਲੱਖ ਤੇ ਭੇਤ ਰਹਿਤ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ।੮।੮।

ਪਦਾਰਥ = ਗ੍ਰਿਹੁ–ਘਰ; ਗ੍ਰਿਹਸਤ। ਕੁਟੰਬੁ–ਪ੍ਰਵਾਰ। ਮੀਤੁ–ਮਿਤ੍ਰ।੫। ਗਤਿ–ਮੁਕਤੀ। ਪਤਿ–ਇੱਜਤ। ਸਗਲ–ਸਾਰਾ।੬। ਸੁਧਿ–ਸੋਝੀ। ਭਈ–ਹੋਈ। ਬੁਝਈ–ਬੁਝ ਗਈ। ਬਿਨਸੇ–ਨਾਸ਼ ਹੋ ਗਿਆ। ਗਹਿ ਲਈ–ਗ੍ਰਹਿਣ ਕਰ ਲਈ।੭। ਕੋ–ਕੋਈ। ਅਲਖ–ਅਦ੍ਰਿਸ਼ਟ; ਜੋ ਜਾਣਿਆ ਨਾ ਜਾਵੇ; ਜੋ ਸਮਝ ਨਾ ਆਵੇ। ਅਭੇਵੈ–ਜਿਸਦਾ ਭੇਤ ਨਾ ਪਾਇਆ ਜਾ ਸਕੇ।੮।੮।

ੴ ਸਤਿਗੁਰ ਪ੍ਰਸਾਦਿ ॥ ਰਾਗੁ ਗਉੜੀ ਬੈਰਾਗਣਿ ਮਹਲਾ ੩ ॥ ਸਤਿਗੁਰ ਤੇ ਜੋ ਮੁਹ ਫੇਰੇ, ਤੇ ਵੇਮੁਖ ਬੁਰੇ ਦਿਸੰਨਿ ॥ ਅਨਦਿਨੁ ਬਧੇ ਮਾਰੀਅਨਿ, ਫਿਰਿ ਵੇਲਾ ਨਾ ਲਹੰਨਿ ॥੧॥ ਗਉੜੀ ਦੀ ਬੈਰਾਗਣ ਜਾਤੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਉਚਾਰਣ ਕੀਤੀ ਅਸਟਪਦੀ। ਵਾਹਿਗੁਰੂ ਕੇਵਲ ਇਕ ਹੈ, ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਜਿਹੜੇ ਮਨੁੱਖ ਸਤਿਗੁਰੂ ਤੋਂ ਮੂੰਹ ਮੋੜ ਲੈਂਦੇ ਹਨ, ਉਹ ਬੇਮੁਖ ਹੋਏ (ਦੇਖਣ ਨੂੰ ਬਹੁਤ) ਬੁਰੇ ਦਿਸਦੇ ਹਨ। (ਉਹ ਮਾਇਆ ਦੇ ਮੋਹ ਵਿਚ) ਬੱਧੇ ਹੋਏ ਹਰ ਰੋਜ (ਦੁੱਖਾਂ ਦੀ) ਮਾਰ ਖਾਂਦੇ ਹਨ, ਮੁੜ (ਉਨ੍ਹਾਂ ਨੂੰ ਮਨੁੱਖਾ ਜਨਮ ਜਾਂ ਗੁਰੂ ਦੇ ਸਨਮੁਖ ਹੋਣ ਦਾ) ਵੇਲਾ ਨਹੀਂ ਮਿਲਦਾ।੧।

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ ਸਤਸੰਗਤਿ ਮੇਲਾਇ ਪ੍ਰਭ, ਹਰਿ ਹਿਰਦੈ ਹਰਿ ਗੁਣ ਸਾਰਿ ॥੧॥ਰਹਾਉ॥ (ਅਰਦਾਸ ਹੈ) ਹੇ ਹਰੀ! (ਸਾਨੂੰ ਅਜੇਹੀ ਹਾਲਤ ਤੋਂ ਅਪਣੀ) ਕ੍ਰਿਪਾ ਧਾਰ ਕੇ ਬਚਾ ਲਵੋ। ਹੇ ਪ੍ਰਭੂ! (ਸਾਨੂੰ) ਸਤ ਸੰਗਤ ਵਿਚ ਮਿਲਾ ਲਵੋ, ਤਾਂ ਕਿ ਹੇ ਹਰੀ! (ਅਸੀਂ ਤੇਰੇ) ਗੁਣ ਹਿਰਦੇ ਵਿਚ ਸੰਭਾਲ ਕੇ ਰਖ ਸਕੀਏ।੧। ਰਹਾਉ।

ਸੇ ਭਗਤਿ ਹਰਿ ਭਾਵਦੇ, ਜੋ ਗੁਰਮੁਖਿ ਭਾਇ ਚਲੰਨਿ ॥ ਆਪੁ ਛੋਡਿ ਸੇਵਾ ਕਰਨਿ, ਜੀਵਤ ਮੁਏ ਰਹੰਨਿ ॥੨॥ ਉਹ ਭਗਤ ਹਰੀ ਨੂੰ ਚੰਗੇ ਲਗਦੇ ਹਨ, ਜਿਹੜੇ ਗੁਰੂ ਦੇ ਭਾਣੇ ਵਿਚ ਚਲਦੇ ਹਨ। (ਕਿਉਂਕਿ ਉਹ) ਆਪਾ ਭਾਵ ਛਡ ਕੇ ਸੇਵਾ ਕਰਦੇ ਹਨ ਅਤੇ ਜੀਵਤ ਭਾਵ ਤੋਂ ਮਰੇ ਰਹਿੰਦੇ ਹਨ (ਸੰਸਾਰਕ ਝਮੇਲਿਆਂ ਤੋਂ ਸੁਤੰਤਰ ਰਹਿੰਦੇ ਹਨ)।੨।

ਜਿਸ ਦਾ ਪਿੰਡੁ ਪਰਾਣ ਹੈ, ਤਿਸ ਕੀ ਸਿਰਿ ਕਾਰ ॥ ਓਹੁ ਕਿਉ ਮਨਹੁ ਵਿਸਾਰੀਐ, ਹਰਿ ਰਖੀਐ ਹਿਰਦੈ ਧਾਰਿ ॥੩॥ ਜਿਸ ਪ੍ਰਭੂ ਦਾ ਦਿਤਾ ਹੋਇਆ ਇਹ ਸਰੀਰ ਹੈ ਤੇ ਪ੍ਰਾਣ ਹਨ, ਉਸੇ ਦੀ (ਸਭਨਾਂ ਦੇ) ਸਿਰ ਉਤੇ ਹੁਕਮ ਰੂਪ ਕਾਰ ਹੈ। ਉਹ ਪ੍ਰਭੂ ਮਨ ਤੋਂ ਕਿਉਂ ਭੁਲਾ ਦੇਈਏ? (ਉਸ) ਹਰੀ ਨੂੰ ਹਿਰਦੇ ਵਿਚ ਟਿਕਾ ਕੇ ਰਖੀਏ।੩।

ਨਾਮਿ ਮਿਲਿਐ ਪਤਿ ਪਾਈਐ, ਨਾਮਿ ਮੰਨਿਐ ਸੁਖੁ ਹੋਇ ॥ ਸਤਿਗੁਰ ਤੇ ਨਾਮੁ ਪਾਈਐ, ਕਰਮਿ ਮਿਲੈ ਪ੍ਰਭੁ ਸੋਇ ॥੪॥ ਨਾਮ ਨਾਲ ਮਿਲਣ ਕਰਕੇ ਇੱਜਤ ਪ੍ਰਾਪਤ ਹੁੰਦੀ ਹੈ ਅਤੇ ਨਾਮ ਦੇ ਮੰਨਣ ਨਾਲ ਹੀ ਸੁਖ ਹੁੰਦਾ ਹੈ। (ਪਰ) ਨਾਮ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ (ਅਤੇ ਸਤਿਗੁਰੂ ਦੀ) ਬਖਸ਼ਿਸ਼ ਦੁਆਰਾ ਉਹ ਪ੍ਰਭੂ ਮਿਲਦਾ ਹੈ।੪।

ਪਦਾਰਥ = ਤੇ–ਤੋਂ। ਜੋ–ਜਿਹੜੇ ਮਨੁੱਖ। ਮੁਹ ਫੇਰੇ–ਮੂੰਹ ਮੋੜ ਲੈਂਦੇ ਹਨ; ਗੁਰੂ ਤੋਂ ਬੇਮੁਖ ਹੁੰਦੇ ਹਨ। ਤੇ–ਉਹ (ਮਨੁੱਖ)। ਦਿਸੰਨਿ–ਦਿਸਦੇ ਹਨ। ਬਧੇ–ਮਾਇਆ ਦੇ ਮੋਹ ਜਾਂ ਸੰਸਾਰਕ ਧੰਧਿਆਂ ਵਿਚ ਬੰਨ੍ਹੇ ਹੋਏ। ਫਿਰਿ–ਮੁੜ। ਨ ਲਹੰਨਿ–ਨਹੀ ਲੱਭਦਾ।੧। ਧਾਰਿ–ਕਰ ਕੇ। ਸਾਰਿ–ਸੰਭਾਲ ਕੇ।੧। ਰਹਾਉ। ਭਾਵਦੇ–ਚੰਗੇ ਲਗਦੇ ਹਨ। ਭਾਇ–ਭਾਣੇ ਵਿਚ; ਆਗਿਆ ਵਿਚ। ਚਲੰਨਿ–ਚਲਦੇ (ਜੀਵਨ ਬਤੀਤ ਕਰਦੇ) ਹਨ। ਆਪੁ–ਆਪਾ ਭਾਵ। ਮੁਏ–ਬੰਧਨਾਂ ਤੋਂ ਮੁਕਤ ਹੋ ਕੇ।੨। ਪਿੰਡੁ–ਸਰੀਰ। ਪਰਾਣ–ਸੁਆਸ; ਜਿੰਦ। ਸਿਰਿ–ਸਿਰ ਉਤੇ। ਕਾਰ–ਹੁਕਮ ਰੂਪ ਕਾਰ। ਮਨਹੁ–ਮਨ ਤੋਂ।੩। ਪਤਿ–ਇੱਜਤ। ਕਰਮਿ–ਬਖਸ਼ਿਸ਼ ਨਾਲ।੪।

ਸਤਿਗੁਰ ਤੇ ਜੋ ਮੁਹੁ ਫੇਰੇ, ਓਇ ਭ੍ਰਮਦੇ ਨ ਟਿਕੰਨਿ ॥ ਧਰਤਿ ਅਸਮਾਨੁ ਨ ਝਲਈ, ਵਿਚਿ ਵਿਸਟਾ ਪਏ ਪਚੰਨਿ ॥੫॥ ਜਿਹੜੇ ਮਨੁੱਖ ਸਤਿਗੁਰੂ ਤੋਂ ਮੂੰਹ ਮੋੜ ਲੈਂਦੇ ਹਨ, ਉਹ (ਜੋਨੀਆਂ ਵਿਚ) ਭਟਕਦੇ ਰਹਿੰਦੇ ਹਨ, (ਕਿਸੇ ਜੂਨ ਵਿਚ) ਟਿਕੇ ਨਹੀਂ ਰਹਿੰਦੇ। ਉਨ੍ਹਾਂ ਨੂੰ ਨਾ ਧਰਤੀ ਤੇ ਨਾ ਅਸਮਾਨ ਝਲਦਾ ਹੈ (ਧਰਤੀ ਤੇ ਲੋਕਾਂ ਦਾ ਤੇ ਪ੍ਰਲੋਕ ਵਿਚ ਦੇਵਤਿਆਂ ਦਾ ਆਸਰਾ ਨਹੀਂ ਮਿਲਦਾ), ਉਹ ਵਿਸ਼ਟਾ ਵਿਚ (ਗੰਦਗੀ ਦੇ ਕੀੜੇ ਬਣ ਕੇ) ਸੜਦੇ ਪਏ ਰਹਿੰਦੇ ਹਨ ਭਾਵ ਦੁਖ ਭੋਗਦੇ ਹਨ।੫।

ਇਹੁ ਜਗੁ ਭਰਮਿ ਭੁਲਾਇਆ, ਮੋਹ ਠਗਉਲੀ ਪਾਇ ॥ ਜਿਨਾ ਸਤਿਗੁਰੁ ਭੇਟਿਆ, ਤਿਨ ਨੇੜਿ ਨ ਭਿਟੈ ਮਾਇ ॥੬॥ (ਵਾਹਿਗੁਰੂ ਨੇ ਮਾਇਆ ਦੇ) ਮੋਹ ਦੀ ਠਗਬੂਟੀ ਪਾ ਕੇ ਇਹ ਜਗਤ ਭਰਮ ਵਿਚ ਭੁਲਾਇਆ ਹੋਇਆ ਹੈ। (ਪਰ) ਜਿਨ੍ਹਾਂ ਪੁਰਖਾਂ ਨੂੰ ਸਤਿਗੁਰੂ ਜੀ ਮਿਲੇ ਹਨ, (ਮੋਹ ਦੀ ਠਗ ਬੂਟੀ ਪਾਉਣ ਵਾਲੀ) ਮਾਇਆ ਉਨ੍ਹਾਂ ਦੇ ਨੇੜੇ ਨਹੀਂ ਛੋਂਹਦੀ।੬।

ਸਤਿਗੁਰੁ ਸੇਵਨਿ ਸੋ ਸੋਹਣੇ, ਹਉਮੈ ਮੈਲੁ ਗਵਾਇ ॥ ਜਿਹੜੇ ਮਨੁੱਖ ਹਉਮੈ ਦੀ ਮੈਲ ਗੁਆ ਕੇ ਸਤਿਗੁਰੂ ਨੂੰ ਸੇਂਵਦੇ ਹਨ, ਉਹ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ।

All Rights Reserved by Harjinder Singh Gyani | www.GuruGranthVakhyaan.org

ਅੰਗ ੨੩੪ = ਸਬਦਿ ਰਤੇ ਸੇ ਨਿਰਮਲੇ, ਚਲਹਿ ਸਤਿਗੁਰ ਭਾਇ ॥੭॥ (ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਜਾਂਦੇ ਹਨ, ਅਤੇ ਸਤਿਗੁਰੂ ਦੇ ਹੁਕਮ ਅਨੁਸਾਰ ਚਲਦੇ (ਜੀਵਨ ਬਤੀਤ ਕਰਦੇ) ਹਨ, ਉਹ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ।੭।

ਹਰਿ ਪ੍ਰਭ ਦਾਤਾ ਏਕੁ ਤੂੰ ,ਤੂੰ ਆਪੇ ਬਖਸਿ ਮਿਲਾਇ ॥ ਜਨੁ ਨਾਨਕੁ ਸਰਣਾਗਤੀ, ਜਿਉ ਭਾਵੈ ਤਿਵੈ ਛਡਾਇ ॥੮॥੯॥ (ਅਰਦਾਸ ਕਰਦੇ ਹਨ ਕਿ) ਹੇ ਹਰੀ ਪ੍ਰਭੂ! ਇਕ ਤੂੰ ਹੀ ਸਭ ਦਾ ਦਾਤਾ ਹੈਂ, ਤੂੰ ਆਪੇ ਮੇਹਰ ਕਰਕੇ (ਬੇਮੁੱਖਾਂ ਨੂੰ ਅਪਣੇ ਨਾਲ) ਮਿਲਾ ਲੈ।ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, ਜਿਵੇਂ ਤੈਨੂੰ ਭਾਵੇ ਤਿਵੇਂ (ਉਨ੍ਹਾਂ ਨੂੰ ਜਨਮ ਮਰਣ ਦੇ ਬੰਧਨਾਂ ਤੋਂ) ਛੁਡਾ ਲੈ।੮।੯।

ਪਦਾਰਥ = ਓਇ–ਉਹ (ਦਾ ਬਹੁ ਵਚਨ)।ਭ੍ਰਮਦੇ–ਭਟਕਦੇ ਹਨ।ਨ ਟਿਕੰਨਿ–ਟਿਕਦੇ ਨਹੀਂ (ਕਿਤੇ ਸ਼ਾਂਤੀ ਨਹੀਂ ਮਿਲਦੀ)।ਧਰਤਿ –ਧਰਤੀ ਤੇ।ਨ ਝਲਈ–ਨਹੀਂ ਝਲਦੇ (ਕੋਈ ਅੰਗੀਕਾਰ ਨਹੀਂ ਕਰਦਾ)।ਵਿਸਟਾ–ਗੰਦਗੀ।ਪਚੰਨਿ–ਸੜਦੇ ਹਨ।੫।ਠਗਉਲੀ–ਠਗ ਬੂਟੀ (ਜੋ ਬੇ ਹੋਸ਼ ਕਰਦੀ ਹੈ)।ਭੇਟਿਆ–ਮਿਲਿਆ ਹੈ।ਤਿਨ–ਉਨ੍ਹਾਂ ਦੇ।ਨ ਭਿਟੈ–ਨਹੀਂ ਛੂੰਹਦੀ।ਮਾਇ–ਮਾਇਆ।੬।ਸੇਵਨਿ–ਪੂਜਦੇ ਹਨ।ਸੇ–ਉਹ।ਰਤੇ–ਰੰਗੇ ਹੋਏ ਹਨ।੭।ਬਖਸਿ–ਬਖਸ਼ਿਸ਼ ਕਰਕੇ।ਜਨੁ–ਦਾਸ।ਤਿਵੈ–ਤਿਵੇਂ।੮।੯।

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ ੴ ਸਤਿਗੁਰ ਪ੍ਰਸਾਦਿ ॥ ਗਉੜੀ ਦੀ ਪੂਰਬੀ ਜਾਤੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ 'ਕਰਹਲੇ' ਸਿਰਲੇਖ ਹੇਠ ਦੋ ਅਸਟਪਦੀਆਂ ਹਨ।ਪ੍ਰਭੂ ਕੇਵਲ ਇਕ ਹੈ, ਤੇ ਸੱਚੇ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਕਰਹਲੇ ਮਨ ਪਰਦੇਸੀਆ, ਕਿਉ ਮਿਲੀਐ ਹਰਿ ਮਾਇ ॥ ਗੁਰੁ ਭਾਗਿ ਪੂਰੈ ਪਾਇਆ, ਗਲਿ ਮਿਲਿਆ ਪਿਆਰਾ ਆਇ ॥੧॥ (ਹੇ ਮੇਰੇ) ਊਂਠ ਵਰਗੇ ਸਦਾ ਫਿਰਦੇ ਰਹਿਣ ਵਾਲੇ ਪਰਦੇਸੀ ਮਨ! ਮਾਤਾ ਰੂਪ ਹਰੀ ਨੂੰ ਕਿਵੇਂ ਮਿਲਿਆ ਜਾਵੇ? (ਜਿਸ ਤੋਂ ਅਸੀਂ ਬੱਚਿਆਂ ਵਾਂਗ ਵਿਛੜੇ ਹੋਏ ਹਾਂ।ਸ਼ੁੱਭ ਕਰਮਾਂ ਦੇ ਜਮ੍ਹਾਂ ਹੋਣ ਕਰਕੇ ਜਿਸ ਮਨੁੱਖ ਨੇ) ਪੂਰੇ ਭਾਗਾਂ ਨਾਲ ਗੁਰੂ ਪਾਇਆ ਹੈ, (ਉਸ ਨੂੰ) ਪਿਆਰਾ ਪ੍ਰਭੂ ਆ ਕੇ ਗਲ ਨਾਲ ਲਗ (ਗਲਵਕੜੀ ਪਾ) ਕੇ ਮਿਲਿਆ ਹੈ।੧।

ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ਰਹਾਉ॥ ਹੇ ਊਂਠ ਬਿਰਤੀ ਵਾਲੇ ਬੇ ਮੁਹਾਰ ਮਨ! (ਤੂੰ) ਅਕਾਲ ਪੁਰਖ ਰੂਪ ਸਤਿਗੁਰੂ ਦਾ ਧਿਆਨ ਕਰ; ਸਤਿਗੁਰੂ ਪੁਰਖ ਨੂੰ ਧਿਆਉਣਾ ਕਰ।੧।ਰਹਾਉ।

ਮਨ ਕਰਹਲਾ ਵੀਚਾਰੀਆ, ਹਰਿ ਰਾਮ ਨਾਮ ਧਿਆਇ ॥ ਜਿਥੈ ਲੇਖਾ ਮੰਗੀਐ, ਹਰਿ ਆਪੇ ਲਏ ਛਡਾਇ ॥੨॥ ਹੇ ਮੇਰੇ ਊਂਠ ਬਿਰਤੀ ਵਾਲੇ ਮਨ! (ਗੁਰੂ ਦੀ ਮੱਤ ਲੈ ਕੇ) ਵਿਚਾਰਵਾਨ ਬਣ ਅਤੇ ਹਰੀ ਦਾ ਰਾਮਨਾਮ ਧਿਆ। ਜਿਥੇ (ਦਰਗਾਹ ਵਿਚ ਤੇਰੇ ਕੀਤੇ ਕਰਮਾਂ ਦਾ) ਲੇਖਾ ਮੰਗਿਆ ਜਾਵੇਗਾ, (ਉਥੇ ਤੈਨੂੰ) ਹਰੀ ਆਪੇ ਛੁਡਾ ਲਵੇਗਾ।੨।

ਮਨ ਕਰਹਲਾ ਅਤਿ ਨਿਰਮਲਾ, ਮਲੁ ਲਾਗੀ ਹਉਮੈ ਆਇ ॥ ਪਰਤਖਿ ਪਿਰੁ ਘਰਿ ਨਾਲਿ ਪਿਆਰਾ, ਵਿਛੁੜਿ ਚੋਟਾ ਖਾਇ ॥੩॥ ਹੇ ਊਂਠ ਦੀ ਨਿਆਈਂ ਬੇ ਮੁਹਾਰ ਮਨ! (ਰੱਬ ਰੂਪ ਹੋਣ ਕਰਕੇ ਪਹਿਲਾਂ ਤੂੰ) ਬਹੁਤ ਨਿਰਮਲ ਸੀ, (ਪਰ ਹੁਣ ਤੈਨੂੰ) ਹਉਮੈ ਦੀ ਮੈਲ ਆ ਲਗੀ ਹੈ।ਪਿਆਰਾ ਪਤੀ (ਵਾਹਿਗੁਰੂ) ਪ੍ਰਤੱਖ ਤੌਰ ਤੇ ਹਿਰਦੇ ਵਿਚ ਤੇਰੇ ਨਾਲ ਵਸਦਾ ਹੈ, (ਪਰ ਹਉਮੈ ਕਰਕੇ ਤੂੰ ਉਸ ਤੋਂ) ਵਿਛੜ ਕੇ ਚੋਟਾਂ ਖਾਂਦਾ ਹੈਂ; ਜਨਮ ਮਰਣ ਦਾ ਦੁਖ ਭੋਗ ਰਿਹਾ ਹੈਂ।੩।

ਮਨ ਕਰਹਲਾ ਮੇਰੇ ਪ੍ਰੀਤਮਾ, ਹਰਿ ਰਿਦੈ ਭਾਲਿ ਭਾਲਾਇ ॥ ਉਪਾਇ ਕਿਤੈ ਨ ਲਭਈ, ਗੁਰੁ ਹਿਰਦੈ ਹਰਿ ਦੇਖਾਇ ॥੪॥ ਹੇ ਊਂਠ ਦੀ ਬਿਰਤੀ ਵਾਲੇ ਬੇ ਮੁਹਾਰ ਮਨ! ਹੇ ਮੇਰੇ ਪਿਆਰੇ ਮਨਾਂ! (ਤੂੰ) ਹਿਰਦੇ ਵਿਚ ਖੋਜ ਕੇ ਹਰੀ ਨੂੰ ਲੱਭ ਲੈ; ਹਰੀ ਦੀ ਖੋਜ ਕਰ ਤੇ ਹੋਰਾਂ ਤੋਂ ਖੋਜ ਕਰਾ।(ਹਰੀ) ਕਿਸੇ ਹੋਰ ਜਤਨ ਨਾਲ ਨਹੀਂ ਲਭਦਾ, (ਕੇਵਲ) ਗੁਰੂ ਹੀ ਹਿਰਦੇ ਵਿਚ (ਵਸਦਾ) ਹਰੀ ਦਿਖਾ ਦੇਂਦਾ ਹੈ।੪।

ਮਨ ਕਰਹਲਾ ਮੇਰੇ ਪ੍ਰੀਤਮਾ, ਦਿਨੁ ਰੈਣਿ ਹਰਿ ਲਿਵ ਲਾਇ ॥ ਘਰੁ ਜਾਇ ਪਾਵਹਿ ਰੰਗ ਮਹਲੀ, ਗੁਰੁ ਮੇਲੇ ਹਰਿ ਮੇਲਾਇ ॥੫॥ ਹੇ ਊਂਠ ਬਿਰਤੀ ਵਾਲੇ ਬੇ ਮੁਹਾਰ ਮਨ! ਹੇ ਮੇਰੇ ਪਿਆਰੇ ਮਨ! ਦਿਨ ਰਾਤ ਹਰੀ ਵਿਚ ਧਿਆਨ ਜੋੜ।(ਇਉਂ ਤੂੰ) ਹਰੀ ਦੇ ਅਨੰਦ ਸਰੂਪ ਵਿਚ ਜਾ ਕੇ ਟਿਕਾਣਾ ਪ੍ਰਾਪਤ ਕਰ ਲਏਂਗਾ, (ਪਰ ਪੂਰਨ) ਗੁਰੂ ਹੀ ਹਰੀ ਦੇ ਮਿਲਾਪ ਵਿਚ ਮਿਲਾਉਂਦਾ ਹੈ; ਗੁਰੂ ਅਪਣੇ ਨਾਲ ਮਿਲਾ ਕੇ ਫਿਰ ਹਰੀ ਨਾਲ ਮਿਲਾ ਦੇਂਦਾ ਹੈ।੫।

ਪਦਾਰਥ = ਪਰਦੇਸੀਆ–ਪਰਾਏ ਦੇਸ ਦਾ ਵਸਨੀਕ।ਹਰਿ ਮਾਇ–ਮਾਤਾ ਰੂਪ ਹਰੀ; ਮਾਇਆ ਦਾ ਮਾਲਕ ਹਰੀ।ਭਾਗਿ ਪੂਰੈ–ਪੂਰੇ ਭਾਗਾਂ ਨਾਲ।ਗਲਿ–ਗਲ ਨਾਲ ਲਗ ਕੇ।੧।ਸਤਿਗੁਰੁ ਪੁਰਖੁ–ਅਕਾਲ ਪੁਰਖ ਰੂਪ ਸਤਿਗੁਰੂ।ਧਿਆਇ–ਧਿਆਉਣਾ ਕਰ ;ਧਿਆਨ ਕਰ।੧।ਰਹਾਉ।ਵੀਚਾਰੀਆ–ਵਿਚਾਰਵਾਨ ਬਣ।ਲੇਖਾ–(ਕੀਤੇ ਕਰਮਾਂ ਦਾ) ਹਿਸਾਬ।੨।ਅਤਿ–ਬਹੁਤ।ਨਿਰਮਲਾ–ਪਵਿਤ੍ਰ।ਮਲੁ–ਮੈਲ।ਪਿਰ–ਪਤੀ ਪ੍ਰਮਾਤਮਾ।ਘਰਿ–ਹਿਰਦੇ ਘਰ ਵਿਚ।ਚੋਟਾ–ਸੱਟਾਂ।੩।ਭਾਲਿ ਭਾਲਾਇ–ਖੋਜ ਕਰਕੇ ਲੱਭ ਲੈ; ਖੋਜ ਕਰ ਤੇ (ਹੋਰਨਾਂ ਤੋਂ) ਖੋਜ ਕਰਾ (ਦਰਪਣ)।ਉਪਾਇ–ਜਤਨ ਨਾਲ।ਕਿਤੈ–ਕਿਸੇ ਹੋਰ।ਨ ਲਭਈ–ਨਹੀ ਲੱਭਦਾ।੪।ਰੈਣਿ–ਰਾਤ।ਲਿਵ ਲਾਇ–ਲਿਵ ਲਗਾ।ਘਰੁ–ਟਿਕਾਣਾ।ਰੰਗ ਮਹਲੀ–ਅਨੰਦ ਸਰੂਪ ਵਾਹਿਗੁਰੂ; ਆਤਮਕ ਅਨੰਦ ਦੇਣ ਵਾਲੇ ਵਾਹਿਗੁਰੂ ਦੇ ਮਹਲ ਵਿਚ।੫।

All Rights Reserved by Harjinder Singh Gyani | www.GuruGranthVakhyaan.org

ਮਨ ਕਰਹਲਾ ਤੂੰ ਮੀਤੁ ਮੇਰਾ, ਪਾਖੰਡੁ ਲੋਭੁ ਤਜਾਇ ॥ ਪਾਖੰਡਿ ਲੋਭੀ ਮਾਰੀਐ, ਜਮ ਡੰਡੁ ਦੇਇ ਸਜਾਇ ॥੬॥ ਹੇ ਊਂਠ ਵਾਂਗ ਭਟਕ ਰਹੇ ਮਨ! ਤੂੰ ਮੇਰਾ ਮਿਤ੍ਰ ਹੈਂ. (ਤੂੰ) ਲੋਭ ਤੇ ਪਖੰਡ ਛਡ ਦੇ।(ਕਿਉਂਕਿ ਅੱਗੇ ਰੱਬ ਦੇ ਦਰਬਾਰ ਵਿਚ) ਪਖੰਡੀ ਤੇ ਲੋਭੀ ਨੂੰ ਮਾਰ ਪੈਂਦੀ ਹੈ ਅਤੇ (ਉਸ ਨੂੰ) ਜਮਾਂ ਦਾ ਡੰਡਾ ਸਜਾ ਦੇਂਦਾ ਹੈ।੬।

ਮਨ ਕਰਹਲਾ ਮੇਰੇ ਪ੍ਰਾਨ ਤੂੰ ,ਮੈਲੁ ਪਾਖੰਡੁ ਭਰਮ ਗਵਾਇ ॥ ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ, ਮਿਲਿ ਸੰਗਤੀ ਮਲੁ ਲਹਿ ਜਾਇ ॥੭॥ ਹੇ ਊਂਠ ਬਿਰਤੀ ਵਾਲੇ ਬੇ ਮੁਹਾਰੇ ਮਨ! ਤੂੰ ਮੇਰੇ ਪ੍ਰਾਣ ਰੂਪ ਹੈਂ, (ਵਿਕਾਰਾਂ ਦੀ) ਮੈਲ, ਪਖੰਡ ਤੇ (ਰੱਬ ਤੋਂ ਵਖਰੇ ਜਾਣਨ ਦਾ) ਭਰਮ ਦੂਰ ਕਰ ਦੇ।ਗੁਰੂ ਨੇ ਹਰੀ ਦੇ ਨਾਮ ਦਾ ਅੰਮ੍ਰਿਤ ਸਰੋਵਰ ਨਕੋ ਨੱਕ ਭਰ ਰੱਖਿਆ ਹੈ, ਸੰਗਤਾਂ ਨਾਲ ਮਿਲ ਕੇ (ਇਸ ਨਾਮ ਸਰੋਵਰ ਵਿਚ ਆਤਮਕ ਇਸ਼ਨਾਨ ਕਰ, ਤਾਂ ਤੇਰੀ ਜਨਮਾਂ ਜਨਮਾਂਤ੍ਰਾਂ ਦੀ) ਮੈਲ ਉਤਰ ਜਾਵੇਗੀ।੭।

ਮਨ ਕਰਹਲਾ ਮੇਰੇ ਪਿਆਰਿਆ, ਇਕ ਗੁਰ ਕੀ ਸਿਖ ਸੁਣਾਇ ॥ ਇਹੁ ਮੋਹ ਮਾਇਆ ਪਸਰਿਆ, ਅੰਤਿ ਸਾਥਿ ਨ ਕੋਈ ਜਾਇ ॥੮॥ ਹੇ ਊਂਠ ਵਾਂਗ ਭਟਕਣ ਵਾਲੇ ਮਨ! ਹੇ ਮੇਰੇ ਪਿਆਰਿਆ ਮਨਾ! ਇਕ ਗੁਰੂ ਦੀ ਸਿਖਿਆ ਸੁਣ।ਇਹ (ਸਾਕ ਸਬੰਧੀ, ਧਨ ਤੇ ਪਦਾਰਥ ਜੋ) ਮਾਇਆ ਦਾ ਮੋਹ ਪਸਰਿਆ ਹੋਇਆ ਹੈ, (ਇਨ੍ਹਾਂ ਵਿਚੋਂ) ਅੰਤ ਸਮੇਂ ਕੋਈ ਵੀ ਤੇਰੇ ਨਾਲ ਨਹੀਂ ਜਾਵੇਗਾ।੮।

ਮਨ ਕਰਹਲਾ ਮੇਰੇ ਸਾਜਨਾ, ਹਰਿ ਖਰਚੁ ਲੀਆ ਪਤਿ ਪਾਇ ॥ ਹਰਿ ਦਰਗਹ ਪੈਨਾਇਆ, ਹਰਿ ਆਪਿ ਲਇਆ ਗਲਿ ਲਾਇ ॥੯॥ ਹੇ ਊਂਠ ਵਾਂਗ ਬੇ ਮੁਹਾਰ ਹੋਏ ਮੇਰੇ ਸੱਜਨ ਮਨ! (ਜਿਸ ਮਨੁੱਖ ਨੇ ਜੀਵਨ ਵਿਚ) ਹਰੀ ਦੇ ਨਾਮ ਦਾ ਖਰਚ ਪੱਲੇ ਬੰਨ੍ਹਿਆ ਹੈ, ਉਸ ਨੇ ਰੱਬੀ ਦਰਗਾਹ ਵਿਚ ਇੱਜਤ ਪਾਈ ਹੈ।(ਉਸ ਪੁਰਖ ਨੂੰ) ਹਰੀ ਨੇ ਦਰਗਾਹ ਵਿਚ (ਜਸ ਰੂਪ ਸਿਰੋਪਾਉ) ਪਹਿਨਾਇਆ ਹੈ ਅਤੇ ਹਰੀ ਨੇ ਆਪ (ਉਸ ਨੂੰ ਅਪਣੇ) ਗਲ ਨਾਲ ਲਗਾ ਲਿਆ ਹੈ (ਨਾਲ ਮਿਲਾ ਲਿਆ)।੯।

ਮਨ ਕਰਹਲਾ ਗੁਰਿ ਮੰਨਿਆ, ਗੁਰਮੁਖਿ ਕਾਰ ਕਮਾਇ ॥ਗੁਰ ਆਗੈ ਕਰਿ ਜੋਦੜੀ, ਜਨ ਨਾਨਕ ਹਰਿ ਮੇਲਾਇ ॥੧੦॥੧॥ ਹੇ ਊਂਠ ਵਾਂਙ ਭਟਕਦੇ ਮਨ! ਗੁਰੂ ਨੇ (ਉਸ ਪੁਰਖ ਨੂੰ) ਪ੍ਰਵਾਨ ਕਰ ਲਿਆ, (ਜਿਸ ਨੇ) ਗੁਰੂ ਦੀ ਸੇਵਾ ਕੀਤੀ ਹੈ।ਗੁਰੂ ਜੀ ਆਖਦੇ ਹਨ, (ਹੇ ਮਨ!) ਗੁਰੂ ਅੱਗੇ ਬੇਨਤੀ ਕਰ ਕਿ (ਹੇ ਗੁਰੂ ਜੀ! ਸਾਨੂੰ) ਸੇਵਕਾਂ ਨੂੰ ਹਰੀ ਨਾਲ ਮਿਲਾ ਦੇਵੋਂ ਜੀ।੧੦।੧।

ਪਦਾਰਥ = ਤਜਾਇ–ਛਡ ਦੇ।ਜਮ ਡੰਡੁ–ਜਮਾਂ ਦਾ ਡੰਡਾ।ਦੇਇ–ਦੇਂਦਾ ਹੈ।੬।ਪ੍ਰਾਨ–ਜਿੰਦ ਜਾਨ।ਸਰੁ–ਸਰੋਵਰ।ਗੁਰਿ–ਗੁਰੂ ਨੇ। ਪੂਰਿਆ–ਪੂਰਾ ਭਰਿਆ ਹੈ।ਲਹਿ ਜਾਇ–ਉਤਰ ਜਾਏਗੀ।੭।ਸਿਖ–ਸਿਖਿਆ।ਸੁਣਾਇ–ਸੁਣ।ਪਸਰਿਆ–ਖਿਲਰਿਆ ਹੈ।ਸਾਥਿ–ਨਾਲ।੮।ਮੰਨਿਆ–ਪ੍ਰਵਾਨ ਕੀਤਾ।ਕਾਰ ਕਮਾਇ–ਸੇਵਾ ਕੀਤੀ ਹੈ।ਜੋਦੜੀ–ਬੇਨਤੀ।ਜਨ–ਸੇਵਕਾਂ ਨੂੰ।੧੦।੧।

ਕਰਹਲੇ = ਛੰਦ ਦੀ ਚਾਲ (ਸੰ.ਸ.; ਫ.ਸ.); ਕਿਰਮਿਲ (ਅ.); ਕਰਹੋ (ਸਿੰਧੀ); ਕਰਹਾ (ਪੰਜਾਬੀ) ਤੇ ਗੁਰਬਾਣੀ ਵਿਚ ਕਰਹਲ–ਊਂਠ {ਜੈਸੇ ਕਰਹਲੁ ਬੇਲਿ ਰੀਝਾਈ ੩੬੯}।ਵਪਾਰੀ ਊਠਾਂ ਤੇ ਮਾਲ ਲੱਦ ਕੇ ਦੂਰ ਦੂਰ ਦੇਸਾਂ ਵਿਚ ਫਿਰਦੇ ਹਨ, ਰਸਤੇ ਵਿਚ ਜਾਂਦੇ ਹੋਏ ਇਕ ਖਾਸ ਸੁਰ ਵਾਲਾ ਗੀਤ ਗਾਈ ਜਾਂਦੇ ਹਨ।ਉਸ ਗੀਤ ਦਾ ਨਾਮ ਕਰਹਲਾ ਪੈ ਗਿਆ।ਇਥੇ ਜੂਨਾਂ ਵਿਚ ਭਟਕਣ ਵਾਲੇ ਜੀਵ ਨੂੰ ਊਠ ਕਹਿ ਕੇ ਉਪਦੇਸ਼ ਦਿਤਾ ਹੈ (ਸ਼ਬਦਾਰਥ)।ਸੰ.ਸ.; ਫ.ਸ.; ਟਕਸਾਲ ਦੇ ਊਂਠ ਤੇ ਹੱਲਾ (ਉਦਮ) ਕਰ ਦੋਵੇਂ ਅਰਥ ਹਨ।

ਵਿਆਖਿਆ = ਸ੍ਰੀ ਗੁਰੂ ਰਾਮਦਾਸ ਜੀ ਇਸ ਅਸਟਪਦੀ ਵਿਚ ਮਨ ਨੂੰ ਸੰਬੋਧਨ ਕਰਦੇ ਹੋਏ ਸੰਸਾਰੀ ਜੀਵਾਂ ਨੂੰ ਸਿਖਿਆ ਦੇਂਦੇ ਹਨ। ਮਨ ਨੂੰ ਊਂਠ ਕਰਕੇ ਸੰਬੋਧਨ ਕੀਤਾ ਹੈ।ਮਨ ਦੇ ਕਿਸੇ ਗੁਣ ਜਾਂ ਅਵਗੁਣ ਨੂੰ ਮੁਖ ਰੱਖ ਕੇ ਉਸ ਗੁਣ ਔਗੁਣ ਵਾਲੇ ਪਸ਼ੂ ਪੰਛੀ ਆਦਿ ਨਾਲ ਤੁਲਨਾ ਦੇ ਕੇ ਗੁਰਬਾਣੀ ਵਿਚ ਕਈ ਜਗ੍ਹਾ ਸੰਬੋਧਨ ਕੀਤਾ ਮਿਲਦਾ ਹੈ।੧. ਸਚੁ ਕਹੈ ਨਾਨਕੁ ਚੇਤਿ ਰੇ ਮਨ, ਮਰਹਿ ਹਰਣਾ ਕਾਲਿਆ ੪੩੯।੨. ਸਚੁ ਕਹੈ ਨਾਨਕੁ ਚੇਤਿ ਰੇ ਮਨ, ਮਰਹਿ ਭਵਰਾ ਕਾਲਿਆ ੪੩੯।੩. ਸੰਕਲਪਾਂ ਵਿਕਲਪਾਂ ਵਿਚ ਉਡਦੇ ਮਨ ਨੂੰ ਉਡਦੇ ਪੰਛੀ ਨਾਲ ਤੁਲਨਾ ਦਿਤੀ ਹੈ = ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸਿ ਜਾਇ ੧੩੬੯।ਵਿਸ਼ਿਆਂ ਵਿਚ ਮਗਨ ਹੋਏ ਮਨ ਨੂੰ ਹਾਥੀ ਨਾਲ ਤੁਲਨਾ ਦਿਤੀ ਹੈ = ਮਨ ਮੈਗਲੁ ਸਾਕਤੁ ਦੇਵਾਨਾ ੪੧੫।ਮਨ ਦੀ ਬੈਲ ਨਾਲ ਤੁਲਨਾ = ਮਨ ਕਰਿ ਬੈਲ...੧੧੨੩।ਮਨ ਨੂੰ ਪਰਦੇਸੀ ਵੀ ਕਿਹਾ ਹੈ = ਮਨ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ ੪੩੧।ਮਨ ਨੂੰ ਪਿਆਰਿਆ, ਪ੍ਰੀਤਮਾ, ਮੀਤ, ਸਾਜਨਾ ਆਦਿ ਪਿਆਰ ਭਰੇ ਪਦਿਆਂ ਨਾਲ ਵੀ ਸੰਬੋਧਨ ਕੀਤਾ ਹੈ।ਮਨ ਵਿਚ ਵਿਚਾਰ ਸ਼ਕਤੀ ਹੈ ,ਹੋਰ ਕਿਸੇ ਇੰਦ੍ਰੇ ਵਿਚ ਵਿਚਾਰ ਸ਼ਕਤੀ ਨਹੀਂ।ਮਨ ਹੀ ਨਾਮ ਜਪ ਕੇ ਜੋਤ ਸਰੂਪ ਬਣਦਾ ਹੈ, ਤੇ ਸੰਸਾਰ ਸਾਗਰ ਤੋਂ ਪਾਰ ਲੰਘਦਾ ਹੈ।

ਸੰਪ੍ਰਦਾਈ ਵਿਦਵਾਨਾਂ ਨੇ ਕਰਹਲ ਦਾ ਅਰਥ 'ਹੱਲਾ ਕਰ ਭਾਵ ਉਦਮ ਕਰ' ਵੀ ਕੀਤਾ ਹੈ।ਪਰ ਕਰਹਲ ਦਾ ਅਰਥ ਊਂਠ ਵਧੇਰੇ ਢੁਕਦਾ ਹੈ।ਜਿਵੇਂ ਊਂਠ ਪਰਦੇਸਾਂ ਵਿਚ ਫਿਰਦਾ ਰਹਿੰਦਾ ਹੈ, ਤਿਵੇਂ ਇਹ ਜੀਵ ਪਰਦੇਸ ਰੂਪ ਮਾਤ ਲੋਕ ਤੇ ਜੂਨੀਆਂ ਦੇ ਪੰਧ ਵਿਚ ਪਿਆ ਰਹਿੰਦਾ ਹੈ।ਇਥੇ ਬਾਣੀ ਦਾ ਨਾਉਂ 'ਕਰਹਲੇ' ਰੱਖਿਆ ਹੈ, ਜਿਵੇਂ 'ਸਿਰੀ ਰਾਗੁ ਮਹਲਾ ੧ ਪਹਰੇ' ਬਾਣੀ ਹੈ।

ਗਉੜੀ ਮਹਲਾ ੪ ॥ ਮਨ ਕਰਹਲਾ ਵੀਚਾਰੀਆ, ਵੀਚਾਰਿ ਦੇਖੁ ਸਮਾਲਿ ॥ ਬਨ ਫਿਰਿ ਥਕੇ ਬਨਵਾਸੀਆ, ਪਿਰੁ ਗੁਰਮਤਿ ਰਿਦੈ

All Rights Reserved by Harjinder Singh Gyani | www.GuruGranthVakhyaan.org

ਨਿਹਾਲਿ ॥੧॥ ਹੇ ਊਂਠ ਵਾਂਙ ਭਟਕਣ ਵਾਲੇ ਮਨ! ਵਿਚਾਰਵਾਨ ਬਣ ਅਤੇ ਵਿਚਾਰ ਕੇ ਦੇਖ, (ਪ੍ਰਭੂ ਨੂੰ) ਯਾਦ ਕਰ। ਹੇ ਜੰਗਲ ਵਿਚ ਫਿਰ ਫਿਰ ਕੇ ਥੱਕ ਚੁਕੇ ਜੰਗਲਵਾਸੀ ਮਨ!; ਜੰਗਲਾਂ ਵਿਚ ਵਸਣ ਵਾਲੇ (ਸਾਧੂ) ਜੰਗਲਾਂ ਵਿਚ ਫਿਰ ਕੇ ਥਕ ਗਏ (ਸੰ.ਸ.; ਫ.ਸ. ਪ੍ਰਭੂ ਕਿਸੇ ਨੂੰ ਨਹੀਂ ਲੱਭਾ, ਤੂੰ) ਗੁਰੂ ਦੀ ਸਿੱਖਿਆ ਦੁਆਰਾ ਪ੍ਰਭੂ ਮਾਲਕ ਨੂੰ ਹਿਰਦੇ ਵਿਚ ਹੀ ਦੇਖ ਲੈ।੧।

ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ਰਹਾਉ॥ ਹੇ ਊਂਠ ਵਾਂਗ ਭਟਕਦੇ ਮਨ! ਗੁਰੂ (ਦੇ ਦੱਸੇ) ਪ੍ਰਭੂ ਨੂੰ ਯਾਦ ਕਰ।੧।ਰਹਾਉ।

ਮਨ ਕਰਹਲਾ ਵੀਚਾਰੀਆ, ਮਨਮੁਖ ਫਾਥਿਆ ਮਹਾ ਜਾਲਿ ॥ ਗੁਰਮੁਖਿ ਪ੍ਰਾਣੀ ਮੁਕਤੁ ਹੈ, ਹਰਿ ਹਰਿ ਨਾਮੁ ਸਮਾਲਿ ॥੨॥ ਹੇ ਊਂਠ ਵਾਂਙ ਭਟਕ ਰਹੇ ਮਨ! ਵਿਚਾਰਵਾਨ ਬਣ, ਮਨਮੁਖ ਲੋਕ ਮਾਇਆ ਦੇ ਵੱਡੇ ਜਾਲ ਵਿਚ ਫਸੇ ਹੋਏ ਹਨ।(ਪਰ ਇਸ ਦੇ ਉਲਟ ਜੋ) ਮਨੁੱਖ ਗੁਰਮੁਖ ਹੈ, (ਉਹ) ਹਰਿ ਹਰਿ ਨਾਮ ਸਿਮਰ ਕੇ (ਮਾਇਆ ਦੇ ਜਾਲ ਤੋਂ) ਮੁਕਤ ਹੋ ਗਿਆ ਹੈ।੨।

ਮਨ ਕਰਹਲਾ ਮੇਰੇ ਪਿਆਰਿਆ, ਸਤਸੰਗਤਿ ਸਤਿਗੁਰੁ ਭਾਲਿ ॥ ਸਤਸੰਗਤਿ ਲਗਿ ਹਰਿ ਧਿਆਈਐ, ਹਰਿ ਹਰਿ ਚਲੈ ਤੇਰੈ ਨਾਲਿ ॥੩॥ ਹੇ ਊਂਠ ਵਾਂਗ ਬੇ ਮੁਹਾਰ ਹੋਏ ਮੇਰੇ ਪਿਆਰੇ ਮਨ! ਸਤ ਸੰਗਤ ਵਿਚ ਜਾ ਕੇ ਸਤਿਗੁਰੂ ਨੂੰ ਲੱਭ।ਸਤਸੰਗਤ ਨਾਲ ਲਗ ਕੇ ਹਰੀ ਦਾ ਨਾਮ ਸਿਮਰਨਾ ਚਾਹੀਦਾ ਹੈ, (ਕਿਉਂਕਿ) ਹਰਿ ਹਰਿ ਨਾਮ ਪ੍ਰਲੋਕ ਵਿਚ ਤੇਰੇ ਨਾਲ ਚਲੇਗਾ (ਸਹਾਈ ਹੋਵੇਗਾ)।੩।

ਅੰਗ ੨੩੫ = ਮਨ ਕਰਹਲਾ ਵਡਭਾਗੀਆ, ਹਰਿ ਏਕ ਨਦਰਿ ਨਿਹਾਲਿ ॥ ਆਪਿ ਛਡਾਏ ਛੁਟੀਐ, ਸਤਿਗੁਰ ਚਰਣ ਸਮਾਲਿ ॥੪॥ਹੇ ਊਂਠ ਵਾਂਗ ਭਟਕਦੇ ਬੇ ਮੁਹਾਰ ਮਨ! (ਤੂੰ) ਵੱਡੇ ਭਾਗਾਂ ਵਾਲਾ ਬਣ, (ਸਭ ਵਿਚ ਅਪਣੀ) ਨਜਰ ਨਾਲ ਇਕੋ ਹਰੀ ਨੂੰ ਹੀ ਦੇਖ (ਸ਼ਬਦਾਰਥ; ਸੰ.ਸ.)।ਹਰੀ ਮੇਹਰ ਭਰੀ ਇਕੋ ਨਜਰ ਨਾਲ ਨਿਹਾਲ ਕਰ ਦੇਂਦਾ ਹੈ (ਸੰ.ਪੋ.)।ਪ੍ਰਭੂ ਆਪ (ਮਾਇਆ ਦੇ ਵੱਡੇ ਜਾਲ ਤੋਂ) ਛੁਡਾਵੇ ਤਾਂ ਹੀ ਸਤਿਗੁਰੂ ਦੇ ਚਰਣਾਂ ਦੀ ਹਿਰਦੇ ਵਿਚ ਸੰਭਾਲ ਕਰਕੇ (ਇਸ ਜਾਲ ਵਿਚੋਂ) ਛੁੱਟ ਸਕੀਦਾ ਹੈ।੪।

ਮਨ ਕਰਹਲਾ ਮੇਰੇ ਪਿਆਰਿਆ, ਵਿਚਿ ਦੇਹੀ ਜੋਤਿ ਸਮਾਲਿ ॥ ਗੁਰਿ ਨਉ ਨਿਧਿ ਨਾਮੁ ਵਿਖਾਲਿਆ, ਹਰਿ ਦਾਤਿ ਕਰੀ ਦਇਆਲਿ ॥੫॥ ਹੇ ਊਂਠ ਵਾਂਗ ਭਟਕਦੇ ਮੇਰੇ ਪਿਆਰੇ ਮਨ! (ਤੇਰੀ) ਦੇਹ ਦੇ ਅੰਦਰ ਹੀ ਰੱਬੀ ਜੋਤ ਹੈ, (ਤੂੰ ਇਸ ਨੂੰ) ਸੰਭਾਲ (ਯਾਦ ਕਰ)। ਦਇਆ ਕਰਨ ਵਾਲੇ ਹਰੀ ਨੇ ਦਾਤ ਕੀਤੀ (ਗੁਰੂ ਮਿਲਾ ਦਿਤਾ, ਅਤੇ) ਗੁਰੂ ਨੇ ਨੌਂ ਨਿਧੀਆਂ ਦਾ ਖਜਾਨਾ ਪ੍ਰਭੂ ਦਾ ਨਾਮ (ਦੇਹ ਦੇ ਅੰਦਰ ਹੀ) ਦਿਖਾ ਦਿਤਾ।੫।

ਪਦਾਰਥ = ਕਰਹਲਾ-(ਬੇ ਮੁਹਾਰਾ) ਊਂਠ।ਵੀਚਾਰੀਆ-ਵਿਚਾਰਵਾਨ।ਬਨ-ਜੰਗਲ।ਫਿਰਿ-ਘੁੰਮ ਫਿਰ ਕੇ।ਬਨ ਵਾਸੀਆ-ਜੰਗਲ ਵਿਚ ਵਸਣਾ ਵਾਲਾ (ਬਾਨ ਪ੍ਰਸਤ)।ਪਿਰੁ-ਮਾਲਕ ਪ੍ਰਭੂ।ਨਿਹਾਲਿ-ਦੇਖ ਲੈ।੧।ਸਮਾਲਿ-ਯਾਦ ਕਰ।੧।ਰਹਾਉ।ਫਾਥਿਆ-ਫਸਿਆ ਹੈ।ਮਹਾ ਜਾਲਿ-ਮੋਹ ਮਾਇਆ ਦੇ ਵੱਡੇ ਜਾਲ ਵਿਚ।੨।ਭਾਲਿ-ਲੱਭ।ਚਲੈ ਨਾਲਿ-ਸਾਥ ਚਲੇਗਾ।੩।ਨਦਰਿ-ਨਜਰ ਨਾਲ।ਨਿਹਾਲਿ-ਦੇਖ; ਨਿਹਾਲ ਕਰ ਦੇਂਦਾ ਹੈ।ਛਡਾਏ-(ਬੰਧਨਾਂ ਤੋਂ) ਛੁਡਾਏ।ਸਮਾਲਿ-ਸੰਭਾਲ ਕੇ।੪।ਵਿਚਿ ਦੇਹੀ-ਸਰੀਰ ਦੇ ਅੰਦਰ।ਨਉ ਨਿਧਿ-ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ)।ਹਰਿ ਦਇਆਲਿ-ਦਇਆ ਕਰਨ ਵਾਲੇ ਹਰੀ ਨੇ।੫।

ਮਨ ਕਰਹਲਾ ਤੂੰ ਚੰਚਲਾ, ਚਤੁਰਾਈ ਛਡਿ ਬਿਕਰਾਲਿ ॥ ਹਰਿ ਹਰਿ ਨਾਮੁ ਸਮਾਲਿ ਤੂੰ ,ਹਰਿ ਮੁਕਤਿ ਕਰੇ ਅੰਤ ਕਾਲਿ ॥੬॥ ਹੇ ਊਂਠ ਦੀ ਨਿਆਈਂ ਬੇ ਮੁਹਾਰ ਮਨ! ਤੂੰ (ਬੜਾ) ਚੰਚਲ ਹੈਂ, (ਇਸ) ਭਿਆਨਕ ਚਤਰਾਈ ਨੂੰ ਛਡ ਦੇ।ਤੂੰ ਪ੍ਰਭੂ ਦਾ ਹਰਿ ਹਰਿ ਨਾਮ ਨੂੰ ਯਾਦ ਕਰ, ਅੰਤ ਵੇਲੇ ਹਰੀ (ਤੈਨੂੰ ਜਨਮ ਮਰਣ ਤੋਂ) ਮੁਕਤ ਕਰ ਦੇਵੇਗਾ।੬।

ਮਨ ਕਰਹਲਾ ਵਡਭਾਗੀਆ, ਤੂੰ ਗਿਆਨੁ ਰਤਨੁ ਸਮਾਲਿ ॥ ਗੁਰ ਗਿਆਨੁ ਖੜਗੁ ਹਥਿ ਧਾਰਿਆ, ਜਮੁ ਮਾਰਿਆੜਾ ਜਮਕਾਲਿ ॥੭॥ ਹੇ ਵੱਡੇ ਭਾਗਾਂ ਵਾਲੇ ਊਂਠ ਵਾਂਗ ਭਟਕਦੇ ਬੇ ਮੁਹਾਰ ਮਨ! ਤੂੰ ਗਿਆਨ ਰੂਪ ਰਤਨ ਨੂੰ ਸੰਭਾਲ ਕੇ ਰੱਖ।(ਜਿਸ ਮਨੁੱਖ ਨੇ) ਗੁਰੂ ਦਾ ਗਿਆਨ ਰੂਪ ਖੰਡਾ ਹੱਥ ਵਿਚ ਫੜ ਲਿਆ, (ਉਸ ਨੇ ਜੋ) ਕਾਲ ਕਰਨ ਵਾਲਾ ਜਮ ਸੀ, (ਉਸ) ਜਮ ਨੂੰ ਮਾਰ ਦਿਤਾ; ਗੁਰੂ ਦੇ ਗਿਆਨ ਖੜਗ ਰੂਪ ਜਮ ਕਾਲ ਨੇ ਜਮ ਨੂੰ ਮਾਰ ਦਿਤਾ (ਗਿਆਨ ਖੜਗ ਨੂੰ ਜਮ ਕਾਲ ਕਿਹਾ ਹੈ) ਸ਼ਬਦਾਰਥ।੭।

ਅੰਤਰਿ ਨਿਧਾਨੁ ਮਨ ਕਰਹਲੇ, ਭ੍ਰਮਿ ਭਵਹਿ ਬਾਹਰਿ ਭਾਲਿ ॥ ਗੁਰੁ ਪੁਰਖੁ ਪੂਰਾ ਭੇਟਿਆ, ਹਰਿ ਸਜਣੁ ਲਧੜਾ ਨਾਲਿ ॥੮॥ ਹੇ ਊਂਠ ਵਾਂਗ ਭਟਕਦੇ ਮਨ! ਨਾਮ ਦਾ ਖਜਾਨਾ ਤੇਰੇ ਅੰਦਰ ਹੀ ਹੈ, (ਪਰ) ਭਰਮ ਵਿਚ ਪੈ ਕੇ (ਤੂੰ ਉਸ ਨੂੰ) ਬਾਹਰ ਖੋਜਦਾ ਫਿਰਦਾ ਹੈਂ।(ਜਿਸ ਪੁਰਖ ਨੂੰ) ਪੂਰਾ ਗੁਰੂ ਮਿਲ ਗਿਆ ਹੈ, (ਉਸਨੇ) ਹਰੀ ਸੱਜਣ ਅਪਣੇ ਨਾਲ ਵਸਦਾ ਲੱਭ ਲਿਆ ਹੈ।੮।

ਰੰਗਿ ਰਤੜੇ ਮਨ ਕਰਹਲੇ, ਹਰਿ ਰੰਗੁ ਸਦਾ ਸਮਾਲਿ ॥ ਹਰਿ ਰੰਗੁ ਕਦੇ ਨ ਉਤਰੈ, ਗੁਰ ਸੇਵਾ ਸਬਦੁ ਸਮਾਲਿ ॥੯॥ ਮਾਇਆ ਦੇ ਪ੍ਰੇਮ ਵਿਚ ਰੰਗੇ ਹੇ ਊਂਠ ਵਾਂਗ ਭਟਕ ਰਹੇ ਮਨ! ਹਰੀ ਦੇ ਪ੍ਰੇਮ ਨੂੰ ਸਦਾ ਸੰਭਾਲ ਕੇ ਰੱਖ।ਹਰੀ ਦਾ ਪ੍ਰੇਮ ਰੰਗ ਕਦੇ ਉਤਰਦਾ ਨਹੀ, (ਇਹ ਰੰਗ ਪ੍ਰਾਪਤ ਕਰਨ ਲਈ) ਗੁਰੂ ਦੀ ਸੇਵਾ ਕਰ ਅਤੇ ਗੁਰੂ ਦੇ ਸ਼ਬਦ ਨੂੰ (ਹਿਰਦੇ ਵਿਚ) ਸੰਭਾਲ ਕੇ ਰੱਖ।੯।

ਹਮ ਪੰਖੀ ਮਨ ਕਰਹਲੇ, ਹਰਿ ਤਰਵਰੁ ਪੁਰਖੁ ਅਕਾਲਿ ॥ ਵਡਭਾਗੀ ਗੁਰਮੁਖਿ ਪਾਇਆ, ਜਨ ਨਾਨਕ ਨਾਮੁ ਸਮਾਲਿ ॥੧੦॥੨॥

All Rights Reserved by Harjinder Singh Gyani | www.GuruGranthVakhyaan.org

ਹੇ ਊਂਠ ਵਾਂਗ ਬੇ ਨਕੇਲ ਹੋਏ ਮਨ! ਅਸੀਂ (ਸਾਰੇ ਜੀਵ) ਪੰਛੀ ਹਾਂ, ਹਰੀ ਦਰੱਖਤ ਰੂਪ ਹੈ (ਹਰੀ ਸਭ ਦਾ ਆਸਰਾ ਰੂਪ ਹੈ), ਜੋ ਸਰਬ ਵਿਆਪਕ ਤੇ ਕਾਲ ਤੋਂ ਰਹਿਤ ਹਸਤੀ ਹੈ। ਦਾਸ ਨਾਨਕ ਆਖਦੇ ਹੈ ਕਿ ਕਿਸੇ ਵੱਡੇ ਭਾਗਾਂ ਵਾਲੇ ਪੁਰਖ ਨੇ ਗੁਰੂ ਦੁਆਰਾ ਨਾਮ ਨੂੰ ਸਿਮਰ ਕੇ ਪ੍ਰਮਾਤਮਾ ਨੂੰ ਪਾਇਆ ਹੈ।੧੦।੨।

ਪਦਾਰਥ = ਬਿਕਰਾਲਿ–ਭਿਆਨਕ। ਅੰਤ ਕਾਲਿ–ਅੰਤ ਵੇਲੇ।੬। ਗਿਆਨੁ ਖੜਗੁ–ਗਿਆਨ ਰੂਪ ਖੰਡਾ। ਧਾਰਿਆ–ਫੜਿਆ। ਜਮ ਕਾਲਿ–ਮਾਰਨ ਵਾਲੇ ਜਮ (ਗਿਆਨ ਰੂਪ ਖੰਡੇ) ਨੇ।੭। ਅੰਤਰਿ–(ਹਿਰਦੇ ਦੇ) ਅੰਦਰ। ਨਿਧਾਨੁ–ਖਜਾਨਾ। ਭਵਹਿ–ਫਿਰਦਾ ਹੈ। ਭਾਲਿ –ਖੋਜਦਾ ਹੈ। ਭੇਟਿਆ–ਮਿਲਿਆ ਹੈ। ਲਧੜਾ–ਲੱਭ ਲਿਆ।੮। ਰੰਗਿ ਰਤੇ–ਮਾਇਆ ਦੇ ਰੰਗ ਵਿਚ ਰੰਗਿਆ। ਹਰਿ ਰੰਗੁ–ਹਰੀ ਦਾ ਪ੍ਰੇਮ ਰੰਗ। ਨ ਉਤਰੈ–ਉਤਰਦਾ ਨਹੀਂ (ਫਿੱਕਾ ਨਹੀਂ ਪੈਂਦਾ)। ਪੰਖੀ–ਪੰਛੀ। ਤਰਵਰੁ–ਦਰੱਖਤ।੧੦।੨।

ਜਮ ਕਾਲਿ = ਜਮ ਕਾਲ ਨੇ ਜਮ ਨੂੰ ਮਾਰਿਆ। ਧਰਮਰਾਜ ਨੇ ਜਮ ਨੂੰ ਰੋਕ ਦਿਤਾ ਕਿ ਜਿਥੇ ਗਿਆਨ ਹੈ, ਉਥੇ ਨਹੀਂ ਜਾਣਾ {ਜਹ ਸਾਧੂ ਗੋਬਿੰਦ ਭਜਨੁ ਕੀਰਤਨ ਨਾਨਕ ਨੀਤੁ। ਣਾ ਹਉ ਣਾ ਤੂੰ ਛੁਟਹਿ....੨੫੬}। ਗਿਆਨ ਦੀ ਖੜਗ ਜਮ ਲਈ ਜਮ ਕਾਲ ਹੀ ਹੈ। ਗਿਆਨੀ ਉਤੇ ਜਮ ਹਾਵੀ ਨਹੀਂ ਹੁੰਦਾ। ਗਿਆਨੀ ਜੀਵਤ ਭਾਵ ਤੋਂ ਮਰ ਜਾਂਦਾ ਹੈ, ਮਰੇ ਹੋਏ ਨੂੰ ਜਮ ਨੇ ਕੀ ਮਾਰਨਾ ਹੈ? ਉਹ ਤਾਂ ਕਾਲ ਚੱਕ੍ਰ ਤੋਂ ਮੁਕਤ ਹੋ ਗਿਆ। ਇਸੇ ਲਈ ਕਿਹਾ ਹੈ ਕਿ ਜਮ ਕਾਲ ਨੇ ਜਮ ਨੂੰ ਮਾਰ ਦਿਤਾ (ਸੰ.ਪੋ. ਦਾ ਸਾਰੰਸ਼)।

ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥ ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥ ਜਦ ਇਹ ਜੀਵ ਮਨ ਵਿਚ (ਘਰ, ਧਨ, ਉਲਾਦ ਤੇ ਵਿਦਿਆ ਆਦਿ ਦਾ) ਹੰਕਾਰ ਕਰਦਾ ਹੈ। ਤਾਂ ਇਹ ਮਨੁੱਖ ਪਾਗਲ ਹੋਇਆ ਤੇ (ਵਾਹਿਗੁਰੂ ਤੋਂ) ਪਰਾਇਆ ਹੋਇਆ ਤੁਰਿਆ ਫਿਰਦਾ ਹੈ। ਜਦ ਇਹ ਜੀਵ ਸਭ ਦੇ ਚਰਨਾਂ ਦੀ ਧੂੜ ਹੋ ਗਿਆ। ਤਦ ਤੋਂ ਇਸ ਮਨੁੱਖ ਨੇ ਘਟ ਘਟ ਵਿਚ ਰਮੇ ਹੋਏ ਪ੍ਰਭੂ ਨੂੰ ਪਛਾਣ ਲਿਆ।੧।

ਸਹਜ ਸੁਹੇਲਾ ਫਲੁ ਮਸਕੀਨੀ ॥ ਸਤਿਗੁਰ ਅਪਨੈ ਮੋਹਿ ਦਾਨੁ ਦੀਨੀ ॥੧॥ਰਹਾਉ॥ ਕੁਦਰਤੀ ਹੀ ਮੈਂ ਸੁਖੀ ਹੋ ਗਿਆ ਹਾਂ, ਗਰੀਬੀ ਧਾਰਨ ਦਾ ਇਹ ਫਲ ਮਿਲਿਆ ਹੈ। (ਗਰੀਬੀ ਦਾ ਇਹ) ਦਾਨ ਮੈਨੂੰ ਅਪਨੇ ਸਤਿਗੁਰੂ ਨੇ ਦਿਤਾ ਹੈ।੧। ਰਹਾਉ।

ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥ ਮੇਰ ਤੇਰ ਜਬ ਇਨਹਿ ਚੁਕਾਈ ॥ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥ ਜਦ ਇਹ ਮਨੁੱਖ ਕਿਸੇ ਨੂੰ ਮੰਦਾ ਜਾਣਦਾ ਹੈ। ਤਦ ਸਾਰੇ ਲੋਕ ਇਸ (ਮਨੁੱਖ) ਲਈ ਜਾਲ ਫੈਲਾਉਂਦੇ ਹਨ (ਬੁਰਾ ਜਾਣਦੇ ਹਨ)। ਜਦ ਇਸ ਨੇ ਮੇਰ ਤੇਰ ਦੀ ਭਾਵਨਾ ਦੂਰ ਕਰ ਦਿਤੀ। ਤਦ ਤੋਂ ਇਸ ਨਾਲ ਕੋਈ ਬੈਰ ਨਹੀਂ ਕਰਦਾ।੨।

ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥ ਜਬ ਇਨਿ ਕਰਣੈਹਾਰੁ ਪਛਾਤਾ ॥ ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥ ਜਦ ਇਸ ਮਨੁੱਖ ਨੇ ਅਪਣੀ ਅਪਣੀ (ਮਾਇਆ ਤੇ ਪਦਾਰਥਾਂ ਦੀ ਮਮਤਾ) ਧਾਰ ਲਈ ਹੈ। ਤਦ ਇਸ ਨੂੰ ਬੜੀ ਭਾਰੀ ਮੁਸ਼ਕਲ ਆ ਬਣਦੀ ਹੈ। ਜਦ ਇਸ ਮਨੁੱਖ ਨੇ ਕਰਤਾਰ ਨੂੰ ਪਛਾਣ ਲਿਆ ਹੈ। ਤਦ ਇਸ ਨੂੰ ਕੋਈ ਸਾੜਾ ਨਹੀਂ ਰਹਿੰਦਾ।੩।

ਜਬ ਇਨਿ ਅਪੁਨੋ ਬਾਧਿਓ ਮੋਹਾ ॥ ਆਵੈ ਜਾਇ ਸਦਾ ਜਮਿ ਜੋਹਾ ॥ ਜਬ ਤਿਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥ ਜਦ ਇਸ ਨੇ (ਦੁਨੀਆਂ ਨਾਲ) ਅਪਨਾ ਮੋਹ ਬੰਨ੍ਹ ਲਿਆ (ਚੀਜਾਂ ਵਿਚ ਮੋਹ ਪੱਕਾ ਕੀਤਾ। ਤਦ ਇਹ) ਜੰਮਦਾ ਮਰਦਾ ਰਹਿੰਦਾ ਹੈ ਤੇ ਜਮ ਨੇ ਸਦਾ ਇਸ ਵੱਲ ਨਜਰ ਰੱਖੀ। ਜਦ ਇਸ ਦੇ ਦਿਲ ਵਿਚੋਂ ਭਰਮ ਨਾਸ਼ ਹੋ ਗਿਆ। (ਫਿਰ ਉਸ ਮਨੁੱਖ ਤੇ) ਪਾਰਬ੍ਰਹਮ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ।੪।

ਪਦਾਰਥ = ਜਬ–ਜਦੋਂ। ਇਹੁ–ਇਹ ਜੀਵ। ਗੁਮਾਨਾ–ਹੰਕਾਰ। ਬਾਵਰੁ–ਪਾਗਲ। ਬਿਗਾਨਾ–ਓਪਰਾ। ਰੀਨਾ–ਚਰਨ ਧੂੜ। ਤਾ ਤੇ–ਤਦ ਤੋਂ। ਰਮਈਆ–ਸਭ ਵਿਚ ਰਮਿਆ ਪ੍ਰਭੂ। ਘਟਿ ਘਟਿ–ਹਰੇਕ ਦੇ ਸਰੀਰ ਵਿਚ। ਚੀਨਾ–ਪਛਾਣ ਲਿਆ; ਦੇਖ ਲਿਆ।੧। ਸਹਜ–ਸੁਤੇ ਸਿੱਧ; ਕੁਦਰਤੀਂ। ਸੁਹੇਲਾ–ਸੁਖੀ। ਮਸਕੀਨੀ–ਗਰੀਬੀ (ਨਿਮ੍ਰਤਾ)। ਅਪਨੈ–ਅਪਣੇ ਨੇ। ਮੋਹਿ–ਮੈਨੂੰ। ਦੀਨੀ–ਦਿਤੀ।੧। ਰਹਾਉ। ਕਿਸ ਕਉ–ਕਿਸੇ ਨੂੰ। ਸਗਲੇ–ਸਾਰੇ ਲੋਕ। ਫੰਦਾ–ਜਾਲ। ਮੇਰ ਤੇਰ–ਮੇਰਾਪਣ ਤੇ ਤੇਰਾਪਣ (ਵਿਤਕਰਾ)। ਇਨਹਿ–ਇਸ ਨੇ। ਚੁਕਾਈ–ਮਿਟਾ ਦਿਤੀ। ਬੈਰਾਈ–ਬੈਰ।੨। ਇਨਿ–ਇਸ ਨੇ। ਅਪਨੀ ਅਪਨੀ–ਮੇਰੀ ਮੇਰੀ (ਹਰ ਚੀਜ ਅਪਣੀ ਬਣਾ ਲਈ) ਧਾਰੀ–ਟਿਕਾ ਲਈ। ਕਰਣੈਹਾਰ–ਸਿਰਜਨਹਾਰ ਵਾਹਿਗੁਰੂ। ਤਾਤਾ–ਸਾੜਾ; ਈਰਖਾ।੩। ਬਾਧਿਓ–ਬੰਨ੍ਹ (ਪੱਕਾ ਕਰ) ਲਿਆ। ਆਵੈ ਜਾਵੈ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਜਮਿ–ਜਮ ਨੇ। ਜੋਹਾ–ਨਜਰ ਰੱਖਦਾ ਹੈ। ਭੇਦੁ–ਫਰਕ।੪।

ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥ ਜਬ ਇਨਿ ਏਕੋ ਏਕੀ ਬੂਝਿਆ ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥ ਜਦ ਇਸ ਮਨੁੱਖ ਨੇ (ਅਪਣੇ ਤੇ ਰੱਬ ਵਿਚ; ਅਪਣੇ ਤੋਂ ਦੂਜਿਆਂ ਵਿਚ) ਕੁਛ ਫਰਕ ਮੰਨ ਲਿਆ। ਤਦ ਤੋਂ ਇਸ ਨੂੰ

All Rights Reserved by Harjinder Singh Gyani | www.GuruGranthVakhyaan.org

ਦੁਖ, ਜਮਾਂ ਦਾ ਦੰਡ ਅਤੇ ਮਾਨਸਕ ਕਲੇਸ਼ ਸਹਿਣੇ ਪਏ ਹਨ। ਜਦ ਇਸ (ਮਨੁੱਖ) ਨੇ ਕੇਵਲ ਇਕੋ ਇਕ ਪ੍ਰਭੂ ਨੂੰ ਜਾਣ ਲਿਆ ਹੈ। ਤਦ ਤੋਂ (ਸਾਰੇ ਭੇਦ ਦੂਰ ਹੋ ਗਏ ਤੇ) ਇਸ ਨੂੰ ਸਭ ਕੁਛ ਸੁੱਝ ਪਿਆ (ਅਨੁਭਵੀ ਗਿਆਨ ਹੋ ਗਿਆ)।੫।

ਜਬ ਇਹੁ ਧਾਵੈ ਮਾਇਆ ਅਰਥੀ ॥ ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥ ਜਬ ਇਸ ਤੇ ਇਹੁ ਹੋਇਓ ਜਉਲਾ ॥ ਪੀਛੈ ਲਾਗਿ ਚਲੀ ਉਠਿ ਕਉਲਾ ॥੬॥ ਜਦ ਇਹ (ਮਨੁੱਖ) ਮਾਇਆ ਦਾ ਲੋੜਵੰਦ ਹੋ ਕੇ ਦੌੜਦਾ ਹੈ। (ਤਦ ਇਹ) ਰੱਜਦਾ ਨਹੀ ਅਤੇ ਨਾ ਹੀ (ਇਸ ਦੀ) ਤ੍ਰਿਸ਼ਨਾ ਦੂਰ ਹੁੰਦੀ ਹੈ। ਜਦ ਇਹ ਮਨੁੱਖ ਇਸ (ਮਾਇਆ) ਤੋਂ ਜੁਦਾ ਹੁੰਦਾ ਹੈ। ਤਾਂ ਮਾਇਆ ਉਠ ਕੇ ਪਿੱਛੇ ਲਗ ਤੁਰਦੀ ਹੈ।੬।

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥ ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥ ਜਦ ਕਿਰਪਾ ਕਰਕੇ ਸਤਿਗੁਰੂ ਮਿਲ ਪਿਆ। ਤਾਂ ਮਨ ਮੰਦਰ ਵਿਚ ਗਿਆਨ ਦਾ ਦੀਵਾ ਜਲ ਪਿਆ। ਤਦ ਜਿਤ ਹਾਰ ਦੀ ਸੋਝੀ ਪ੍ਰਾਪਤ ਕਰ ਲਈ (ਕਿ ਸਿਮਰਨ ਕਰਕੇ ਜੀਵਨ ਸਫਲ ਤੇ ਵਿਕਾਰਾਂ ਵਿਚ ਪੈ ਕੇ ਜੀਵਨ ਨਿਸਫਲ ਹੁੰਦਾ ਹੈ) ਤਾਂ ਇਸ ਸਰੀਰ ਘਰ ਦੀ ਕੀਮਤ (ਕਦਰ) ਪੈ ਗਈ। = ਸੰਸਾਰੀ ਲੋਕ ਦੁਨਿਆਵੀ ਤਰੱਕੀ ਤੇ ਘਾਟੇ ਨੂੰ ਜਿਤ ਹਾਰ ਕਹਿ ਦੇਂਦੇ ਹਨ। ਪਰ ਜਿਸ ਨੂੰ ਅਸਲ ਜਿਤ ਹਾਰ ਦੀ ਸਮਝ ਪਈ ਹੈ, ਉਸ ਨੇ ਇਸ ਮਨੁੱਖਾ ਜਨਮ ਰੂਪ ਘਰ ਦੀ ਕਦਰ ਜਾਣੀ ਹੈ (ਸ਼ਬਦਾਰਥ)।੭।

ਅੰਗ ੨੩੬ = ਕਰਨ ਕਰਾਵਨ ਸਭੁ ਕਿਛੁ ਏਕੈ ॥ ਆਪੇ ਬੁਧਿ ਬੀਚਾਰਿ ਬਿਬੇਕੈ ॥ ਦੂਰਿ ਨ ਨੇਰੈ ਸਭ ਕੈ ਸੰਗਾ ॥ ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥ ਸਭ ਕੁਛ ਕਰਨ ਤੇ ਕਰਾਉਣ ਵਾਲਾ ਇਕ ਪ੍ਰਭੂ ਹੀ ਹੈ। ਉਹ ਆਪੇ ਬੁਧ ਵਿਚਾਰ ਤੇ ਨਿਰਣੇ ਨਾਲ ਇਹ ਪ੍ਰਬੰਧ ਚਲਾ ਰਿਹਾ ਹੈ (ਸ਼ਬਦਾਰਥ)। ਪ੍ਰਭੂ ਆਪ ਹੀ ਜੀਵ ਨੂੰ ਬੁੱਧੀ ਬਖਸ਼ਦਾ ਹੈ (ਜਿਸ ਦੁਆਰਾ ਜੀਵ) ਵਿਚਾਰ ਕੇ ਗਿਆਨਾ ਹਾਸਲ ਕਰਦਾ ਹੈ। (ਗਿਆਨ ਦੇ ਫਲ ਸਰੂਪ ਜਾਣ ਲੈਂਦਾ ਹੈ ਕਿ) ਪ੍ਰਭੂ ਨਾ ਦੂਰ ਹੈ, ਨਾ ਨੇੜੇ ਹੈ (ਨੇੜੇ ਆਖਣ ਤੇ ਵੀ ਦੂਜਾ ਪਣ ਦਾ ਭਾਵ ਪ੍ਰਗਟ ਹੁੰਦਾ ਹੈ, ਪ੍ਰਭੂ ਤਾਂ) ਸਭ ਦੇ ਅੰਗ ਸੰਗ ਹੈ। ਹੇ ਨਾਨਕ! ਐਸੇ ਸਚੇ ਹਰੀ ਨੂੰ ਪ੍ਰੇਮ ਨਾਲ ਸਲਾਹੁਣਾ ਚਾਹੀਦਾ ਹੈ।੮।੧।

ਪਦਾਰਥ = ਮਾਨੇ–ਮੰਨ ਲਿਆ। ਭੇਦਾ–ਵਖਰੇਵਾਂ। ਡੰਡ–ਦੰਡ। ਅਰੁ–ਅਤੇ। ਖੇਦਾ–ਕਲੇਸ਼; ਘਬਰਾਹਟ। ਏਕੋ ਏਕੀ–ਇਕ ਪ੍ਰਭੂ ਨੂੰ।੫। ਧਾਵੈ–ਦੌੜਦਾ ਹੈ। ਅਰਥੀ–ਲੋੜਵੰਦ ਹੋ ਕੇ। ਨਹ ਤ੍ਰਿਪਤਾਵੈ–ਰੱਜਦਾ ਨਹੀਂ। ਤਿਸ–ਪਿਆਸ; ਤ੍ਰਿਸ਼ਨਾ। ਲਾਥੀ–ਲਹਿ ਗਈ। ਜਉਲਾ–ਵੱਖਰਾ; ਤਿਆਗੀ; ਦੌੜਿਆ। ਕਉਲਾ–ਕਮਲਾ (ਲੱਛਮੀ ਭਾਵ ਮਾਇਆ)।੬। ਜਉ–ਜਦ। ਦੀਪਕੁ–ਦੀਵਾ। ਜਲਿਓ–ਜਗ ਪਿਆ। ਤਉ –ਤਦ। ਕੀਮਤਿ–ਕਦਰ। ਪਰੀ–ਪਈ।੭। ਏਕੈ–ਇਕ ਪ੍ਰਭੂ। ਬਿਬੇਕੈ–ਗਿਆਨ। ਸੰਗਾ–ਅੰਗ ਸੰਗ। ਰੰਗਾ–ਪ੍ਰੇਮ।੮।੧।

ਗਉੜੀ ਮਹਲਾ ੫ ॥ ਗੁਰ ਸੇਵਾ ਤੇ ਨਾਮੇ ਲਾਗਾ ॥ ਤਿਸ ਕਉ ਮਿਲਿਆ, ਜਿਸੁ ਮਸਤਕਿ ਭਾਗਾ ॥ ਤਿਸ ਕੈ ਹਿਰਦੈ ਰਵਿਆ ਸੋਇ ॥ ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥ ਗੁਰੂ ਦੀ ਸੇਵਾ ਕਰਨ ਨਾਲ (ਹੀ ਮਨੁੱਖ) ਨਾਮ ਸਿਮਰਨ ਵਿਚ ਲਗਦਾ ਹੈ। (ਪਰ ਨਾਮ ਉਸ ਨੂੰ) ਮਿਲਿਆ ਹੈ, ਜਿਸ ਮਨੁੱਖ ਦੇ ਮੱਥੇ ਉਤੇ ਚੰਗੇ ਭਾਗ ਹੁੰਦੇ ਹਨ। ਉਸ ਮਨੁੱਖ ਦੇ ਹਿਰਦੇ ਵਿਚ ਉਹ ਪ੍ਰਭੂ ਵਸਿਆ ਹੈ। ਅਤੇ ਉਸਦਾ ਮਨ ਤਨ ਸੀਤਲ ਹੋ ਜਾਂਦਾ ਹੈ ਤੇ ਅਡੋਲ ਹੋ ਜਾਂਦਾ ਹੈ (ਮਨ ਦੀ ਦੌੜ ਭੱਜ ਮੁਕ ਜਾਂਦੀ ਹੈ)।੧।

ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ਰਹਾਉ॥ ਹੇ ਮੇਰੇ ਮਨ! ਤੂੰ ਇਹੋ ਜਿਹਾ ਕੀਰਤਨ ਕਰ; ਐਸਾ ਜੋ ਪ੍ਰਭੂ ਹੈ, ਉਸਦਾ ਜਸ ਕਰ (ਸੰ.ਸ.)। ਜੋ ਇਥੇ ਉਥੇ (ਲੋਕ ਪ੍ਰਲੋਕ ਵਿਚ) ਤੇਰੇ ਕੰਮ ਆਵੇ।੧। ਰਹਾਉ।

ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥ ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ ਜਾਸੁ ਜਪਤ ਇਹ ਹਉਮੈ ਭਾਗੈ ॥੨॥ ਜਿਸ ਵਾਹਿਗੁਰੂ ਨੂੰ ਜਪਣ ਨਾਲ ਡਰ ਤੇ ਬਿਪਤਾ ਮਿਟ ਜਾਂਦੀ ਹੈ। ਦੌੜਦਾ ਮਨ ਟਿਕਾਣੇ ਆ ਜਾਂਦਾ ਹੈ। ਜਿਸ ਵਾਹਿਗੁਰੂ ਨੂੰ ਜਪਣ ਨਾਲ ਮੁੜ ਕੇ ਦੁਖ ਨਹੀਂ ਲਗਦਾ। ਜਿਸ ਨੂੰ ਜਪਣ ਨਾਲ ਇਹ ਹਉਮੈ ਦੌੜ (ਦੂਰ ਹੋ) ਜਾਂਦੀ ਹੈ।੨।

ਜਾਸੁ ਜਪਤ ਵਸਿ ਆਵਹਿ ਪੰਚਾ ॥ ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ। ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ ਜਾਸੁ ਜਪਤ ਹਰਿ ਦਰਗਹ ਸਿਝੈ ॥੩॥ ਜਿਸ ਵਾਹਿਗੁਰੂ ਨੂੰ ਜਪਣ ਨਾਲ ਪੰਜ (ਕਾਮਾਦਿਕ) ਵਸ ਵਿਚ ਆ ਜਾਂਦੇ ਹਨ। ਜਿਸ ਨੂੰ ਜਪਣ ਨਾਲ ਹਿਰਦੇ ਵਿਚ ਅੰਮ੍ਰਿਤ ਜਮ੍ਹਾ ਹੋ ਜਾਂਦਾ ਹੈ। ਜਿਸ ਵਾਹਿਗੁਰੂ ਨੂੰ ਜਪਣ ਨਾਲ ਇਹ ਤ੍ਰਿਸ਼ਨਾ ਬੁਝ ਜਾਂਦੀ ਹੈ। ਜਿਸ ਨੂੰ ਜਪਣ ਨਾਲ ਹਰੀ ਦੀ ਦਰਗਾਹ ਵਿਚ ਸਫਲ ਹੋ ਜਾਈਦਾ ਹੈ।੩।

ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ ਜਾਸੁ ਜਪਤ ਹਰਿ ਹੋਵਹਿ ਸਾਧ ॥ ਜਾਸੁ ਜਪਤ ਮਨੁ ਸੀਤਲੁ ਹੋਵੈ ॥ ਜਾਸੁ ਜਪਤ ਮਲੁ ਸਗਲੀ ਖੋਵੈ ॥੪॥ ਜਿਸ ਨੂੰ ਜਪਣ ਨਾਲ ਕ੍ਰੋੜਾਂ ਪਾਪ ਮਿਟ ਜਾਂਦੇ ਹਨ। ਜਿਸ ਹਰੀ ਨੂੰ ਜਪਣ ਨਾਲ (ਮਨੁੱਖ) ਸਾਧੂ ਬਣ ਜਾਂਦਾ ਹੈ। ਜਿਸ ਨੂੰ ਜਪਣ ਨਾਲ ਮਨ (ਵਿਸ਼ਿਆਂ ਦੀ ਤਪਸ਼ ਤੋਂ) ਸੀਤਲ ਹੋ ਜਾਂਦਾ ਹੈ। ਜਿਸ ਨੂੰ ਜਪਣ ਨਾਲ ਸਾਰੀ ਮੈਲ ਦੂਰ ਕਰ ਲੈਂਦਾ ਹੈ।੪।

ਪਦਾਰਥ = ਤੇ–ਤੋਂ; ਨਾਲ। ਨਾਮੇ–ਨਾਮ ਵਿਚ। ਮਸਤਕਿ–ਮੱਥੇ ਉਤੇ। ਭਾਗਾ–ਚੰਗੇ ਭਾਗ। ਰਵਿਆ–ਵਸਿਆ; ਵਿਆਪਕ ਹੋ ਰਿਹਾ ਹੈ। ਸੋਇ–ਉਹ ਪ੍ਰਭੂ। ਸੀਤਲੁ–ਸ਼ਾਂਤ; ਠੰਢਾ। ਨਿਹਚਲੁ–ਅਡੋਲ।੧। ਈਹਾ–ਇੱਥੇ (ਮਾਤ ਲੋਕ ਵਿਚ)। ਊਹਾ–ਉਥੇ (ਪ੍ਰਲੋਕ ਵਿਚ)। ਕਾਮਿ

All Rights Reserved by Harjinder Singh Gyani | www.GuruGranthVakhyaan.org

-ਕੰਮ (ਫਲਦਾਇਕ)।੧।ਰਹਾਉ।ਜਾਸੁ-ਜਿਸ (ਵਾਹਿਗੁਰੂ) ਨੂੰ।ਅਪਦਾ-ਮੁਸੀਬਤ।ਧਾਵਤ-ਦੌੜਦਾ।ਮਨੂਆ-ਮਨ।ਠਾਇ-ਟਿਕਾਣੇ।ਫਿਰਿ-ਮੁੜ ਕੇ।੨।ਵਸਿ-ਕਾਬੂ ਵਿਚ।ਸੰਚਾ-ਇੱਕਠਾ ਹੁੰਦਾ ਹੈ।ਬੁਝੈ-ਬੁਝ ਜਾਂਦੀ ਹੈ।ਸਿਝੈ-ਸਫਲ ਹੋ ਜਾਂਦਾ ਹੈ।੩।ਕੋਟਿ - ਕ੍ਰੋੜਾਂ।ਅਪਰਾਧ-ਪਾਪ।ਸਾਧ-ਸਾਧੂ; ਸਿੱਧ ਪੁਰਖ।ਖੋਵੈ-ਦੂਰ ਕਰ ਲੈਂਦਾ ਹੈ।੪।

ਜਾਸੁ ਜਪਤ ਰਤਨੁ ਹਰਿ ਮਿਲੈ ॥ ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ ਜਾਸੁ ਜਪਤ ਕਈ ਬੈਕੁੰਠ ਵਾਸੁ ॥ ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥ ਜਿਸ ਨੂੰ ਜਪਣ ਨਾਲ ਹਰੀ ਰੂਪ ਰਤਨ ਮਿਲ ਜਾਂਦਾ ਹੈ।ਹਰੀ ਨਾਲ ਐਸਾ ਗਿਝ ਜਾਂਦਾ ਹੈ, ਮੁੜ ਉਸ ਨੂੰ ਛਡਦਾ ਨਹੀਂ।ਜਿਸ ਨੂੰ ਜਪਣ ਨਾਲ ਕਈ ਬੈਕੁੰਠਾਂ ਦਾ ਨਿਵਾਸ ਪ੍ਰਾਪਤ ਹੋ ਜਾਂਦਾ ਹੈ; ਕਈਆਂ ਨੂੰ ਬੈਕੁੰਠ ਦਾ ਵਾਸਾ ਮਿਲ ਜਾਂਦਾ ਹੈ।ਜਿਸ ਵਾਹਿਗੁਰੂ ਨੂੰ ਜਪਦਿਆਂ ਸਹਜੇ ਹੀ ਸੁਖ ਦਾ ਨਿਵਾਸ ਮਿਲ ਜਾਂਦਾ ਹੈ; ਅਬਿਨਾਸੀ ਸੁਖ ਵਿਚ ਟਿਕਾਣਾ ਮਿਲ ਜਾਂਦਾ ਹੈ।੫।

ਜਾਸੁ ਜਪਤ ਇਹ ਅਗਨਿ ਨ ਪੋਹਤ ॥ ਜਾਸੁ ਜਪਤ ਇਹੁ ਕਾਲੁ ਨ ਜੋਹਤ ॥ ਜਾਸੁ ਜਪਤ ਤੇਰਾ ਨਿਰਮਲ ਮਾਥਾ ॥ ਜਾਸੁ ਜਪਤ ਸਗਲਾ ਦੁਖੁ ਲਾਥਾ ॥੬॥ ਜਿਸ ਵਾਹਿਗੁਰੂ ਨੂੰ ਜਪਣ ਨਾਲ ਇਹ ਤ੍ਰਿਸ਼ਨਾ ਦੀ ਅੱਗ ਨਹੀਂ ਛੋਹ ਸਕਦੀ।ਜਿਸ ਨੂੰ ਜਪਣ ਨਾਲ ਇਹ ਕਾਲ (ਤੇਰੇ ਵੱਲ) ਦੇਖ ਵੀ ਨਹੀਂ ਸਕਦਾ।ਜਿਸ ਨੂੰ ਜਪਣ ਨਾਲ ਤੇਰਾ ਮੱਥਾ (ਮੂੰਹ ਹਰ ਜਗ੍ਹਾ) ਉਜਲ ਹੁੰਦਾ ਹੈ (ਮੱਥਾ ਬੇ ਦਾਗ ਭਾਵ ਕਲੰਕ ਰਹਿਤ ਹੋ ਜਾਂਦਾ ਹੈ)।ਜਿਸ ਵਾਹਿਗੁਰੂ ਨੂੰ ਜਪਣ ਨਾਲ ਸਾਰਾ ਦੁਖ ਲਹਿ ਜਾਂਦਾ ਹੈ।੬।

ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ ਜਾਸੁ ਜਪਤ ਸੁਣਿ ਅਨਹਤ ਧੁਨੈ ॥ ਜਾਸੁ ਜਪਤ ਇਹ ਨਿਰਮਲ ਸੋਇ ॥ ਜਾਸੁ ਜਪਤ ਕਮਲੁ ਸੀਧਾ ਹੋਇ ॥੭॥ ਜਿਸ ਪ੍ਰਭੂ ਨੂੰ ਜਪਣ ਨਾਮ ਕੋਈ ਮੁਸ਼ਕਲ ਨਹੀਂ ਬਣਦੀ।ਜਿਸ ਨੂੰ ਜਪਣ ਨਾਲ ਮਨੁੱਖ ਅਨਹਦ ਧੁਨੀ ਸੁਣਦਾ ਹੈ। ਜਿਸ ਨੂੰ ਜਪਣ ਨਾਲ ਇਸ ਜੀਵ ਦੀ ਸੋਭਾ ਨਿਰਮਲ ਹੁੰਦੀ ਹੈ।ਜਿਸ ਨੂੰ ਜਪਦਿਆਂ ਹਿਰਦਾ ਕਮਲ ਸਿੱਧਾ ਹੋ ਜਾਂਦਾ ਹੈ।੭।

ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥ ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥ (ਭਾਵੇਂ) ਗੁਰੂ ਨੇ ਅਪਣੀ ਸ਼ੁੱਭ ਦ੍ਰਿਸਟੀ ਸਭਨਾਂ ਜੀਵਾਂ ਉਪਰ ਕੀਤੀ ਹੋਈ ਹੈ।(ਪਰ ਉਤਮ ਪੁਰਸ਼ ਉਹ ਹੀ ਹਨ, ਗੁਰੂ ਨੇ) ਜਿਸਦੇ ਹਿਰਦੇ ਵਿਚ ਨਾਮ ਮੰਤ੍ਰ ਵਸਾ ਦਿਤਾ ਹੈ।ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਉਸ ਨੇ ਵਾਹਿਗੁਰੂ ਦੀ ਲਗਾਤਾਰ ਸਿਫਤ ਸਲਾਹ ਨੂੰ ਚੂਰਮਾ (ਆਤਮਕ ਜੀਵਨ ਦਾ ਆਸਰਾ) ਬਣਾਇਆ ਹੈ।੮।੨।

ਪਦਾਰਥ = ਬਹੁਰਿ-ਮੁੜ ਦੁਬਾਰਾ।ਹਿਲੈ-ਗਿਝਦਾ (ਪਰਚਦਾ) ਹੈ।ਸੁਖ ਸਹਜਿ-ਸੁਭਾਵਕ ਸੁਖ; ਨਿਰਯਤਨ ਸੁਖ।੫।ਅਗਨਿ-ਅੱਗ (ਤ੍ਰਿਸ਼ਨਾ ਜਾਂ ਮਾਇਆ ਦੀ)।ਨ ਪੋਹਤ-ਛੋਹ ਨਹੀਂ ਸਕਦੀ; ਅਸਰ ਨਹੀਂ ਕਰਦੀ।ਕਾਲੁ-ਮੌਤ।ਨ ਜੋਹਤ-ਦੇਖਦਾ ਨਹੀਂ।ਮਾਥਾ-ਮੱਥਾ (ਮੂੰਹ)।ਲਾਥਾ-ਲਹਿ ਜਾਂਦਾ ਹੈ।੬।ਨ ਬਨੈ-ਨਹੀਂ ਬਣਦੀ।ਸੁਣਿ-ਸੁਣਦਾ ਹੈ।ਅਨਹਤ ਧੁਨੈ-ਆਤਮਕ ਅਨੰਦ ਦੇ ਸੰਗੀਤ ਦੀ ਲਗਾਤਾਰ ਵਜਣ ਵਾਲੀ ਧੁਨ।ਸੋਇ-ਸੋਭਾ।ਕਮਲੁ ਸੀਧਾ-ਹਿਰਦਾ (ਕਮਲ ਵਿਕਾਰਾਂ ਵੱਲੋਂ ਉਲਟ ਕੇ ਹਰੀ ਸਿਮਰਨ ਵਲ) ਸਿੱਧਾ ਪਰਤ ਪੈਂਦਾ ਹੈ।੭।ਮੰਤ੍ਰੁ-ਨਾਮ ਮੰਤ੍ਰ; ਉਪਦੇਸ਼।ਦੇ-ਦੇ ਦਿਤਾ ਹੈ।ਚੂਰਾ-ਚੂਰਮਾ (ਸਨਿਗਧ ਭੋਜਨ)।੮।੨।

ਗਉੜੀ ਮਹਲਾ ੫ ॥ ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥ ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥ (ਜਿਹੜਾ ਪੁਰਖ) ਗੁਰੂ ਦਾ ਸ਼ਬਦ ਹਿਰਦੇ ਅੰਦਰ ਧਾਰਦਾ ਹੈ।ਉਹ ਪੰਜ ਕਾਮ ਆਦਿਕਾਂ ਨਾਲ ਅਪਣਾ ਸਾਥ ਦੂਰ ਕਰ ਲੈਂਦਾ ਹੈ।ਅਤੇ ਦਸ ਇੰਦ੍ਰੀਆਂ ਨੂੰ ਵਸ ਕਰਕੇ ਰਖਦਾ ਹੈ।ਉਸ ਦੀ ਆਤਮਾ ਵਿਚ ਗਿਆਨ ਪ੍ਰਕਾਸ਼ ਹੋ ਜਾਂਦਾ ਹੈ।੧।

ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ਰਹਾਉ॥ ਅਜੇਹੀ ਦ੍ਰਿੜਤਾ ਉਸ ਮਨੁੱਖ ਦੇ ਅੰਦਰ ਹੁੰਦੀ ਹੈ।ਜਿਸ ਉਪਰ ਉਸ ਪ੍ਰਭੂ ਦੀ ਦਇਆ ਤੇ ਪ੍ਰਸੰਨਤਾ ਹੁੰਦੀ ਹੈ।੧।ਰਹਾਉ।

ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ ਜੇਤਾ ਬੋਲਣੁ ਤੇਤਾ ਗਿਆਨੈ ॥ ਜੇਤਾ ਸੁਨਣਾ ਤੇਤਾ ਨਾਮੁ ॥ ਜੇਤਾ ਪੇਖਨੁ ਤੇਤਾ ਧਿਆਨੁ ॥੨॥ ਜਿਸ ਮਨੁੱਖ ਦੇ (ਮਨ ਵਿਚ) ਸੱਜਨ ਤੇ ਦੁਸ਼ਟ ਇਕ ਬਰਾਬਰ ਹਨ।(ਉਸਦਾ) ਜਿਤਨਾ ਬੋਲਣਾ ਹੁੰਦਾ ਹੈ, ਉਹ ਗਿਆਨ ਵਾਲਾ ਹੁੰਦਾ ਹੈ (ਫਜ਼ੂਲ ਨਹੀਂ ਬੋਲਦਾ)।ਜਿਤਨਾ ਉਸਦਾ ਸੁਣਨਾ ਹੈ, ਉਤਨਾ ਨਾਮ (ਹੀ ਸੁਣਦਾ ਹੈ, ਪ੍ਰਭੂ ਦਾ ਜਸ ਸੁਣਦਾ ਹੈ)।ਜਿਤਨਾ (ਉਸਦਾ) ਵੇਖਣਾ ਹੈ, ਉਤਨਾ ਧਿਆਨ ਹੁੰਦਾ ਹੈ (ਸਭ ਨੂੰ ਰੱਬ ਰੂਪ ਦੇਖਦਾ ਹੈ, ਇਹੀ ਉਸਦਾ ਧਿਆਨ ਹੈ)।੨।

ਸਹਜੇ ਜਾਗਣੁ ਸਹਜੇ ਸੋਇ ॥ ਸਹਜੇ ਹੋਤਾ ਜਾਇ ਸੁ ਹੋਇ ॥ ਸਹਜਿ ਬੈਰਾਗੁ ਸਹਜੇ ਹੀ ਹਸਨਾ ॥ ਸਹਜੇ ਚੂਪ ਸਹਜੇ ਹੀ ਜਪਨਾ ॥੩॥ (ਉਸ ਪੁਰਖ ਦਾ) ਜਾਗਣਾ ਸੁਭਾਵਕ ਹੁੰਦਾ ਹੈ ਤੇ ਸੁਭਾਵਕ ਹੀ ਸੌਂਦਾ ਹੈ।(ਉਸਦਾ ਸੁਭਾਵ ਇਹ ਬਣ ਜਾਂਦਾ ਹੈ ਕਿ) ਜੋ ਕੁਝ ਸੁਤੇ ਸਿੱਧ ਹੁੰਦਾ ਜਾਂਦਾ ਹੈ, ਉਹ ਪਿਆ ਹੋਈ ਜਾਵੇ ਭਾਵ ਜੋ ਕੁਦਰਤੀ ਹੋ ਰਿਹਾ ਹੈ ਉਸ ਨੂੰ ਉਹ ਠੀਕ ਮੰਨਦਾ ਹੈ {ਸਹਜ ਸੁਭਾਇ ਹੋਵੈ ਸੋ ਹੋਇ।ਕਰਣੈਹਾਰੁ ਪਛਾਣੈ ਸੋਇ ੨੮੨}।ਬੈਰਾਗ ਵੀ (ਉਸਦਾ) ਸੁਭਾਵਕ ਹੁੰਦਾ ਹੈ ਤੇ (ਉਸਦਾ) ਹਸਣਾ ਵੀ ਸੁਭਾਵਕ ਹੈ।(ਉਸ ਦੀ) ਚੁੱਪ ਸੁਭਾਵਕ ਹੈ ਤੇ (ਪ੍ਰਭੂ ਦਾ ਨਾਮ) ਜਪਣਾ ਵੀ ਸੁਭਾਵਕ ਹੈ।੩।

All Rights Reserved by Harjinder Singh Gyani | www.GuruGranthVakhyaan.org

ਸਹਜੇ ਭੋਜਨੁ ਸਹਜੇ ਭਾਉ ॥ ਸਹਜੇ ਮਿਟਿਓ ਸਗਲ ਦੁਰਾਉ ॥ ਸਹਜੇ ਹੋਆ ਸਾਧੂ ਸੰਗੁ ॥ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥ (ਉਹ ਪੁਰਖ) ਨਿਰਯਤਨ ਭੋਜਨ ਖਾਂਦਾ ਹੈ, ਰੱਬ ਦਾ ਪ੍ਰੇਮ ਵੀ (ਉਸ ਦਾ) ਸੁਭਾਵਕ ਹੀ ਹੈ।(ਉਸਦਾ) ਸਾਰਾ ਲੁਕਾ ਛਿਪਾ ਸੁਭਾਵਕ ਹੀ ਮਿਟ ਗਿਆ (ਜੋ ਮਾੜੇ ਕਰਮਾਂ ਕਰਕੇ ਲੁਕਦਾ ਸੀ, ਅਪਣੇ ਵਿਚਾਰ ਸੁਭਾਵਕ ਪ੍ਰਗਟ ਕਰਦਾ ਹੈ); ਅਗਿਆਨ ਦਾ ਸਾਰਾ ਪੜਦਾ ਸੁਭਾਵਕ ਹੀ ਮਿਟ ਗਿਆ।ਸੁਭਾਵਕ ਹੀ ਸਾਧੂਆਂ ਦਾ ਸੰਗ ਪ੍ਰਾਪਤ ਹੋ ਗਿਆ।ਨਿਰਲੇਪ ਪ੍ਰਭੂ ਸੁਭਾਵਕ ਹੀ ਮਿਲ ਗਿਆ।੪।

ਅੰਗ ੨੩੭ = ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ ਸਹਜੇ ਦੁਬਿਧਾ ਤਨ ਕੀ ਨਾਸੀ ॥ ਜਾ ਕੈ ਸਹਜਿ ਮਨਿ ਭਇਆ ਅਨੰਦੁ ॥ ਤਾ ਕਉ ਭੇਟਿਆ ਪਰਮਾਨੰਦੁ ॥੫॥ (ਉਹ) ਸੁਭਾਵਕ ਹੀ ਗ੍ਰਿਹਸਥ ਵਿਚ ਰਹਿੰਦਾ ਤੇ (ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ) ਸੁਭਾਵਕ ਹੀ ਤਿਆਗੀ ਹੈ।ਸੁਭਾਵਕ ਹੀ (ਉਸਦੇ) ਤਨ ਦੀ ਦੁਬਿਧਾ ਨਾਸ ਹੋ ਗਈ।ਜਿਸ ਦੇ ਮਨ ਵਿਚ ਸੁਭਾਵਕ ਹੀ (ਜਾਂ ਸਹਿਜ ਅਵਸਥਾ ਦੁਆਰਾ) ਅਨੰਦ ਪ੍ਰਗਟ ਹੋ ਗਿਆ ਹੈ।(ਉਸ ਨੂੰ) ਪਰਮ ਅਨੰਦ ਸਰੂਪ ਵਾਹਿਗੁਰੂ ਮਿਲ ਗਿਆ ਹੈ।੫।

ਸਹਜੇ ਅੰਮ੍ਰਿਤੁ ਪੀਓ ਨਾਮੁ ॥ ਸਹਜੇ ਕੀਨੋ ਜੀਅ ਕੋ ਦਾਨੁ ॥ ਸਹਜ ਕਥਾ ਮਹਿ ਆਤਮੁ ਰਸਿਆ ॥ ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥ (ਉਸ ਨੇ) ਸੁਭਾਵਕ ਹੀ ਨਾਮ ਰੂਪ ਅੰਮ੍ਰਿਤ ਪੀਤਾ ॥ ਸੁਭਾਵਕ ਹੀ ਲੋੜਵੰਦ ਜੀਵਾਂ ਨੂੰ ਦਾਨ ਦਿਤਾ ਹੈ; ਹੋਰਨਾਂ ਜੀਵਾਂ ਨੂੰ ਜੀਵਨ ਦਾਨ ਦਿਤਾ ਹੈ।ਗਿਆਨ ਵਾਲੀ ਕਥਾ ਵਿਚ (ਜਿਸਦਾ) ਮਨ ਲੀਨ ਹੋ ਗਿਆ ਹੈ।ਉਸਦੇ ਨਾਲ ਨਾਸ਼ ਰਹਿਤ ਪ੍ਰਭੂ ਵਸਿਆ ਹੈ।੬।

ਸਹਜੇ ਆਸਣੁ ਅਸਥਿਰੁ ਭਾਇਆ ॥ ਸਹਜੇ ਅਨਹਤ ਸਬਦੁ ਵਜਾਇਆ ॥ ਸਹਜੇ ਰੁਣਝੁਣਕਾਰੁ ਸੁਹਾਇਆ ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ ਸੁਤੇ ਸਿਧ ਹੀ ਆਸਣ ਅਡੋਲ ਹੋ ਗਿਆ; ਸਹਿਜ ਅਵਸਥਾ ਗੁਰਮੁਖ ਦਾ ਸਦਾ ਥਿਰ ਰਹਿਣ ਵਾਲਾ ਆਸਣ ਹੈ, ਜੋ ਉਸ ਨੂੰ ਚੰਗਾ ਲੱਗਾ ਹੈ।ਸੁਤੇ ਸਿੱਧ (ਉਸਦੇ ਅੰਦਰ) ਅਨਹਦ ਸ਼ਬਦ ਵਜਣ ਲਗ ਪਿਆ।ਕੁਦਰਤੀ ਗੂੰਜਣ ਵਾਲੀ ਅਨੰਦ ਦਾਇਕ ਧੁਨੀ (ਉਸ ਦੇ ਰੋਮ ਰੋਮ ਵਿਚ) ਸੋਭ ਰਹੀ ਹੈ।(ਕਿਉਂਕਿ) ਉਸ ਦੇ ਹਿਰਦੇ ਘਰ ਵਿਚ ਪ੍ਰਭੂ ਸਮਾਇਆ ਹੋਇਆ ਹੈ।੭।

ਸਹਜੇ ਜਾ ਕਉ ਪਰਿਓ ਕਰਮਾ ॥ ਸਹਜੇ ਗੁਰੁ ਭੇਟਿਓ ਸਚੁ ਧਰਮਾ ॥ ਜਾ ਕੈ ਸਹਜੁ ਭਇਆ ਸੋ ਜਾਣੈ ॥ ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥ ਕੁਦਰਤੀ (ਜਿਸ ਦੇ ਮੱਥੇ ਤੇ ਪੂਰਬਲੇ) ਕਰਮਾਂ ਦਾ ਲੇਖ ਲਿਖਿਆ ਪਿਆ ਸੀ।(ਉਸ ਨੂੰ) ਕੁਦਰਤੀ ਹੀ ਸੱਚ ਰੂਪ ਧਰਮ ਵਾਲਾ ਗੁਰੂ ਮਿਲ ਗਿਆ।ਜਿਸਦੇ ਹਿਰਦੇ ਵਿਚ ਸਹਿਜ ਪਦ ਪ੍ਰਗਟ ਹੋਇਆ ਹੈ, ਉਹ ਹੀ (ਇਸ ਨੂੰ) ਜਾਣਦਾ ਹੈ।ਦਾਸ ਨਾਨਕ ਉਸ (ਸਹਿਜ ਪਦ ਨੂੰ ਪ੍ਰਾਪਤ ਹੋਏ ਪੁਰਖ) ਤੋਂ ਕੁਰਬਾਨ ਜਾਂਦਾ ਹੈ।੮।੩।

ਪਦਾਰਥ = ਧਾਰੈ–ਧਾਰਦਾ ਹੈ।ਪੰਚ ਜਨਾ–ਪੰਜ ਕਾਮ ਆਦਿਕ।ਸੰਗੁ–ਸਾਥ।ਨਿਵਾਰੈ–ਦੂਰ ਕਰਦਾ ਹੈ।ਦਸ ਇੰਦ੍ਰੀ–ਪੰਜ ਕਰਮ ਇੰਦ੍ਰੇ ਤੇ ਪੰਜ ਗਿਆਨ ਇੰਦ੍ਰੇ।ਵਾਸਿ–ਵਸ ਵਿਚ।੧।ਦ੍ਰਿੜਤਾ–ਪਕਿਆਈ।ਤਾ ਕੈ–ਉਸ ਦੇ।ਦਇਆ ਮਇਆ–ਕ੍ਰਿਪਾ ਤੇ ਪ੍ਰਸੰਨਤਾ (ਮ. ਕੋ.)।੧।ਰਹਾਉ।ਸਾਜਨੁ–ਮਿਤ੍ਰ।ਦੁਸਟੁ–ਬੈਰੀ।ਜੇਤਾ–ਜਿਤਨਾ।ਤੇਤਾ–ਉਤਨਾ।ਪੇਖਨੁ–ਦੇਖਣਾ।੨।ਸੋਇ–ਸੌਂਦਾ ਹੈ।ਹੋਤਾ ਜਾਇ–ਹੁੰਦਾ ਜਾਂਦਾ ਹੈ।ਸੁ–ਉਹ।ਬੈਰਾਗੁ–ਰੋਣਾ; ਗ੍ਰਿਹਸਤ ਦਾ ਤਿਆਗੀ।ਚੂਪ–ਚੁੱਪ।੩।ਭਾਉ–ਪ੍ਰੇਮ।ਦੁਰਾਉ–ਦੂਰੀ, ਵਖਰੇਵਾਂ; ਕਪਟ; ਪੜਦਾ (ਅਗਿਆਨ ਦਾ)।ਨਿਸੰਗੁ–ਪ੍ਰਤੱਖ ;ਅਸੰਗ (ਨਿਰਲੇਪ)।੪।ਗ੍ਰਿਹ ਮਹਿ–ਘਰ ਵਿਚ; ਗ੍ਰਿਹਸਤ ਵਿਚ।ਉਦਾਸੀ–ਘਰ ਬਾਰ ਦਾ ਤਿਆਗੀ।ਦੁਬਿਧਾ–ਦੁਚਿੱਤਾ ਪਣ (ਮਨ ਦਾ ਦੋ ਪਾਸੇ ਹੋਣਾ, ਕਦੇ ਸਾਂਈ ਵੱਲ ਤੇ ਕਦੇ ਮਾਇਆ ਵੱਲ)।ਨਾਸੀ–ਨਾਸ਼ ਹੋ ਗਈ।ਜਾ ਕੈ –ਜਿਸ ਦੇ।ਤਾ ਕਉ–ਉਸ ਨੂੰ।ਭੇਟਿਆ–ਮਿਲ ਗਿਆ।੫।ਪੀਓ–ਪੀਤਾ।ਜੀਅ ਕੋ–ਜੀਵਾਂ ਨੂੰ।ਰਸਿਆ–ਰਚ ਮਿਚ ਗਿਆ।੬। ਆਸਣੁ–ਬੈਠਕ (ਜੋਗੀਆਂ ਵਾਲਾ ਆਸਣ)।ਭਾਇਆ–ਭਇਆ–ਹੋ ਗਿਆ; ਚੰਗਾ ਲਗਾ ਹੈ।ਅਨਹਤ ਸਬਦੁ–ਆਤਮ ਮੰਡਲ ਦਾ ਆਪਣੇ ਆਪ ਲਗਾਤਾਰ ਗੂੰਜਣ ਵਾਲਾ ਸੰਗੀਤ।ਰੁਣਝੁਣਕਾਰ–ਸੰਗੀਤ ਦੀ ਮਿੱਠੀ ਧੁਨੀ; ਆਤਮਕ ਅਨੰਦ ਦੀ ਲਗਾਤਾਰ ਵਜਣ ਵਾਲੀ ਸੰਗੀਤਕ ਧੁਨੀ।੭।ਪਰਿਓ–ਪਿਆ ਹੈ।ਕਰਮਾ–ਪੂਰਬਲੇ ਕਰਮਾਂ ਦਾ ਲੇਖ।ਭਇਆ–ਹੋਇਆ।ਸੋ–ਉਹ।੮।੩।

ਸਹਜਿ; ਸਹਜੇ = ਸੁਭਾਵਕ; ਸੁਤੇ ਸਿੱਧ; ਕੁਦਰਤੀ; ਸਹਿਜ ਅਵਸਥਾ; ਆਤਮਾ ਦੀ ਅਡੋਲ ਅਵਸਥਾ।ਸੰ.ਸ. ਤੇ ਫ.ਸ. ਤੇ ਟਕਸਾਲ ਨੇ ਜਿਆਦਾ ਤਰ ਅਰਥ 'ਸੁਭਾਵਕ; ਸੁਤੇ ਸਿੱਧ' ਕੀਤਾ ਹੈ।ਦਰਪਣ ਨੇ ਆਤਮਕ ਅਡੋਲਤਾ, ਸੰ.ਪੋ. ਤੇ ਨਿਰਣੈ ਨੇ ਸਹਿਜ ਅਵਸਥਾ ਕੀਤਾ ਹੈ।ਸ਼ਬਦਾਰਥ ਨੇ ਕੁਦਰਤੀ, ਅਡੋਲਤਾ ਤੇ ਸ਼ਾਂਤੀ ਅਰਥ ਕੀਤਾ ਹੈ।ਅੰਗ ੬੮ ਤੇ ਵੀ ਸਹਿਜ ਪਦ ਦਾ ਵਰਨਣ ਹੈ।

ਜਦ ਮਨੁੱਖ ਗੁਰੂ ਦੀ ਸ਼ਰਣ ਵਿਚ ਜਾਂਦਾ ਹੈ ਤਾਂ ਸ਼ਬਦ ਤੇ ਨਾਮ ਬਾਣੀ ਦੀ ਦਾਤ ਪ੍ਰਾਪਤ ਹੁੰਦੀ ਹੈ।ਜਿਸਦਾ ਅਭਿਆਸ ਕਰਕੇ ਦਸੇ ਇੰਦ੍ਰੀਆਂ ਤੇ ਕਾਬੂ ਪਾਉਂਦਾ ਹੈ, ਜਿਸ ਕਰਕੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ।ਜਦ ਇਹ ਅਵਸਥਾ ਦ੍ਰਿੜ ਤੇ ਸੁਭਾਵਕ ਹੋ ਜਾਂਦੀ ਹੈ ਤਾਂ ਉਸ ਨੂੰ ਸਹਿਜ ਕਹੀਦਾ ਹੈ, ਇਹ ਵਾਹਿਗੁਰੂ ਦੀ ਮੇਹਰ ਨਾਲ ਪ੍ਰਾਪਤ ਹੁੰਦੀ ਹੈ।

ਗਉੜੀ ਮਹਲਾ ੫ ॥ ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥ (ਹੇ ਮਨੁੱਖ ਤੂੰ ਪ੍ਰਭੂ ਦੀ ਕ੍ਰਿਪਾ ਨਾਲ) ਪਹਿਲਾਂ ਮਾਤਾ ਦੇ ਗਰਭ ਵਿਚ ਵਸਣ ਤੋਂ ਬਚ ਕੇ ਬਾਹਰ

All Rights Reserved by Harjinder Singh Gyani | www.GuruGranthVakhyaan.org

ਨਿਕਲਿਆ। (ਸੰਸਾਰ ਵਿਚ ਜਨਮ ਲੈ ਕੇ ਤੂੰ) ਪੁਤ੍ਰਾਂ, ਇਸਤ੍ਰੀ ਤੇ ਪ੍ਰਵਾਰ ਨਾਲ ਜੁੜ ਗਿਆ। ਅਨੇਕਾਂ ਤਰ੍ਹਾਂ ਦੇ ਭੋਜਨ ਤੇ ਕੱਪੜੇ (ਆਦਿ ਜਿਨ੍ਹਾਂ ਤੂੰ ਲੱਗ ਰਿਹਾ ਹੈਂ)। ਹੇ ਵਿਚਾਰੇ ਮਨੁੱਖ! (ਇਹ ਸਾਰੇ ਪਦਾਰਥ) ਜਰੂਰ ਕੂਚ ਕਰ ਜਾਣਗੇ (ਨਾਸ਼ ਹੋ ਜਾਣਗੇ)।੧।

ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥ਰਹਾਉ॥ (ਸਿੱਖ ਨੇ ਪੁੱਛਿਆ, ਹੇ ਗੁਰੂ ਜੀ! ਉਹ) ਕਿਹੜਾ ਅਸਥਾਨ ਹੈ? ਜੋ ਕਦੇ ਨਾਸ਼ ਨਹੀਂ ਹੁੰਦਾ। (ਅਤੇ ਉਹ) ਕਿਹੜਾ ਸ਼ਬਦ ਹੈ? ਜਿਸ ਨਾਲ ਖੋਟੀ ਬੁੱਧੀ ਦੂਰ ਹੁੰਦੀ ਹੈ (ਜਿਸ ਕਰਕੇ ਨਾਸ਼ਵੰਤ ਪਦਾਰਥਾਂ ਵਿਚ ਫਸ ਰਿਹਾ ਹਾਂ)।੧।ਰਹਾਉ। (ਤੇਰੇ ਨਾਸ਼ ਰਹਿਤ ਮੰਨੇ ਹੋਏ ਟਿਕਾਣੇ ਵੀ ਨਾਸ਼ਵੰਤ ਹਨ। ਤੂੰ ਅੱਗੇ ਸੁਣ)।

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਿਣਾ ॥ ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥(ਇੰਦ੍ਰ ਦੀ) ਇੰਦ੍ਰ ਪੁਰੀ ਵਿਚ ਮਰਨਾ ਜਰੂਰ ਹੁੰਦਾ ਹੈ। ਬ੍ਰਹਮ ਪੁਰੀ ਵੀ ਸਦਾ ਟਿਕੀ ਨਹੀਂ ਰਹਿਣੀ। ਸਿਵ ਪੁਰੀ ਦਾ ਵੀ ਅੰਤ ਹੋ ਜਾਵੇਗਾ (ਪੁੰਨ ਕਰਮ ਜਾਂ ਜੱਗ ਆਦਿ ਕਰਕੇ ਇਨ੍ਹਾਂ ਪੁਰੀਆਂ ਵਿਚ ਪਹੁੰਚੇ ਲੋਕਾਂ ਦੀ ਵੀ ਮੌਤ ਹੁੰਦੀ ਹੈ। ਗੱਲ ਕੀ) ਤਿੰਨਾਂ ਗੁਣਾਂ ਵਾਲੀ ਮਾਇਆ ਵਿਚ ਫਸੇ ਅਗਿਆਨੀ ਜੀਵ ਨਾਸ਼ ਹੋ ਜਾਣਗੇ।੨।....ਸੇ ਮਨਮੁਖ ਮੂੜ ਬਿਤਾਲੇ ਰਾਮ। (੫੩੯)

ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥ ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ ਸਿਮ੍ਰਿਤਿ ਬਿਨਸਹਿਗੇ ਬੇਦਾ ॥੩॥ (ਹੇ ਭਾਈ! ਇਸ) ਧਰਤੀ ਤੇ ਦਿਸਦੇ ਪਹਾੜ, ਦਰੱਖਤ, ਅਕਾਸ਼ ਅਤੇ ਤਾਰੇ। ਸੂਰਜ, ਚੰਦ, ਹਵਾ, ਅੱਗ ਤੇ ਪਾਣੀ। ਦਿਨ, ਰਾਤ, ਵਰਤ ਅਤੇ ਜਾਤੀ ਭੇਦ ਭਾਵ। ਛੇ ਸ਼ਾਸਤ੍ਰ, ਸਿਮ੍ਰਤੀਆਂ ਅਤੇ ਚਾਰੇ ਬੇਦ ਆਦਿ ਸਭ ਨਾਸ਼ ਹੋ ਜਾਣਗੇ।੩।

ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥ ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥੪॥ ਤੀਰਥ, ਦੇਵਤੇ, ਮੰਦਰ ਤੇ ਪੋਥੀਆਂ। ਮਾਲਾ, ਤਿਲਕ, ਸੁੱਚੀ ਕੀਤੀ ਹੋਈ ਰਸੋਈ ਤੇ ਹਵਨ ਕਰਨ ਵਾਲੇ। ਨੇਤੀ ਧੋਤੀ ਆਦਿ ਕਰਮ ,ਡੰਡਉਤ ਬੰਦਨਾ ਤੇ ਦੇਵਤਿਆਂ ਨੂੰ ਭੇਟ ਕੀਤੇ ਭੋਜਨਾਂ ਨੂੰ ਲਗਾਏ ਭੋਗ। ਇਹ ਸਾਰੇ ਲੋਕਾਂ ਦਾ ਸਮੂਹ ਚਲਾਣਾ ਕਰ ਜਾਵੇਗਾ।੪।

ਪਦਾਰਥ = ਪ੍ਰਥਮੇ-ਪਹਿਲਾਂ। ਗਰਭ-ਮਾਂ ਦਾ ਪੇਟ। ਵਾਸ ਤੇ-ਵਸਣ ਤੋਂ। ਟਰਿਆ-ਟਲਿਆ; ਨਿਕਲਿਆ; ਬਚਿਆ। ਕਲਤ੍ਰ-ਇਸਤ੍ਰੀ। ਜੁਰਿਆ-ਜੁੜ ਗਿਆ (ਮੋਹ ਵਿਚ ਫਸ ਗਿਆ)। ਕਪਰੇ-ਕਪੜੇ। ਸਰਪਰ-ਜਰੂਰ। ਗਵਨੁ ਕਰਹਿਗੇ-ਕੂਚ ਕਰ ਜਾਣਗੇ। ਬਪੁਰੇ-ਵਿਚਾਰੇ।੧। ਕਵਨੁ-ਕਿਹੜਾ। ਨ ਟਰੈ-ਨਾਸ਼ ਨਹੀਂ ਹੁੰਦਾ। ਦੁਰਮਤਿ-ਖੋਟੀ ਬੁੱਧੀ। ਹਰੈ-ਦੂਰ ਹੁੰਦੀ ਹੈ।੧।ਰਹਾਉ। ਇੰਦ੍ਰ ਪੁਰੀ-ਰਾਜੇ ਇੰਦ੍ਰ ਦਾ ਨਗਰ। ਮਰਣਾ-ਮੌਤ। ਬ੍ਰਹਮ ਪੁਰੀ-ਬ੍ਰਹਮਾ ਦਾ ਟਿਕਾਣਾ। ਨਿਹਚਲ-ਸਦਾ ਟਿਕੇ ਰਹਿਣ ਵਾਲੀ। ਸਿਵ ਪੁਰੀ-ਸ਼ਿਵ ਦਾ ਟਿਕਾਣਾ। ਕਾਲਾ-ਨਾਸ਼। ਬਿਤਾਲਾ-ਭੂਤਨਾ; ਅਗਿਆਨੀ।੨। ਗਿਰਿ-ਪਹਾੜ। ਤਰ-ਬ੍ਰਿਛ। ਧਰਣਿ-ਧਰਤੀ। ਗਗਨ-ਆਕਾਸ਼। ਅਰੁ-ਅਤੇ। ਰਵਿ-ਸੂਰਜ। ਸਸਿ-ਚੰਦ। ਪਵਣੁ-ਹਵਾ। ਨੀਰਾਰੇ-ਪਾਣੀ ਦਾ ਘਰ ਸਮੁੰਦਰ। ਰੈਣਿ-ਰਾਤ। ਭੇਦਾ-ਵਰਣ ਆਸ਼੍ਰਮਾਂ ਤੇ ਜਾਤਾਂ ਦੇ ਭੇਦ ਭਾਵ; ਤਰ੍ਹਾਂ ਤਰ੍ਹਾਂ ਦੇ ਵਰਤ ਅਤੇ ਉਨ੍ਹਾਂ ਦੇ ਫਰਕ।੩। ਦੇਵ-ਦੇਵਤੇ। ਦੇਹੁਰਾ-ਦੇਵਤਿਆਂ ਦੇ ਮੰਦਰ। ਪੋਥੀ-ਪੁਸਤਕ। ਸੋਚ ਪਾਕ-ਸੁੱਚੀ ਕੀਤੀ ਰਸੋਈ। ਹੋਤੀ-ਹਵਨ ਕਰਨ ਵਾਲੇ; ਅੱਗ ਦਾ ਉਪਾਸ਼ਕ। ਧੋਤੀ-ਤੇੜ ਦੀ ਚਾਦਰ; ਨੇਤੀ ਧੋਤੀ ਆਦਿ (ਜੋਗੀਆਂ ਦੇ ਕਰਮ)। ਡੰਡਉਤਿ-ਡੰਡੇ ਵਾਂਗ ਲੰਬੇ ਪੈ ਕੇ ਕੀਤੀ ਨਮਸ਼ਕਾਰ। ਪਰਸਾਦਨ ਭੋਗਾ-(ਦੇਵਤਿਆਂ ਨੂੰ ਭੇਟ ਕੀਤੇ) ਭੋਜਨਾਂ ਦੇ ਭੋਗ; ਭੋਜਨਾਂ ਨੂੰ ਭੋਗ ਲਵਾਉਣ ਵਾਲੇ। ਗਵਨੁ-ਚਲਾਣਾ। ਸਗਲੋ-ਇਹ ਸਾਰੇ। ਲੋਗਾ-ਲੋਕਾਂ ਦਾ ਸਮਦਾਇ।੪।

ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥ ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥੫॥ (ਸਾਰੀਆਂ) ਜਾਤਾਂ, ਚਾਰ ਵਰਣ, ਮੁਸਲਮਾਨ ਅਤੇ ਹਿੰਦੂ। ਪਸ਼ੂ, ਪੰਛੀ ਅਤੇ ਅਨੇਕਾਂ ਜੂਨਾਂ ਵਾਲੇ ਜੀਵ ਜੰਤ। ਸਾਰਾ ਪਸਾਰਾ ਜੋ ਪਸਰਿਆ ਹੋਇਆ ਦਿਸਦਾ ਹੈ। ਇਹ ਸਾਰਾ ਦਿਸਦਾ ਅਕਾਰ (ਬ੍ਰਹਮੰਡ) ਨਾਸ਼ ਹੋ ਜਾਏਗਾ।੫।

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥ (ਰਹਾਉ ਵਾਲੀ ਪੰਗਤੀ ਦਾ ਇਥੇ ਉਤਰ ਹੈ, ਜਿਥੇ ਪ੍ਰਭੂ ਦੀ) ਸਿਫਤ ਸਲਾਹ ਹੈ, ਭਗਤੀ ਹੈ ਅਤੇ ਤੱਤ ਗਿਆਨ ਹੈ ਅਤੇ ਇਨ੍ਹਾਂ ਤੋਂ ਪੈਦਾ ਹੋਈ ਸਹਿਜ ਅਵਸਥਾ। (ਉਥੇ) ਸਦਾ ਅਨੰਦ ਹੈ ਅਤੇ ਅਜੇਹਾ ਸੱਚਾ ਅਸਥਾਨ ਅਚੱਲ ਹੈ। ਉਥੇ ਸਾਧ ਸੰਗਤ (ਵਿਚ ਗੁਰਮੁਖ ਜਨ) ਹਰੀ ਦੇ ਗੁਣ ਰਸ ਨਾਲ ਗਾਉਂਦੇ ਹਨ। ਉਥੇ ਭੈ ਰਹਿਤ ਪ੍ਰਭੂ ਦਾ ਨਗਰ ਹੈ, ਜੋ ਸਦਾ ਵਸਦਾ ਹੈ (ਇਥੇ ਸਵੱਰਗ ਪੁਰੀਆਂ ਦੇ ਮੁਕਾਬਲੇ ਵਾਹਿਗੁਰੂ ਦਾ ਟਿਕਾਣਾ ਦਸਿਆ ਹੈ, ਜੋ ਸਦਾ ਵਸਣ ਵਾਲਾ ਹੈ, ਕਦੇ ਨਾਸ਼ ਨਹੀਂ ਹੁੰਦਾ)।੬। ਸੂਖ ਮਹਲ ਜਾ ਕੇ ਊਚ ਦੁਆਰੇ ੭੩੯; ਸੱਚ ਖੰਡਿ ਵਸੈ ਨਿਰੰਕਾਰੁ ੮; ਇੰਦ੍ਰ ਲੋਕ ਸਿਵ ਲੋਕਹਿ ਜੈਬੋ ੬੯੨; ਬੇਗਮ ਪੁਰਾ ਸਹਰ ਕੋ ਨਾਉ ੩੪੫

ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥ ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥ ਉਥੇ (ਅਨਭਉ ਨਗਰ ਵਿਚ) ਨਾ ਡਰ ਹੈ, ਨਾ ਭਰਮ ਹੈ, ਨਾ ਸੋਗ ਹੈ ਤੇ ਨਾ ਚਿੰਤਾ ਹੈ। (ਉਥੇ) ਆਉਣਾ ਜਾਣਾ (ਜੰਮਣਾ ਮਰਨਾ) ਨਹੀਂ ਹੁੰਦਾ (ਜਿਵੇਂ ਦੇਵਤਿਆਂ ਦੀ ਪੁਰੀ ਵਿਚ ਹੁੰਦਾ ਹੈ), ਨਾ (ਉਥੇ) ਮੌਤ ਹੁੰਦੀ ਹੈ। ਉਥੇ ਸਦਾ ਅਨੰਦ ਰਹਿੰਦਾ ਹੈ

All Rights Reserved by Harjinder Singh Gyani | www.GuruGranthVakhyaan.org

ਅਤੇ ਲਗਾਤਾਰ ਸੰਤ ਸਮਾਗਮ ਹੁੰਦੇ ਹਨ।(ਉਥੇ) ਭਗਤ ਕੇਵਲ ਕੀਰਤਨ ਦੇ ਆਸਰੇ ਵਸਦੇ ਹਨ।੭।
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾ ਕਾ ਬੀਚਾਰੁ ॥ ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥ (ਅਨਭਉ ਨਗਰ ਪ੍ਰਭੂ ਦਾ ਹੈ) ਪ੍ਰਭੂ ਦਾ ਅੰਤ ਨਹੀਂ, (ਉਸਦਾ ਕੋਈ) ਪਾਰਲਾ ਹੱਦ ਬੰਨਾ ਵੀ ਨਹੀਂ।(ਉਹ ਇਤਨਾ ਵੱਡਾ ਹੈ) ਉਸਦਾ ਵਿਚਾਰ ਕੌਣ ਕਰ ਸਕਦਾ ਹੈ? ਗੁਰੂ ਜੀ ਆਖਦੇ ਹਨ ਕਿ ਜਿਸ ਉਤੇ (ਉਹ) ਕਿਰਪਾ ਕਰਦਾ ਹੈ।(ਉਹ ਪੁਰਖ ਉਪਰ ਕਥਨ ਕੀਤੇ) ਅਚੱਲ ਅਸਥਾਨ ਨੂੰ ਪ੍ਰਾਪਤ ਕਰ ਲੈਂਦਾ ਹੈ ਤੇ ਸਾਧ ਸੰਗਤ ਰਾਹੀਂ (ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ।੮।੪।
ਨੋਟ = ੬, ੭ ਤੇ ੮ ਪਦੇ ਵਿਚ ਨਿਸਚਲ ਥਾਂ ਦਾ ਪਤਾ ਦੇਂਦੇ ਹਨ।ਇਹ ਵਰਨਣ ਸੱਚਖੰਡ ਤੇ ਢੁਕਦਾ ਹੈ, ਕਿਉਂਕਿ ਇਥੇ ਅਨਭਉ ਨਗਰ (ਵਾਹਿਗੁਰੂ ਦਾ ਨਗਰ) ਕਿਹਾ ਹੈ।ਇਹ ਅਸਥਾਨ ਜੀਵਤ ਕਾਲ ਵਿਚ ਹੀ ਨਾਮ ਬਾਣੀ ਦਾ ਅਭਿਆਸ ਕਰਕੇ ਪਾ ਸਕੀਦਾ ਹੈ।
ਪਦਾਰਥ = ਜਾਤਿ–ਵੱਖ ਵੱਖ ਜਾਤਾਂ।ਵਰਨ–ਖਤ੍ਰੀ ਬ੍ਰਹਮਣ ਸੂਦ ਵੈਸ।ਜਿੰਦੂ–ਜੀਵ।ਆਕਾਰਾ–ਦਿਸਦਾ ਜਗਤ।੫।ਤਤੁ ਗਿਆਨਾ–ਯਥਾਰਥ ਗਿਆਨ; ਆਤਮ ਗਿਆਨ; ਬ੍ਰਹਮ ਗਿਆਨ।ਨਿਹਚਲੁ–ਅਟੱਲ (ਸਦਾ ਕਾਇਮ ਰਹਿਣ ਵਾਲਾ)।ਥਾਨਾ–ਥਾਂ।ਤਹਾ–ਉਥੇ। ਰਸੈ–ਰਸ ਨਾਲ; ਅਨੰਦ ਮਾਣਦਾ ਹੈ।ਅਨਭਉ–ਭੈ ਰਹਿਤ ਵਾਹਿਗੁਰੂ ਦਾ।੬।ਤਹ–ਉਥੇ।ਭਉ–ਡਰ।ਸੋਗੁ–ਮੁਸੀਬਤ।ਮਿਰਤੁ–ਮੌਤ।ਅਨਹਤ–ਇਕ ਰਸ; ਲਗਾਤਾਰ।ਆਖਾਰੇ–ਸੰਤ ਸਭਾਵਾਂ; ਸੰਤ ਸਮਾਗਮ (ਅਨਹਤ ਆਖਾਰੇ–ਅਖੰਡ ਕੀਰਤਨ ਦਾ ਦਰਬਾਰ; ਨਾਸ਼ ਰਹਿਤ ਅਖਾੜੇ)।ਆਧਾਰੇ–ਆਸਰੇ।੭।ਪਾਰੁ–ਪਾਰਲਾ ਕਿਨਾਰਾ।ਤਾ ਕਾ–ਉਸ ਦਾ।ਤਰੈ–ਤਰ ਜਾਂਦਾ ਹੈ।੮।੪।
ਗਉੜੀ ਮਹਲਾ ੫ ॥ ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ, ਤਿਸ ਕਾ ਦੁਖੁ ਜਾਈ ॥੧॥ ਜੋ ਪੁਰਖ ਇਸ (ਦੁਬਿਧਾ) ਨੂੰ ਮਾਰ ਲਵੇ, ਉਹ ਹੀ (ਅਸਲ ਵਿਚ) ਸੂਰਮਾ ਹੈ।ਜੋ ਇਸ (ਦੁਬਿਧਾ) ਨੂੰ ਮਾਰ ਲਵੇ, ਉਹ ਹੀ ਪੂਰਨ ਪੁਰਖ ਹੈ।ਜੋ ਇਸ (ਦੁਬਿਧਾ) ਨੂੰ ਮਾਰ ਲਵੇ, ਉਸ ਨੂੰ ਵਡਿਆਈ ਮਿਲਦੀ ਹੈ।ਜੋ ਇਸ (ਦੁਬਿਧਾ) ਨੂੰ ਮਾਰ ਲਵੇ, ਉਸ (ਮਨੁੱਖ) ਦਾ ਦੁਖ ਮਿਟ ਜਾਂਦਾ ਹੈ।੧।
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ਰਹਾਉ॥ (ਹੇ ਭਾਈ!) ਕੋਈ ਅਜੇਹਾ ਪੁਰਖ ਹੈ? ਜਿਹੜਾ ਦੁਬਿਧਾ ਨੂੰ ਮਾਰ ਕੇ ਨਾਸ਼ ਕਰ ਦੇਵੇ।ਇਸ ਦੁਬਿਧਾ ਨੂੰ ਮਾਰ ਕੇ (ਉਹ ਪੁਰਖ) ਰਾਜ ਜੋਗ ਕਮਾਉਂਦਾ ਹੈ।੧।ਰਹਾਉ।
ਅੰਗ ੨੩੮ = ਜੋ ਇਸੁ ਮਾਰੇ, ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ, ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ, ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ, ਸੁ ਦਰਗਹ ਸਿਝੈ ॥੨॥ ਜੋ (ਪੁਰਖ) ਇਸ ਦੁਐਤ ਨੂੰ ਮਾਰ ਲਵੇ, ਉਸ ਨੂੰ (ਮੌਤ ਦਾ) ਡਰ ਨਹੀਂ ਰਹਿੰਦਾ।ਜੋ ਇਸ ਨੂੰ ਮਾਰ ਦੇਵੇ, ਉਹ (ਪੁਰਖ) ਪ੍ਰਮਾਤਮਾ ਦੇ ਨਾਮ ਵਿਚ ਲੀਨ ਰਹਿੰਦਾ ਹੈ।ਜੋ ਇਸ ਨੂੰ ਮਾਰ ਦੇਵੇ, ਉਸ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ।ਜੋ ਇਸ (ਦੁਬਿਧਾ) ਨੂੰ ਮਾਰ ਲਵੇ ,ਉਹ (ਪੁਰਖ) ਦਰਗਾਹ ਵਿਚ ਸਫਲ ਹੁੰਦਾ ਹੈ।੨।
ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ ਜੋ (ਮਨੁੱਖ) ਇਸ ਨੂੰ ਮਾਰ ਦੇਵੇ, ਉਹ ਧਨਵਾਨ ਹੁੰਦਾ ਹੈ।ਜੋ ਇਸ ਨੂੰ ਮਾਰ ਲਵੇ, ਉਹ ਇੱਜਤ ਵਾਲਾ ਹੁੰਦਾ ਹੈ।ਜੋ ਇਸ ਨੂੰ ਮਾਰ ਲਵੇ, ਉਹ (ਕਾਮ ਨੂੰ ਕਾਬੂ ਕਰਨ ਵਾਲਾ) ਜਤੀ ਹੁੰਦਾ ਹੈ।ਜੋ ਇਸ ਨੂੰ ਮਾਰ ਲਵੇ, ਉਸ ਨੂੰ ਮੁਕਤੀ ਮਿਲ ਜਾਂਦੀ ਹੈ।੩।
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥ ਜੋ (ਮਨੁੱਖ) ਇਸ ਦੁਬਿਧਾ ਨੂੰ ਮਾਰ ਲਵੇ, ਉਸਦਾ (ਸੰਸਾਰ ਵਿਚ) ਆਇਆ ਸਫਲ ਗਿਣਿਆ ਜਾਂਦਾ ਹੈ।ਜੋ ਇਸ ਨੂੰ ਮਾਰ ਲਵੇ, ਉਹ ਅੱਚਲ (ਅਮੁੱਕ) ਧਨ ਵਾਲਾ ਹੁੰਦਾ ਹੈ।ਜੋ (ਪੁਰਖ) ਇਸ ਨੂੰ ਮਾਰ ਲਵੇ ਉਹ ਵੱਡੇ ਭਾਗਾਂ ਵਾਲਾ ਹੈ।ਜੋ (ਪੁਰਖ) ਇਸ ਨੂੰ ਮਾਰ ਲਵੇ, ਉਹ ਦਿਨ ਹਰ ਰੋਜ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗਦਾ ਰਹਿੰਦਾ ਹੈ।੪।
ਪਦਾਰਥ = ਸੋਈ–ਉਹ।ਸੂਰਾ–ਸੂਰਮਾ।ਤਿਸਹਿ–ਉਸ ਨੂੰ।੧।ਦੁਬਿਧਾ–ਦੁਚਿੱਤਾਪਣ; ਮਨ ਦਾ ਦੋ ਪਾਸੇ ਝੁਕਾਉ।ਇਸਹਿ–ਇਸ ਨੂੰ। ਰਾਜ ਜੋਗੁ–ਸੰਸਾਰ ਦੇ ਕਾਰ ਵਿਹਾਰ ਕਰਦੇ ਹੋਏ ਵੀ ਮਨ ਪ੍ਰਭੂ ਨਾਲ ਜੋੜਨਾ; ਯੋਗ ਮੱਤ ਅਨੁਸਾਰ ਮਨ ਦੀ ਬਿਰਤੀ ਦਾ ਨਿਰਵਿਕਲਪ ਹੋਣਾ ਰਾਜ ਜੋਗ ਹੈ।੧।ਰਹਾਉ।ਸੁ–ਉਹ।ਸਮਾਹਿ–ਲੀਨ ਰਹਿੰਦਾ ਹੈ।ਸਿਝੈ–ਸਫਲ ਹੁੰਦਾ ਹੈ; ਮੁਕਤ ਹੁੰਦਾ ਹੈ।੨।ਧਨਵੰਤਾ–ਧਨਵਾਨ।ਪਤਿਵੰਤਾ–ਇੱਜਤਦਾਰ।ਜਤੀ–ਕਾਮ ਵਾਸ਼ਨਾ ਤੇ ਕਾਬੂ ਪਾਉਣ ਵਾਲਾ।ਗਤੀ–ਮੁਕਤੀ; ਉਚੀ ਆਤਮਕ ਅਵਸਥਾ।੩।ਗਨੀ–ਗਿਣਿਆ ਜਾਂਦਾ ਹੈ।ਨਿਹਚਲੁ ਧਨੀ–ਨਾ ਮੁਕਣ ਵਾਲੇ ਧਨ (ਗਿਆਨ) ਦਾ ਮਾਲਕ।ਅਨਦਿਨ–ਹਰ ਰੋਜ।ਜਾਗਾ–ਜਾਗਦਾ ਹੈ।੪।
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸ ਮਾਰੇ ਸੁ ਸਹਜ ਧਿਆਨੀ ॥੫॥ ਜੋ ਪੁਰਖ ਇਸ ਦੁਬਿਧਾ ਨੂੰ ਮਾਰ ਲਵੇ, ਉਹ ਜੀਵਨ ਮੁਕਤ ਹੈ।ਜੋ ਇਸ ਨੂੰ ਮਾਰ ਲਵੇ, ਉਸਦੀ ਜੀਵਨ ਜੁਗਤ ਪਵਿਤ੍ਰ ਹੈ।ਜੋ ਇਸ ਨੂੰ ਮਾਰ ਲਵੇ, ਉਹ ਸ੍ਰੇਸਟ ਗਿਆਨੀ ਹੈ।ਜੋ ਇਸ ਨੂੰ ਮਾਰ ਲਵੇ, ਉਹ ਅਸਲੀ ਧਿਆਨ ਵਾਲਾ ਹੈ।੫।

All Rights Reserved by Harjinder Singh Gyani | www.GuruGranthVakhyaan.org

ਇਸੁ ਮਾਰੇ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥ ਇਸ ਦੁਬਿਧਾ ਨੂੰ ਮਾਰੇ ਬਿਨਾ (ਮਨੁੱਖ ਕਿਸੇ ਲੇਖੇ ਵਿਚ) ਪੈਂਦਾ ਭਾਵ ਸਫਲ ਨਹੀਂ ਹੁੰਦਾ; ਰੱਬ ਦੇ ਦਰ ਤੇ ਪ੍ਰਵਾਨ ਨਹੀਂ ਹੁੰਦਾ। ਭਾਵੇਂ ਕ੍ਰੋੜਾਂ ਜਪ ਤਪ ਆਦਿ ਕਰਮ ਕਰ ਲਵੇ। ਇਸ ਦੁਬਿਧਾ ਨੂੰ ਮਾਰੇ ਬਿਨਾ ਜਨਮ (ਮਰਣ ਦਾ ਗੇੜ) ਨਹੀਂ ਮਿਟਦਾ। ਇਸ (ਦੁਐਤ) ਨੂੰ ਮਾਰੇ ਬਿਨਾ (ਮਨੁੱਖ) ਜਮਾਂ ਤੋਂ ਨਹੀਂ ਛੁੱਟ ਸਕਦਾ।੬।

ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥ ਇਸ ਦੁਬਿਧਾ ਦੇ ਮਾਰੇ ਬਿਨਾ (ਮਨੁੱਖ ਨੂੰ ਰੱਬ ਦਾ) ਗਿਆਨ ਨਹੀਂ ਹੁੰਦਾ। ਇਸ ਨੂੰ ਮਾਰੇ ਬਿਨਾ (ਮਨ ਦੀ) ਜੂਠ ਨਹੀਂ ਧੋਤੀ ਜਾਂਦੀ। ਇਸ ਨੂੰ ਮਾਰੇ ਬਿਨਾ (ਮਨੁੱਖ ਦਾ ਤਨ ਮਨ ਕਰਮ ਆਦਿ) ਸਭ ਕੁਛ ਮੈਲਾ ਹੀ ਰਹਿੰਦਾ ਹੈ। ਇਸ ਦੁਬਿਧਾ ਨੂੰ ਮਾਰੇ ਬਿਨਾ ਸਭ ਕੁਛ ਬੰਧਨ ਰੂਪ ਹੈ; (ਅਪਣੇ ਨਾਲੋਂ) ਸਭ ਕੁਛ ਜੁਦਾ ਪ੍ਰਤੀਤ ਹੁੰਦਾ ਹੈ।੭।

ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥ ਜਿਸ ਮਨੁੱਖ ਉਪਰ ਕ੍ਰਿਪਾ ਦਾ ਖਜਾਨੇ ਪ੍ਰਭੂ ਜੀ ਦਿਆਲ ਹੋਏ ਹਨ। ਉਸ ਦੀ (ਦੁਬਿਧਾ ਤੋਂ) ਮੁਕਤੀ ਹੋ ਗਈ ਅਤੇ ਪੂਰੀ ਸਫਲਤਾ ਪ੍ਰਾਪਤ ਹੋ ਗਈ ਹੈ। ਗੁਰੂ ਨੇ (ਕ੍ਰਿਪਾ ਕਰਕੇ) ਜਿਸ ਪੁਰਖ ਦੀ ਦੁਬਿਧਾ ਮਾਰ ਦਿਤੀ ਹੈ। ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਬ੍ਰਹਮ ਦੇ ਗੁਣਾਂ ਦੀ ਵਿਚਾਰ ਕਰਨ ਵਾਲਾ ਹੈ।੮।੫।

ਪਦਾਰਥ = ਨਿਰਮਲ-ਪਵਿਤ੍ਰ। ਜੁਗਤਾ-ਜੀਵਨ ਜਿਉਣ ਦਾ ਤਰੀਕਾ; ਰਹਿਣੀ ਬਹਿਣੀ; ਆਚਾਰ ਵਿਹਾਰ। ਸਹਜ ਧਿਆਨੀ-ਸਹਿਜ ਅਵਸਥਾ ਵਿਚ ਟਿਕੇ ਰਹਿਣ ਵਾਲਾ; ਆਤਮ ਸਰੂਪ ਵਿਚ ਧਿਆਨ ਜੋੜਨ ਵਾਲਾ।੫। ਥਾਇ ਨ ਪਰੈ-ਸਫਲ ਨਹੀਂ ਹੁੰਦਾ; ਪ੍ਰਵਾਨ ਨਹੀਂ ਹੁੰਦਾ। ਕੋਟਿ-ਕ੍ਰੋੜਾਂ। ਜਾਪ-ਮੰਤ੍ਰਾਂ ਦੇ ਜਾਪ। ਤਪ-ਧੂਣੀਆਂ ਆਦਿ ਤਾਪਣੀਆਂ।੬। ਜੂਠਿ-ਅਪਵਿਤ੍ਰਤਾ। ਜਉਲਾ-ਬੰਧਨ ਰੂਪ (ਮ.ਕੋ.); ਨਾਸ਼ਵੰਤ; ਵਖਰਾ।੭। ਭਏ-ਹੋਏ। ਨਿਧਿ-ਖਜਾਨਾ। ਖਲਾਸੀ-ਮੁਕਤੀ; ਛੁਟਕਾਰਾ। ਸਿਧਿ-ਸਫਲਤਾ। ਗੁਰਿ-ਗੁਰੂ ਨੇ।੫।

ਗਉੜੀ ਮਹਲਾ ੫ ॥ ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥ ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥ (ਜੇ ਕੋਈ ਮਨੁੱਖ) ਹਰੀ ਨਾਲ ਜੁੜ ਜਾਵੇ ਤਾਂ ਸਭ ਕੋਈ (ਉਸ ਦਾ) ਮਿਤ੍ਰ ਬਣ ਜਾਂਦਾ ਹੈ। ਜੇ ਹਰੀ ਨਾਲ (ਮਨੁੱਖ) ਜੁੜ ਜਾਵੇ ਤਾਂ (ਇਸ ਦਾ) ਚਿਤ ਅਡੋਲ ਹੋ ਜਾਂਦਾ ਹੈ। ਜੇ (ਮਨੁੱਖ) ਹਰੀ ਨਾਲ ਜੁੜ ਜਾਵੇ ਤਾਂ ਝੋਰਾ ਨਹੀਂ ਵਿਆਪਦਾ। (ਜੇ ਮਨੁੱਖ) ਹਰੀ ਨਾਲ ਜੁੜ ਜਾਵੇ ਤਾਂ (ਸੰਸਾਰ ਸਮੁੰਦਰ ਤੋਂ ਇਸਦਾ) ਪਾਰ ਉਤਾਰਾ ਹੋ ਜਾਂਦਾ ਹੈ।੧।

ਰੇ ਮਨ ਮੇਰੇ, ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ ਨਾਹੀ ਹੋਰੁ ॥੧॥ਰਹਾਉ॥ (ਇਸ ਲਈ) ਹੇ ਮੇਰੇ ਮਨ! ਤੂੰ (ਅਪਣੀ ਬਿਰਤੀ ਨੂੰ) ਹਰੀ ਨਾਲ ਜੋੜ ਲੈ। (ਕਿਉਂਕਿ ਹਰੀ ਤੋਂ ਬਿਨਾ) ਹੋਰ ਕੋਈ ਵੀ ਤੇਰੇ ਕੰਮ ਆਉਣ ਵਾਲਾ ਨਹੀਂ।੧।ਰਹਾਉ।

ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥ ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥ ਵੱਡੇ ਵੱਡੇ ਜੋ ਮਾਇਆ ਧਾਰੀ ਲੋਕ ਹਨ। ਹੇ ਮੂਰਖ! (ਹਰੀ ਦੇ ਨਾਮ ਤੋਂ ਬਿਨਾ, ਉਹ) ਕਿਸੇ ਕੰਮ ਦੇ ਨਹੀਂ ਹਨ; (ਉਨ੍ਹਾਂ) ਮੂਰਖਾਂ ਦੀ ਵਡੱਪਣ ਕਿਸੇ ਕੰਮ ਆਉਣ ਵਾਲੀ ਨਹੀਂ। ਹਰੀ ਦਾ ਦਾਸ (ਭਾਵੇਂ) ਨੀਚ ਕੁਲ ਦਾ ਸੁਣੀਦਾ ਹੈ। ਉਸਦੀ ਸੰਗਤ ਕਰਕੇ ਇਕ ਖਿਨ ਵਿਚ (ਤੂੰ ਸੰਸਾਰ ਸਾਗਰ ਤੋਂ) ਤਰ ਜਾਵੇਂਗਾ; ਹਰੀ ਦਾ ਦਾਸ ਭਾਵੇਂ ਨੀਚ ਕੁਲ ਦਾ ਹੋਵੇ, ਤਾਂ ਵੀ ਲੋਕ ਉਸਦੀ ਸਿਖਿਆ ਸੁਣਦੇ ਹਨ। ਅਤੇ ਉਸ ਦੀ ਸੰਗਤ ਕਰਕੇ (ਮਨੁੱਖ) ਇਕ ਪਲ ਵਿਚ ਮੁਕਤ ਹੋ ਜਾਂਦੇ ਹਨ (ਦਰਪਣ ਨਾਲ ਮਿਲਦਾ ਅਰਥ)।੨।

ਕੋਟਿ ਮਜਨ ਜਾ ਕੈ ਸੁਣਿ ਨਾਮ ॥ ਕੋਟਿ ਪੂਜਾ ਜਾ ਕੈ ਹੈ ਧਿਆਨ ॥ ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥ ਜਿਸ ਹਰੀ ਦੇ ਨਾਮ ਸੁਣਨ ਨਾਲ ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜਿਸ ਹਰੀ ਦਾ ਧਿਆਨ ਕਰਨ ਨਾਲ ਕ੍ਰੋੜਾਂ ਪੂਜਾ ਕਰਨ ਜਿੰਨਾ ਫਲ ਮਿਲ ਜਾਂਦਾ ਹੈ। ਹਰੀ ਦੀ ਬਾਣੀ ਸੁਣਨ ਨਾਲ ਕ੍ਰੋੜਾਂ ਪੁੰਨਾਂ ਦਾ ਫਲ ਸੁਤੇ ਸਿਧ ਮਿਲ ਜਾਂਦਾ ਹੈ। ਕ੍ਰੋੜਾ ਫਲ ਪ੍ਰਾਪਤ ਕਰਨ ਦੀ ਵਿਧੀ ਗੁਰੂ ਤੋਂ ਜਾਣੀ ਜਾਂਦੀ ਹੈ।੩।

ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥ ਹਰਿ ਅਬਿਨਾਸੀ ਤੁਮਰੈ ਸੰਗਿ ॥ ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥ (ਹੇ ਭਾਈ! ਤੂੰ) ਅਪਣੇ ਮਨ ਵਿਚ ਮੁੜ ਮੁੜ ਵਿਚ ਪ੍ਰਮਾਤਮਾ ਦਾ ਨਾਮ ਯਾਦ ਕਰ। (ਇਸ ਤਰ੍ਹਾਂ) ਮਾਇਆ ਦੇ ਸਾਰੇ ਮੋਹ ਨਾਸ਼ ਹੋ ਜਾਣਗੇ। ਨਾਸ਼ ਰਹਿਤ ਹਰੀ ਤੇਰੇ ਅੰਗ ਸੰਗ ਹੈ। ਹੇ ਮੇਰੇ ਮਨ! ਪ੍ਰਮਾਤਮਾ ਦੇ ਪ੍ਰੇਮ ਵਿਚ ਰਚ ਮਿਚ ਜਾ।੪।

ਪਦਾਰਥ =ਸਿਉ-ਨਾਲ। ਜੁਰੈ-ਜੁੜ ਜਾਵੇ। ਤ-ਤਾਂ; ਤਦ। ਨਿਹਚਲੁ-ਅਡੋਲ। ਕਾੜ੍ਹਾ-ਚਿੰਤਾ। ਨਿਸਤਾਰਾ-ਪਾਰ ਉਤਾਰਾ।੧। ਰੇ ਮਨ-ਹੇ ਮਨ!। ਕਾਜਿ-ਕੰਮ।੧। ਰਹਾਉ। ਦੁਨੀਆਦਾਰ-ਸੰਸਾਰੀ ਮਨੁੱਖ; ਘਰ ਦੇ ਧੰਧਿਆਂ ਵਿਚ ਲੀਨ ਮਨੁੱਖ। ਕਾਹੂ ਕਾਜਿ-ਕਿਸੇ ਕੰਮ। ਗਾਵਾਰ-ਮੂਰਖ। ਕੁਲੁ-ਖਾਨਦਾਨ। ਉਧਰਹਿ-ਤਰ (ਮੁਕਤ ਹੋ) ਜਾਂਦੇ ਹਨ।੨। ਕੋਟਿ-ਕ੍ਰੋੜਾਂ। ਮਜਨ-ਤੀਰਥ ਇਸ਼ਨਾਨ। ਜਾ ਕੈ-ਜਿਸ

All Rights Reserved by Harjinder Singh Gyani | www.GuruGranthVakhyaan.org

ਦਾ। ਗੁਰ ਤੇ-ਗੁਰੂ ਤੋਂ। ਬਿਧਿ-ਤਰੀਕਾ।੩।ਫਿਰਿ ਫਿਰਿ-ਮੁੜ ਮੁੜ। ਚੇਤ-ਯਾਦ ਕਰ। ਹੇਤ-ਮੋਹ। ਰਚੁ-ਲੀਨ। ਰੰਗਿ-ਪ੍ਰੇਮ ਵਿਚ।੪।
ਜਾ ਕੈ ਕਾਮਿ ਉਤਰੈ ਸਭ ਭੂਖ ॥ ਜਾ ਕੈ ਕਾਮਿ ਨ ਜੋਹੈ ਦੂਤ ॥ ਜਾ ਕੈ ਕਾਮਿ ਤੇਰਾ ਵਡ ਗਮਰੁ ॥ ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥੫॥ (ਹੇ ਮੇਰੇ ਮਨ!) ਜਿਸ ਵਾਹਿਗੁਰੂ ਦੇ ਸਿਮਰਨ ਰੂਪ ਕੰਮ ਕਰਨ ਨਾਲ ਸਾਰੀਆਂ ਭੁੱਖਾਂ ਉਤਰ ਜਾਂਦੀਆਂ ਹਨ। ਜਿਸ ਦੇ ਭਜਨ ਰੂਪ ਕੰਮ ਕਰਨ ਨਾਲ (ਮਾਰਨ ਲਈ) ਜਮ ਦੂਤ ਨਹੀਂ ਤੱਕਦੇ। ਜਿਸ ਦੇ ਭਜਨ ਰੂਪ ਕੰਮ ਵਿਚ ਲੱਗਿਆਂ ਤੇਰਾ ਪ੍ਰਤਾਪ ਵੱਡਾ ਹੋਵੇਗਾ। ਜਿਸ ਵਾਹਿਗੁਰੂ ਦੇ ਸਿਮਰਨ ਰੂਪ ਕੰਮ ਕਰਨ ਨਾਲ ਤੂੰ ਅਮਰ ਹੋ ਜਾਵੇਂਗਾ।੫।
ਜਾ ਕੇ ਚਾਕਰ ਕਉ ਨਹੀ ਡਾਨ ॥ ਜਾ ਕੇ ਚਾਕਰ ਕਉ ਨਹੀ ਬਾਨ ॥ ਜਾ ਕੈ ਦਫਤਰ ਪੁਛੈ ਨ ਲੇਖਾ ॥ ਤਾ ਕੀ ਚਾਕਰੀ ਕਰਹੁ ਬਿਸੇਖਾ ॥੬॥ ਜਿਸ ਵਾਹਿਗੁਰੂ ਦੇ ਸੇਵਕ ਨੂੰ ਡੰਨ ਨਹੀਂ ਲਗਦਾ। ਜਿਸ ਪ੍ਰਭੂ ਦੇ ਸੇਵਕ ਨੂੰ ਕੋਈ ਰੁਕਾਵਟ ਨਹੀਂ ਪੈਂਦੀ। ਜਿਸ ਪ੍ਰਭੂ ਦੇ ਦਫਤਰ ਵਿਚ (ਸੇਵਕ ਪਾਸੋਂ) ਕੋਈ ਲੇਖਾ ਨਹੀਂ ਪੁਛਦਾ। ਵਿਸ਼ੇਸ਼ ਕਰਕੇ ਉਸ ਪ੍ਰਭੂ ਦੀ ਨੌਕਰੀ ਕਰ।੬।
ਜਾ ਕੈ ਊਨ ਨਾਹੀ ਕਾਹੂ ਬਾਤ ॥ ਏਕਹਿ ਆਪਿ ਅਨੇਕਹਿ ਭਾਤਿ ॥ ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥ ਮਨ ਮੇਰੇ ਕਰਿ ਤਾ ਕੀ ਘਾਲ ॥੭॥ ਜਿਸ ਦੇ ਘਰ ਕਿਸੇ ਗਲ ਦੀ ਕਮੀ ਨਹੀਂ। (ਉਹ ਪ੍ਰਭੂ) ਆਪ ਇਕ ਹੈ, (ਪਰ) ਅਨੇਕ ਭਾਂਤ ਦਾ ਹੋ ਕੇ ਪਸਰ ਰਿਹਾ ਹੈ। ਜਿਸ ਦੀ ਕ੍ਰਿਪਾ ਦ੍ਰਿਸਟੀ ਨਾਲ ਸਦਾ ਨਿਹਾਲ ਹੋ ਜਾਈਦਾ ਹੈ। (ਇਸ ਲਈ) ਹੇ ਮੇਰੇ ਮਨ! ਉਸ ਪ੍ਰਭੂ ਦੀ ਸੇਵਾ ਕਰ।੭।
ਨਾ ਕੋ ਚਤੁਰੁ ਨਾਹੀ ਕੋ ਮੂੜਾ ॥ ਨਾ ਕੋ ਹੀਣ ਨਾਹੀ ਕੋ ਸੂਰਾ ॥ (ਨਿਹਾਲ ਹੋ ਕੇ ਬ੍ਰਹਮ ਦਿਸਟੀ ਹੋ ਜਾਏਗੀ ਕਿ ਅਪਣੇ ਆਪ) ਨਾ ਕੋਈ (ਮਨੁੱਖ) ਚਤਰ ਹੈ ਤੇ ਨਾ ਹੀ ਕੋਈ ਮੂਰਖ ਹੈ। ਨਾ ਕੋਈ ਕਮਜੋਰ ਹੈ ਤੇ ਨਾਹੀ ਕੋਈ ਸੂਰਬੀਰ ਹੈ।
ਅੰਗ ੨੩੯ = ਜਿਤੁ ਕੋ ਲਾਇਆ ਤਿਤ ਹੀ ਲਾਗਾ ॥ ਸੋ ਸੇਵਕੁ ਨਾਨਕ ਜਿਸੁ ਭਾਗਾ ॥੮॥੬॥ (ਪ੍ਰਭੂ ਨੇ) ਜਿਧਰ ਕੋਈ ਲਾਇਆ ਹੈ, (ਉਹ) ਉਧਰ ਹੀ ਲੱਗਾ ਹੋਇਆ ਹੈ। ਗੁਰੂ ਜੀ ਆਖਦੇ ਹਨ, ਜਿਸ ਦੇ ਚੰਗੇ ਭਾਗ ਹਨ, ਉਹ ਪ੍ਰਭੂ ਦਾ ਸੇਵਕ ਬਣਦਾ ਹੈ।੮।੬
ਪਦਾਰਥ = ਕਾਮਿ-(ਭਜਨ ਰੂਪ) ਕੰਮ ਕਰਨ ਨਾਲ; ਕਾਮਨਾ (ਇੱਛਾ) ਕਰਨ ਨਾਲ। ਉਤਰੈ-ਮਿਟ ਜਾਂਦੀ ਹੈ। ਗਮਰੁ-ਤੇਜ ਪ੍ਰਤਾਪ; ਵਡਿਆਈ। ਅਮਰੁ-ਮੌਤ ਰਹਿਤ।੫। ਜਾ ਕੇ-ਜਿਸ ਦੇ। ਚਾਕਰ-ਸੇਵਕ। ਕਉ-ਨੂੰ। ਡਾਨ-ਡੰਨ। ਬਾਨ-ਬੰਨ੍ਹ; ਬੰਧਨ; ਰੋਕ। ਲੇਖਾ-(ਕਰਮਾਂ ਦਾ) ਹਿਸਾਬ। ਤਾ ਕੀ-ਉਸ ਦੀ। ਚਾਕਰੀ-ਨੌਕਰੀ। ਬਿਸੇਖਾ-ਵਿਸ਼ੇਸ਼ ਕਰ ਕੇ।੬। ਊਨ-ਘਾਟਾ; ਕਮੀ। ਕਾਹੂ-ਕਿਸੇ ਦੀ। ਅਨੇਕਹਿ ਭਾਤਿ-ਅਨੇਕ ਤਰ੍ਹਾਂ ਦਾ ਹੋ ਕੇ। ਨਿਹਾਲ-ਪ੍ਰਸੰਨ; ਮੁਕਤ। ਘਾਲ-ਸੇਵਾ।੭। ਚਤੁਰੁ-ਸਿਆਣਾ। ਮੂੜਾ-ਮੂਰਖ। ਕੋ-ਕੋਈ। ਹੀਣ-ਕਮਜੋਰ। ਸੂਰਾ-ਸੂਰਬੀਰ। ਜਿਤੁ-ਜਿਧਰ; ਜਿਸ ਪਾਸੇ। ਤਿਤ-ਉਸ ਪਾਸੇ। ਸੋ-ਉਹ। ਭਾਗਾ-ਕਿਸਮਤ।੮।੬।
ਗਉੜੀ ਮਹਲਾ ੫ ॥ ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥ ਜਿਵੇਂ ਸੱਪ ਦੀ ਉਮਰ ਲੰਬੀ ਹੁੰਦੀ ਹੈ, (ਪਰ ਇਹ ਜੂਨ ਨਿਕੰਮੀ ਜਾਣੀ ਗਈ ਹੈ, ਮਨੁੱਖਾ ਜਨਮ ਵੀ) ਸਿਮਰਨ ਤੋਂ ਬਿਨਾ ਬਿਰਥਾ ਹੈ। ਤਿਵੇਂ ਸਾਕਤ ਪੁਰਖ ਨਾਮ ਨੂੰ ਭੁਲਾ ਕੇ (ਬਿਰਥਾ ਜੀਵਨ) ਜਿਉਂਦੇ ਹਨ। (ਜਿਵੇਂ ਸੱਪ ਵਿਸ ਘੋਲਦਾ ਹੈ, ਤਿਵੇਂ ਸਾਕਤ ਵਿਸ ਘੋਲਦਾ ਰਹਿੰਦਾ ਹੈ)।੧।
ਏਕ ਨਿਮਖ ਜੋ ਸਿਮਰਨ ਮਹਿ ਜੀਆ ॥ ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ਰਹਾਉ॥ ਜੋ ਪੁਰਖ ਇਕ ਨਿਮਖ ਜਿਤਨਾ ਚਿਰ ਵੀ ਸਿਮਰਨ ਵਿਚ ਜਿਉਂਦਾ ਹੈ। ਉਹ ਲੱਖਾਂ ਕ੍ਰੋੜਾਂ ਦਿਨ (ਹੀ ਨਹੀਂ, ਸਗੋਂ) ਸਦਾ ਲਈ ਥਿਰ ਹੋ ਜਾਂਦਾ ਹੈ।੧।ਰਹਾਉ।
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥ ਬਿਨਾ ਸਿਮਰਨ ਤੋਂ ਜੋ (ਹੋਰ) ਕਰਮ ਕਰਦਾ ਹੈ (ਉਹ) ਫਿਟਕਾਰ ਯੋਗ ਹਨ। ਜਿਵੇਂ ਕਾਂ ਦਾ ਮੂੰਹ ਗੰਦਗੀ ਵਿਚ ਰਹਿੰਦਾ ਹੈ (ਤਿਵੇਂ ਸਾਕਤ ਦੇ ਮੂੰਹ ਵਿਚ ਨਿੰਦਾ ਰੂਪ ਗੰਦ ਹੈ)।੨।
ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥੩॥ ਸਿਮਰਨ ਤੋਂ ਬਿਨਾ ਸਾਕਤ ਕੁੱਤਿਆਂ ਵਾਲੇ ਕੰਮ ਕਰਦੇ ਹਨ (ਕੁੱਤਿਆਂ ਵਾਂਗ ਲਾਲਚ ਵਸ ਹੋ ਕੇ ਦਰ ਦਰ ਤੇ ਭਟਕਦੇ ਫਿਰਦੇ ਹਨ)। ਸਾਕਤ ਵੇਸਵਾ ਦੇ ਪੁੱਤ ਵਾਂਗ (ਪਿਤਾ ਦੇ) ਨਾਮ ਤੋਂ ਬਿਨਾ ਹੀ ਹੁੰਦੇ ਹਨ (ਕਿਸੇ ਇਕ ਗੁਰੂ ਪੀਰ ਦੇ ਨਹੀਂ ਬਣਦੇ)।੩।
ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥ ਸਿਮਰਨ ਤੋਂ ਬਿਨਾ ਮਨੁੱਖ ਅਜੇਹਾ ਹੈ, ਜਿਵੇਂ ਸਿੰਗਾਂ ਵਾਲਾ ਮੀਢਾ ਹੁੰਦਾ ਹੈ। (ਕਿਉਂਕਿ) ਸਾਕਤ ਦਾ ਮੂੰਹ ਕਾਲਾ ਹੁੰਦਾ ਹੈ ਤੇ ਝੂਠ ਬੋਲਦਾ ਹੈ (ਛਤਰੇ ਦੇ ਸਿੰਗ ਵਲਦਾਰ ਤੇ ਗੋਲ ਹੁੰਦੇ ਹਨ, ਲੋਕ ਛਤਰੇ ਨੂੰ ਭਿੜਾਉਣ ਲਈ ਪਾਲਦੇ ਹਨ। ਉਨ੍ਹਾਂ ਦੀਆਂ ਟੱਕਰਾਂ ਦੇਖ ਕੇ ਖੁਸ਼ ਹੁੰਦੇ ਹਨ, ਪਰ ਜਿਤ ਹਾਰ ਦਾ ਛਤਰੇ ਨੂੰ ਕੀ ਲਾਭ ? ਇਸਦਾ ਮੂੰਹ ਕਾਲਾ ਹੁੰਦਾ ਹੈ, ਇਵੇਂ ਸਾਕਤ ਦਾ ਮੂੰਹ ਵੀ ਉਸਦੇ ਕੁਕਰਮਾਂ ਕਰਕੇ ਲੋਕ ਪ੍ਰਲੋਕ ਵਿਚ ਕਾਲਾ ਹੁੰਦਾ ਹੈ)।੪।
ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥੫॥ ਬਿਨਾ ਸਿਮਰਨ ਤੋਂ ਮਨੁੱਖ ਗਧਿਆਂ ਵਰਗੇ ਹੁੰਦੇ ਹਨ ਭਾਵ ਇਨਸਾਨੀ ਪਦਵੀ ਤੋਂ ਡਿਗੇ ਹੁੰਦੇ ਹਨ। ਸਾਕਤ ਮਨੁੱਖ ਭਰਿਸ਼ਟ (ਕੁਕਰਮਾਂ ਵਾਲੇ ਗੰਦੇ) ਥਾਵਾਂ ਤੇ ਫਿਰਦੇ ਹਨ।੫।
ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥ ਸਿਮਰਨ ਤੋਂ ਬਿਨਾ ਮਨੁੱਖ (ਲੋਭ ਲਹਿਰ ਵਿਚ) ਹਲਕੇ

ਕੁੱਤੇ ਵਾਂਗ (ਮਾਲਕ ਸਣੇ ਹਰ ਇਕ ਨੂੰ ਵਢਦੇ) ਹਨ। ਸਾਕਤ ਲੋਭੀ (ਅਪਣੇ ਮਨ ਨੂੰ ਤ੍ਰਿਸ਼ਨਾ ਤੋਂ) ਰੋਕ ਨਹੀਂ ਪਾ ਸਕਦੇ।੬।
ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ, ਤਿਸੁ ਕੁਲੁ ਨਹੀ ਜਾਤੀ ॥੭॥ ਸਿਮਰਨ ਤੋਂ ਬਿਨਾ ਸਾਕਤ ਪੁਰਖ ਆਪਣੇ ਆਪ ਦੀ ਹੱਤਿਆ ਕਰਨ ਵਾਲਾ ਹੈ। ਸਾਕਤ ਨੀਚ ਹੈ, ਉਸ ਦੀ ਕੁਲ ਤੇ ਜਾਤ ਨਹੀ (ਸਾਕਤ ਪੁਣਾ ਹੀ ਜਾਤ ਤੇ ਕੁਲ ਹੈ); ਕੁਲ ਜਾਣੀ ਨਹੀਂ ਜਾਂਦੀ (ਕਿਉਂਕਿ ਚੰਗੇ ਖਾਨਦਾਨ ਜਾਂ ਉਤਮ ਜਾਤ ਦਾ ਕਿਹੜਾ ਬੰਦਾ ਕਸਾਈ ਪੁਣੇ ਦਾ ਕੰਮ ਕਰਦਾ ਹੈ?)।੭।
ਜਿਸੁ ਭਇਆ ਕ੍ਰਿਪਾਲੁ ,ਤਿਸੁ ਸਤਸੰਗਿ ਮਿਲਾਇਆ ॥ ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥ ਜਿਸ ਮਨੁੱਖ ਉਤੇ ਪ੍ਰਭੂ ਮੇਹਰਵਾਨ ਹੋਇਆ ਹੈ, ਉਸਨੂੰ ਸਤਸੰਗਤ ਵਿਚ ਮਿਲਾ ਦਿਤਾ ਹੈ। ਗੁਰੂ ਜੀ ਆਖਦੇ ਹਨ, (ਸਤ ਸੰਗਤ ਵਿਚ ਆਏ) ਜਗਤ ਨੂੰ ਪ੍ਰਮਾਤਮਾ ਨੇ) ਗੁਰੂ ਰਾਹੀਂ ਤਾਰ ਦਿਤਾ ਹੈ {ਕਲਿਜੁਗੁ ਉਧਾਰਿਆ ਗੁਰਦੇਵ ੪੦੬}।੮।੭।
ਪਦਾਰਥ = ਜੈਸੇ–ਜਿਵੇਂ। ਸਰਪ–ਸੱਪ। ਆਰਜਾਰੀ–ਉਮਰ। ਸਾਕਤ–ਧਰਮ ਤੋਂ ਗਿਰਿਆ ਮਨੁੱਖ। ਬਿਸਾਰੀ–ਭੁਲਾ ਕੇ।੧। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਜੋ–ਜਿਹੜਾ। ਥਿਰੁ–ਸਦਾ ਕਾਇਮ ਰਹਿਣ ਵਾਲੀ ਅਵਸਥਾ; ਅਮਰ। ਥੀਆ–ਹੋ ਗਿਆ।੧। ਰਹਾਉ। ਧ੍ਰਿਗੁ–ਫਿਟਕਾਰ ਯੋਗ। ਕਰਾਸ–ਕਰਦਾ ਹੈ। ਕਾਗ ਬਤਨ–ਕਾਂ ਦਾ ਮੂੰਹ (ਚੁੰਜ)। ਬਿਸਟਾ–ਗੰਦ; ਗੂੰਹ। ਵਾਸ–ਵਸਦਾ ਹੈ; ਰਹਿੰਦਾ ਹੈ।੨। ਭਏ–ਹੋ ਗਏ ਹਨ। ਕੂਕਰ ਕਾਮ–ਕੁੱਤਿਆਂ ਦੇ ਕੰਮਾਂ ਵਾਲੇ। ਬੇਸੁਆ–ਵੇਸਵਾ। ਨਿਨਾਮ–ਪਿਤਾ ਦੇ ਨਾਮ ਤੋਂ ਰਹਿਤ; ਹਰਾਮ ਦੇ।੩। ਸੀਙ–ਸਿੰਗ। ਛਤਾਰਾ–ਭੇਡੂ। ਕੂਰੁ–ਕੂੜ। ਕਾਰਾ–ਕਾਲਾ।੪। ਗਰਧਭ–ਗਧੇ। ਨਿਆਈ–ਵਾਂਗ। ਭਰਿਸਟ–ਗੰਦੇ। ਫਿਰਹਿ–ਫਿਰਦੇ ਹਨ।੫। ਕੂਕਰ–ਕੁੱਤਾ। ਹਰਕਾਇਆ–ਹਲਕਿਆ ਹੋਇਆ। ਬੰਧੁ–ਕਾਬੂ; ਰੋਕ।੬। ਆਤਮਘਾਤੀ–ਅਤਮ ਹਤਿਆ ਕਰਨ ਵਾਲਾ। ਕੁਲੁ–ਖਾਨਦਾਨ। ਜਾਤੀ–ਜਾਤ।੭। ਭਇਆ–ਹੋਇਆ। ਗੁਰਿ–ਗੁਰੂ ਰਾਹੀਂ; ਗੁਰੂ ਨੇ।੮।੭।
ਗਉੜੀ ਮਹਲਾ ੫ ॥ ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥ ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥(ਗੁਰੂ ਅਰਜਨ ਦੇਵ ਜੀ ਆਖ ਰਹੇ ਹਨ) ਗੁਰੂ ਦੇ ਬਚਨਾਂ ਕਰਕੇ ਮੈਂ ਉਤਮ ਪਦਵੀ ਪਾ ਲਈ ਹੈ। ਪੂਰਨ ਗੁਰੂ (ਰਾਮਦਾਸ ਜੀ) ਨੇ ਮੇਰੀ ਲਾਜ ਰਖ ਲਈ ਹੈ।੧।
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੁਹਿ ਮਿਲਿਆ ਥਾਉ ॥੧॥ਰਹਾਉ॥ ਗੁਰੂ ਦੇ ਬਚਨਾਂ ਕਰਕੇ ਮੈਂ (ਵਾਹਿਗੁਰੂ ਦਾ) ਨਾਮ ਧਿਆਇਆ ਹੈ। ਗੁਰੂ ਦੀ ਕ੍ਰਿਪਾ ਨਾਲ ਮੈਨੂੰ (ਵਾਹਿਗੁਰੂ ਦਾ ਸਦੀਵੀ) ਟਿਕਾਣਾ ਮਿਲ ਗਿਆ ਹੈ।੧। ਰਹਾਉ।
ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥ ਗੁਰ ਕਿਰਪਾ ਤੇ, ਅੰਮ੍ਰਿਤ ਮੇਰੀ ਬਾਣੀ ॥੨॥ ਗੁਰੂ ਦੇ ਬਚਨਾਂ ਦੁਆਰਾ (ਰੱਬ ਦੀ ਸਿਫਤ ਸਲਾਹ) ਸੁਣ ਕੇ ਅਪਣੀ ਜੀਭ ਨਾਲ (ਰੱਬ ਦਾ ਨਾਮ) ਉਚਾਰਨ ਕਰਦਾ ਰਹਿੰਦਾ ਹਾਂ। (ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ) ਗੁਰੂ ਦੇ ਬਚਨਾਂ ਕਰਕੇ ਮੇਰੀ ਬੋਲ ਬਾਣੀ ਅੰਮ੍ਰਿਤ ਵਰਗੀ ਮਿਠੀ ਹੋ ਗਈ ਹੈ; ਮੇਰੀ ਉਚਾਰਨ ਕੀਤੀ ਬਾਣੀ ਅੰਮ੍ਰਿਤ ਮਈ ਹੈ।੨।
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ, ਮੇਰਾ ਵਡ ਪਰਤਾਪੁ ॥੩॥ ਗੁਰੂ ਦੇ ਬਚਨ ਮੰਨਣ ਕਰਕੇ ਮੇਰਾ ਆਪਾ ਭਾਵ ਮਿਟ ਗਿਆ ਹੈ। ਗੁਰੂ ਦੀ ਦਇਆ ਨਾਲ ਮੇਰਾ ਪ੍ਰਤਾਪ ਵੱਡਾ ਹੋ ਗਿਆ ਹੈ (ਕੋਈ ਵਿਕਾਰ ਨੇੜੇ ਨਹੀਂ ਢੁਕਦਾ)।੩।
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥ ਗੁਰੂ ਦੇ ਬਚਨਾਂ ਨਾਲ ਮੇਰਾ ਭਰਮ ਮਿਟ ਗਿਆ ਹੈ। ਗੁਰੂ ਦੇ ਬਚਨਾਂ (ਦੀ ਬਰਕਤ) ਨਾਲ ਮੈਂ ਸਭ ਨੂੰ ਬ੍ਰਹਮ ਰੂਪ ਕਰਕੇ ਦੇਖ ਲਿਆ ਹੈ; ਰੱਬ ਨੂੰ ਸਭ ਥਾਂ ਵਸਦਾ ਦੇਖਿਆ ਹੈ।੪।
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰ ਕੈ ਸੰਗਿ, ਤਰਿਆ ਸਭੁ ਲੋਗੁ ॥੫॥ ਗੁਰੂ ਦੇ ਬਚਨਾਂ (ਦੀ ਬਰਕਤ) ਨਾਲ ਮੈਂ ਰਾਜ ਜੋਗ ਕੀਤਾ ਹੈ। ਗੁਰੂ (ਰਾਮਦਾਸ ਜੀ ਦਾ) ਦਾ ਸੰਗ ਕਰਕੇ ਸਾਰਾ ਸੰਸਾਰ (ਭਵਜਲ ਤੋਂ) ਤਰ ਗਿਆ ਹੈ।੫।
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥ ਗੁਰੂ ਦੇ ਬਚਨਾਂ ਕਰਕੇ ਮੇਰੇ ਕੰਮ ਸਿਰੇ ਚੜ੍ਹ ਗਏ ਹਨ। ਗੁਰੂ ਦੇ ਬਚਨਾਂ ਕਰਕੇ ਮੈਂ ਨਾਮ ਦਾ ਖਜਾਨਾ ਪ੍ਰਾਪਤ ਕਰ ਲਿਆ ਹੈ।੬।
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥੭॥ ਜਿਸ ਜਿਸ ਮਨੁੱਖ ਨੇ ਮੇਰੇ ਗੁਰੂ ਦੀ ਆਸ ਧਾਰਣ ਕੀਤੀ ਹੈ। ਉਸ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।੭।
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥ ਗੁਰੂ ਦੇ ਬਚਨ ਮੰਨਣ ਨਾਲ ਮੇਰਾ ਭਾਗ ਜਾਗ ਪਿਆ ਹੈ। (ਜਿਸ ਕਰਕੇ) ਹੇ ਨਾਨਕ! ਮੈਨੂੰ ਪਾਰਬ੍ਰਹਮ ਰੂਪ ਗੁਰੂ (ਰਾਮਦਾਸ ਜੀ) ਮਿਲੇ ਹਨ।੮।੮।
ਪਦਾਰਥ = ਬਚਨਿ–ਬਚਨਾਂ (ਉਪਦੇਸ਼ ਦੀ ਬਰਕਤ) ਨਾਲ। ਮੋਹਿ–ਮੈਂ। ਪਰਮ ਗਤਿ–ਉਤਮ ਪਦਵੀ। ਪੈਜ–ਇੱਜਤ।੧। ਪਰਸਾਦਿ–ਕ੍ਰਿਪਾ ਨਾਲ। ਥਾਉ–ਜਗ੍ਹਾ (ਚਰਨਾਂ ਵਿਚ)।੧। ਰਹਾਉ। ਰਸਨਿ–ਜੀਭ ਨਾਲ। ਵਖਾਣੀ–ਉਚਾਰਦਾ ਹਾਂ। ਬਾਣੀ–ਗੁਰ ਬਾਣੀ; ਗਲ ਬਾਤ।੨। ਆਪੁ–ਆਪਾ ਭਾਵ; ਅਪਣੱਤ। ਤੇ–ਤੋਂ; ਨਾਲ।੩। ਭਰਮ–ਭੁਲੇਖਾ; ਹੋਰ ਦਾ ਹੋਰ ਸਮਝਣਾ। ਪੇਖਿਓ–ਦੇਖਿਆ ਹੈ।੪। ਰਾਜੁ ਜੋਗੁ –ਰਾਜ ਵੀ ਤੇ ਜੋਗ ਵੀ (ਘਰੇ ਰਹਿੰਦਿਆਂ ਰੱਬ ਦਾ ਮਿਲਾਪ)। ਲੋਗੁ–ਸੰਸਾਰ।੫। ਕਾਰਜ–ਕੰਮ। ਸਿਧਿ–ਸਫਲ ਹੋ ਗਏ। ਨਾਉ ਨਿਧਿ–

All Rights Reserved by Harjinder Singh Gyani | www.GuruGranthVakhyaan.org

ਨਾਮ ਦਾ ਖਜਾਨਾ।੬।ਜਿਨਿ–ਜਿਸ ਨੇ।ਫਾਸਾ–ਫਾਹੀ।੭।ਕਰਮੁ–ਭਾਗ; ਕਿਸਮਤ।ਭੇਟਿਆ–ਮਿਲਿਆ ਹੈ।੮।੮।

ਗਉੜੀ ਮਹਲਾ ੫ ॥ ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ ਗੁਰੁ ਮੇਰੇ ਪ੍ਰਾਣ, ਸਤਿਗੁਰੁ ਮੇਰੀ ਰਾਸਿ ॥੧॥ਰਹਾਉ॥ ਉਸ ਗੁਰੂ ਨੂੰ ਮੈਂ ਸੁਆਸ ਸੁਆਸ ਯਾਦ ਕਰਦਾ ਹਾਂ।ਗੁਰੂ ਹੀ ਮੇਰੇ ਪ੍ਰਾਣ ਹਨ ਤੇ ਸਤਿਗੁਰੂ ਹੀ ਮੇਰੀ (ਆਤਮਕ) ਪੂੰਜੀ ਹੈ।੧।ਰਹਾਉ।

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥ (ਮੈਂ) ਗੁਰੂ ਦਾ ਦਰਸ਼ਨ (ਗਿਆਨ ਤੇ ਵਿਵੇਕ ਦੇ ਨੇਤ੍ਰਾਂ ਨਾਲ) ਦੇਖ ਦੇਖ ਕੇ ਜਿਉਂਦਾ ਹਾਂ।ਅਤੇ ਗੁਰੂ ਦੇ ਚਰਣ ਧੋ ਧੋ ਕੇ (ਚਰਣਾਮ੍ਰਿਤ) ਪੀਂਦਾ ਹਾਂ।੧।

ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥ ਗੁਰੂ ਦੇ ਚਰਨਾਂ ਦੀ ਧੂੜ (ਮਹਾਨ ਤੀਰਥ) ਹੈ, ਉਸ ਵਿਚ ਨਿਤ ਸ਼ਨਾਨ ਕਰਦਾ ਹਾਂ।(ਤਾਂ ਕਿ) ਜਨਮਾਂ ਜਨਮਾਂ ਦੀ ਲੱਗੀ ਹਉਮੈ ਦੀ ਮੈਲ ਨੂੰ (ਮਨ ਤੋਂ) ਦੂਰ ਕਰ ਲਵਾਂ।੨।

ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥ ਉਸ ਗੁਰੂ ਨੂੰ (ਗਰਮੀ ਸਮੇਂ) ਪੱਖਾ ਝਲਦਾ ਹਾਂ।(ਜਿਸ ਗੁਰੂ ਨੇ ਮੈਨੂੰ) ਮਾਇਆ ਦੀ ਤੇਜ ਅੱਗ ਤੋਂ ਹੱਥ ਦੇ ਕੇ ਬਚਾ ਲਿਆ ਹੈ।੩।ਅਗਨਿ ਸਾਗਰੁ ਮਹਾ ਵਿਆਪੈ ਮਾਇਆ।(੧੯੨)

ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥ ਉਸ ਗੁਰੂ ਦੇ ਘਰ ਵਿਚ ਮੈਂ ਪਾਣੀ ਢੋਂਦਾ ਹਾਂ।ਜਿਸ ਗੁਰੂ ਤੋਂ ਕਲਾ ਰਹਿਤ (ਨਿਰਗੁਣ) ਵਾਹਿਗੁਰੂ ਦੀ ਅਵਸਥਾ ਜਾਣੀ ਹੈ।੪।

ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪ੍ਰਸਾਦਿ ਵੈਰੀ ਸਭ ਮੀਤ ॥੫॥ ਉਸ ਗੁਰੂ ਦੇ ਘਰ ਵਿਚ ਮੈਂ ਰੋਜ ਚੱਕੀ ਵਿਚ ਦਾਣੇ ਪੀਂਹਦਾ ਹਾਂ।ਜਿਸ ਗੁਰੂ ਦੀ ਕ੍ਰਿਪਾ ਨਾਲ ਸਾਰੇ ਵੈਰੀ (ਮੇਰੇ) ਮਿਤ੍ਰ ਬਣ ਗਏ ਹਨ।੫।

ਅੰਗ ੨੪੦ = ਜਿਨਿ ਗੁਰਿ ਮੋਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥ ਜਿਸ ਗੁਰੂ ਨੇ ਮੈਨੂੰ ਜੀਵਨ ਦਾਨ ਦਿਤਾ ਹੈ (ਮੁਕਤ ਕਰ ਦਿਤਾ) ਅਤੇ ਅਪਣਾ ਦਾਸ ਬਣਾ ਕੇ ਆਪੇ ਮੁੱਲ ਲੈ ਲਿਆ (ਉਪਦੇਸ਼ ਦੇ ਕੇ ਸੇਵਾ ਵਿਚ ਲਾ ਲਿਆ)।੬।

ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ, ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥ (ਗੁਰੂ ਨੇ) ਅਪਨਾ ਪਿਆਰ ਵੀ (ਮੇਰੇ ਮਨ ਵਿਚ) ਆਪੇ ਲਾਇਆ ਹੈ।ਉਸ ਗੁਰੂ ਨੂੰ (ਮੈਂ) ਸਦਾ ਸਦਾ ਨਮਸ਼ਕਾਰ ਕਰਦਾ ਹਾਂ।੭।

ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥ ਗੁਰੂ ਜੀ ਆਖਦੇ ਹਨ ਕਿ ਮੇਰਾ ਗੁਰੂ ਐਸਾ ਸਮਰੱਥ ਹੈ।(ਜਿਸਦੀ ਕ੍ਰਿਪਾ ਦਾ ਸਦਕਾ) ਝਗੜੇ, ਕਲੇਸ਼, ਡਰ, ਭਰਮ ਤੇ ਦੁੱਖ ਆਦਿ ਦੂਰ ਹੋ ਗਏ ਹਨ।੮।੯।

ਪਦਾਰਥ = ਕਉ–ਨੂੰ।ਪ੍ਰਾਣ–ਜਿੰਦ।ਰਾਸਿ–ਪੂੰਜੀ (ਆਤਮਕ ਜੀਵਨ ਦੀ)।੧।ਰਹਾਉ।ਜੀਵਾ–ਜਿਉਂਦਾ ਹਾਂ।ਪੀਵਾ–ਪੀਂਦਾ ਹਾਂ।੧।ਰੇਣੁ–ਚਰਨ ਧੂੜ।ਨਿਤ–ਰੋਜ।ਮਜਨ–ਇਸ਼ਨਾਨ।ਮਲੁ–ਮੈਲ।ਹਰਉ–ਦੂਰ ਕਰਦਾ ਹਾਂ।੨।ਝੂਲਾਵਉ–ਝਲਦਾ ਹਾਂ।ਪਾਖਾ–ਪੱਖਾ। ਮਹਾ ਅਗਨਿ–(ਗਰਭ; ਨਰਕ; ਤ੍ਰਿਸ਼ਨਾ; ਮਾਇਆ ਦੀ) ਬਹੁਤ ਤੇਜ ਅੱਗ।ਤੇ–ਤੋਂ।ਦੇ–ਦੇ ਕੇ।੩।ਗ੍ਰਿਹਿ–ਘਰ ਵਿਚ।ਅਕਲ ਗਤਿ–ਕਲਾ ਰਹਿਤ (ਨਿਰਗੁਣ) ਵਾਹਿਗੁਰੂ ਦੀ ਅਵਸਥਾ; ਮੁਕਤੀ ਪ੍ਰਾਪਤ ਕਰਨ ਵਾਲੀ ਸਮਝ।੪।ਪੀਸਉ–ਚੱਕੀ ਵਿਚ ਦਾਣੇ ਪੀਂਹਦਾ ਹਾਂ। ਨੀਤ–ਰੋਜ; ਸਦਾ।ਪ੍ਰਸਾਦਿ–ਕ੍ਰਿਪਾ ਨਾਲ।੫।ਜੀਉ–ਆਤਮਕ ਜੀਵਨ।ਮੁਲਿ–ਮੁੱਲ ਨਾਲ।ਲੀਉ–ਲੈ ਲਿਆ।੬।ਕਰੀ–ਕਰਦਾ ਹਾਂ। ੭।ਕਲਿ–ਝਗੜੇ; ਕਲਪਨਾ।ਲਾਥਾ–ਦੂਰ ਹੋ ਗਿਆ।ਸਮਰਾਥਾ–ਤਾਕਤ ਵਾਲਾ; ਸਭ ਕੁਛ ਕਰਨ ਦੇ ਲਾਇਕ।੮।੯।

ਗਉੜੀ ਮਹਲਾ ੫ ॥ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ਰਹਾਉ॥ ਹੇ ਮੇਰੇ ਗੋਬਿੰਦ! ਮੈਨੂੰ ਮਿਲ ਅਤੇ ਅਪਣਾ ਨਾਮ ਦਾਨ ਕਰ।(ਕਿਉਂਕਿ) ਨਾਮ ਬਿਨਾ ਹੋਰ ਦੁਨਿਆਵੀ ਪਿਆਰ ਧ੍ਰਿਕਾਰ ਯੋਗ ਹਨ ਅਤੇ ਅਜੇਹਾ ਮਨੁੱਖ ਵੀ ਧ੍ਰਿਕਾਰ ਯੋਗ ਹੈ ਜੋ ਨਾਮ ਨੂੰ ਛਡ ਕੇ ਦੂਜੀ ਚੀਜਾਂ ਨਾਲ ਪਿਆਰ ਕਰਦਾ ਹੈ।੧।ਰਹਾਉ।

ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥੧॥ ਨਾਮ ਤੋਂ ਬਿਨਾ (ਮਨੁੱਖ) ਜੋ ਵੀ ਕਪੜੇ ਪਹਿਨਦਾ ਹੈ ਤੇ ਕੁਛ ਖਾਂਦਾ ਹੈ।(ਉਹ ਇਸ ਤਰ੍ਹਾਂ ਨਿਸਫਲ ਹੈ) ਜਿਵੇਂ ਕੋਈ ਕੁੱਤਾ ਜੂਠੇ ਬਰਤਨਾਂ ਵਿਚ ਮੂੰਹ ਪਾਉਂਦਾ ਫਿਰਦਾ ਹੈ।੧।

ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥ ਨਾਮ ਸਿਮਰਨ ਤੋਂ ਬਿਨਾ ਜਿਤਨਾ ਵੀ ਕਾਰ ਵਿਹਾਰ ਹੈ।(ਉਹ ਇਉਂ ਹੈ) ਜਿਵੇਂ ਮੁਰਦੇ ਦਾ ਸ਼ਿੰਗਾਰ ਮਿਥਿਆ (ਨਿਸਫਲ) ਹੈ।੨।

ਨਾਮੁ ਬਿਸਾਰਿ, ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ, ਤਨ ਮਹਿ ਰੋਗ ॥੩॥ (ਜੋ ਮਨੁੱਖ) ਨਾਮ ਨੂੰ ਭੁਲਾ ਕੇ (ਵਿਸ਼ਿਆਂ ਦੇ) ਰਸ ਭੋਗਣਾ ਕਰਦਾ ਹੈ।(ਉਸ ਨੂੰ) ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ, (ਭੋਗਾਂ ਤੋਂ) ਸਰੀਰ ਵਿਚ ਰੋਗ ਪੈਦਾ ਹੋ ਜਾਂਦੇ ਹਨ।੩।

ਨਾਮੁ ਤਿਆਗਿ ਕਰੇ ਅਨ ਕਾਜ ॥ ਬਿਨਸਿ ਜਾਇ ਝੂਠੇ ਸਭਿ ਪਾਜ ॥੪॥(ਜੋ ਮਨੁੱਖ) ਨਾਮ ਨੂੰ ਛਡ ਕੇ ਹੋਰ ਵਿਅਰਥ ਕੰਮ ਕਰਦਾ ਹੈ।(ਇਹ) ਸਭ ਝੂਠੇ ਤੇ ਦਿਖਾਵੇ ਦੇ ਕੰਮ ਨਾਸ਼ ਹੋ ਜਾਣਗੇ।੪।

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥ (ਜਿਹੜਾ ਮਨੁੱਖ) ਮਨ ਵਿਚ ਨਾਮ ਦੇ ਨਾਲ ਪ੍ਰੀਤ ਨਹੀਂ

ਲਾਉਂਦਾ।(ਸ਼ਾਸਤ੍ਰਾਂ ਦੇ ਦੱਸੇ ਹੋਏ) ਕ੍ਰੋੜਾਂ ਕਰਮ ਕਰਦਾ ਹੋਇਆ ਵੀ (ਉਹ ਮਨੁੱਖ ਅੰਤ ਨੂੰ) ਨਰਕ ਵਿਚ ਜਾਂਦਾ ਹੈ (ਪੁੰਨ ਫਲ ਦੀ ਪ੍ਰਾਪਤੀ ਲਈ ਕੀਤੇ ਕ੍ਰੋੜਾਂ ਕਰਮ ਵੀ ਨਰਕ ਤੋਂ ਨਹੀਂ ਬਚਾ ਸਕਦੇ) ।੫।

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥ ਜਿਸ ਪੁਰਖ ਨੇ ਮਨ ਵਿਚ ਹਰੀ ਦਾ ਨਾਮ ਨਹੀ ਅਰਾਧਿਆ।(ਉਹ) ਚੋਰਾਂ ਵਾਂਗ ਬੰਨ੍ਹਿਆ ਹੋਇਆ ਜਮ ਪੁਰੀ ਨੂੰ ਲਿਜਾਇਆ ਜਾਂਦਾ ਹੈ।੬।

ਲਾਖ ਅਡੰਬਰ ਬਹੁਤੁ ਬਿਸਥਾਰਾ ॥ ਨਾਮ ਬਿਨਾ ਝੂਠੇ ਪਾਸਾਰਾ ॥੭॥ (ਹੇ ਭਾਈ! ਅਪਣੀ ਵਡੱਪਣ ਦੇ) ਲੱਖਾਂ ਹੀ ਦਿਖਾਵੇ ਦੇ ਬਹੁਤ ਖਿਲਾਰੇ ਹੋਣ।(ਪਰ) ਵਾਹਿਗੁਰੂ ਦੇ ਨਾਮ ਸਿਮਰਨ ਤੋਂ ਬਿਨਾ ਸਾਰੇ ਪਸਾਰੇ ਝੂਠੇ ਹਨ।੭।

ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਉਹ ਪੁਰਖ ਹੀ ਲੈਂਦਾ (ਜਪਦਾ) ਹੈ।ਜਿਸ ਨੂੰ ਕਿਰਪਾ ਕਰਕੇ (ਹਰੀ ਆਪ ਨਾਮ ਦੀ ਦਾਤ) ਦੇਂਦਾ ਹੈ।੮।੧੦।

ਪਦਾਰਥ = ਦੇਹੁ–ਦੇਵੋਂ।ਧ੍ਰਿਗੁ–ਫਿਟਕਾਰ ਯੋਗ।ਅਸਨੇਹੁ–ਪਿਆਰ।੧।ਰਹਾਉ।ਪਹਿਰੈ–ਕਪੜੇ ਪਹਿਨਦਾ ਹੈ।ਕੂਕਰ–ਕੁੱਤਾ।ਜੂਠਨ –ਜੂਠੇ ਬਰਤਨ; ਜੂਠੀਆਂ ਪੱਤਲਾਂ।ਮਹਿ–ਵਿਚ; ਮੂੰਹ (ਮ.ਕੋ.)।੧।ਜੇਤਾ–ਜਿਤਨਾ।ਬਿਉਹਾਰੁ–ਕੰਮ ਕਾਰ।ਮਿਰਤਕ–ਮੁਰਦੇ ਦਾ। ਮਿਥਿਆ–ਨਿਸਫਲ (ਮ.ਕੋ.)।੨।ਬਿਸਾਰਿ–ਭੁਲਾ ਕੇ।ਰਸ–ਚਸਕੇ; ਸਵਾਦ।੩।ਤਿਆਗਿ–ਛਡ ਕੇ।ਅਨ ਕਾਜ–ਹੋਰ ਕੰਮ।ਬਿਨਸਿ ਜਾਇ–ਨਾਸ਼ ਜੋ ਜਾਣਗੇ।ਪਾਜ–ਦਿਖਾਵੇ।੪।ਮਨਿ–ਮਨ ਵਿਚ।ਕਰਤੋ–ਕਰਦਾ ਹੋਇਆ।੫।ਜਿਨਿ–ਜਿਸ ਨੇ।ਆਰਾਧਾ–ਸਿਮਰਿਆ। ਜਮ ਪੁਰਿ–ਜਮਾਂ ਦੀ ਨਗਰੀ (ਨਰਕ)।੬।ਅਡੰਬਰ–ਦਿਖਾਵੇ ਦੇ ਕੰਮ; ਦਿਖਾਵੇ ਦੀ ਸ਼ਾਨ ਸ਼ੌਕਤ।ਬਿਸਥਾਰਾ–ਪਸਾਰਾ; ਫੈਲਾਉ।੭। ਸੋਈ–ਉਹ ਹੀ।ਜਨੁ–ਪੁਰਖ; ਸੇਵਕ।ਲੇਇ–ਲੈਂਦਾ (ਸਿਮਰਦਾ) ਹੈ।ਦੇਇ–ਦੇਂਦਾ ਹੈ।੮।੧੦।

ਗਉੜੀ ਮਹਲਾ ੫ ॥ ਆਦਿ ਮਧਿ ਜੋ ਅੰਤਿ ਨਿਬਾਹੈ ॥ ਸੋ ਸਾਜਨੁ ਮੇਰਾ ਮਨੁ ਚਾਹੈ ॥੧॥(ਹੇ ਭਾਈ!) ਜਿਹੜਾ ਪ੍ਰਭੂ ਜਨਮ ਸਮੇਂ, ਜੁਆਨੀ ਤੇ ਅੰਤ ਸਮੇਂ ਸਾਥ ਨਿਬਾਹੁੰਦਾ ਹੈ।ਉਹ (ਸਾਥ ਨਿਭਾਉਣ ਵਾਲਾ ਪ੍ਰਮੇਸਰ) ਸਜਣ ਹੈ {ਸਜਣ ਸੇਈ ਨਾਲਿ ਮੈ...੭੨੯}, (ਜਿਸ ਨੂੰ) ਮੇਰਾ ਮਨ ਮਿਲਣਾ ਚਾਹੁੰਦਾ ਹੈ।੧।ਉਸ ਪ੍ਰਭੂ ਨੂੰ ਮਨ ਕਿਉਂ ਲੋਚਦਾ ਹੈ? ਅੱਗੇ ਬਿਆਨ ਕਰਦੇ ਹਨ ਃ–

ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥ ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥੧॥ਰਹਾਉ॥ ਹਰੀ ਦੀ ਪ੍ਰੀਤ ਸਦਾ (ਮਨੁੱਖ ਦੇ ਅੰਤ ਸਮੇਂ ਤਕ) ਨਾਲ ਚਲਦੀ ਹੈ।(ਉਹ) ਦਿਆਲੂ ਪੁਰਖ ਹੈ, ਪਰੀ ਪੂਰਨ ਹੈ ਤੇ (ਸਭ ਦੀ) ਪਾਲਣਾ ਕਰਦਾ ਹੈ।੧।ਰਹਾਉ।

ਬਿਨਸਤ ਨਾਹੀ ਛੋਡਿ ਨ ਜਾਇ ॥ ਜਹ ਪੇਖਾ ਤਹ ਰਹਿਆ ਸਮਾਇ ॥੨॥ (ਉਹ ਪ੍ਰਭੂ ਸੰਸਾਰੀ ਸੱਜਣਾਂ ਵਾਂਗ) ਨਾਸ਼ ਨਹੀਂ ਹੁੰਦਾ ਅਤੇ ਸਾਥ ਵੀ ਛਡ ਕੇ ਨਹੀਂ ਜਾਂਦਾ।(ਉਹ ਪ੍ਰਭੂ) ਜਿਧਰ ਮੈਂ ਦੇਖਦਾ ਹਾਂ, ਉਧਰ ਹੀ ਸਮਾ ਰਿਹਾ ਹੈ (ਹਰ ਥਾਂ ਹਾਜਰ ਹੈ)।੨।

ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ ਭਾਈ ਪੁਤੁ ਪਿਤਾ ਪ੍ਰਭੁ ਮਾਤਾ ॥੩॥ (ਉਹ ਸੱਜਣ) ਸੁੰਦਰ ਹੈ, ਸਰਬ ਗੁਣ ਸੰਪੰਨ ਹੈ, ਸਿਆਣਾ ਹੈ ਤੇ (ਸਾਰੇ) ਜੀਵਾਂ ਦਾ ਦਾਤਾ ਹੈ।ਪ੍ਰਭੂ ਮੇਰਾ ਭਰਾ, ਪੁਤ੍ਰ ,ਪਿਤਾ ਤੇ ਮਾਤਾ (ਵਾਲਾ ਪਿਆਰ ਕਰਨ ਵਾਲਾ) ਹੈ।੩।

ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪॥ (ਉਹ ਪ੍ਰਭੂ ਸੱਜਣ) ਮੇਰੇ ਜੀਵਨ ਤੇ ਪ੍ਰਾਣਾਂ ਦਾ ਆਸਰਾ ਹੈ ਅਤੇ (ਆਤਮਕ ਜੀਵਨ ਦੀ) ਮੇਰੀ ਪੂੰਜੀ ਹੈ।ਹਿਰਦੇ ਵਿਚ ਨਿਵਾਸ ਕਰ ਕੇ (ਮੈਂ ਉਸ ਸੱਜਣ ਨਾਲ) ਪ੍ਰੀਤ ਲਾਈ ਹੈ।੪।

ਮਾਇਆ ਸਿਲਕ ਕਾਟੀ ਗੋਪਾਲਿ ॥ ਕਰਿ ਅਪੁਨਾ ਲੀਨੋ, ਨਦਰਿ ਨਿਹਾਲਿ ॥੫॥ ਪ੍ਰਿਥਵੀ ਪਾਲਕ ਵਾਹਿਗੁਰੂ ਨੇ (ਮੇਰੇ ਗਲ ਵਿਚ ਪਈ) ਮਾਇਆ ਦੀ ਫਾਹੀ ਕਟ ਦਿਤੀ ਹੈ।ਅਤੇ ਮੇਹਰ ਦੀ ਨਜਰ ਨਾਲ ਦੇਖ ਕੇ ਮੈਨੂੰ ਅਪਣਾ ਦਾਸ ਬਣਾ ਲਿਆ ਹੈ।੫।

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥੬॥ (ਪ੍ਰਭੂ ਦੇ ਨਾਮ ਨੂੰ) ਸਿਮਰ ਸਿਮਰ ਕੇ ਸਾਰੇ ਰੋਗ ਕੱਟ ਲਏ ਹਨ।(ਉਸਦੇ) ਚਰਣਾਂ ਦਾ ਧਿਆਨ ਕਰਕੇ ਸਾਰੇ ਸੁਖ ਭੋਗ ਰਿਹਾ ਹਾਂ; ਚਰਣਾਂ ਦਾ ਧਿਆਨ ਸਾਰੇ ਸੁੱਖਾਂ ਦਾ ਭੋਗਣਾ ਹੈ।੬।

ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥ (ਉਹ ਸੱਜਨ) ਪੁਰਖ ਸਾਰੇ ਪੂਰਨ ਹੈ, ਸਦਾ ਨਵਾਂ ਤੇ ਸਦਾ ਜਵਾਨ ਹੈ (ਪੁਰਾਣਾ ਤੇ ਬੁੱਢਾ ਨਹੀਂ ਹੁੰਦਾ)।ਹਰੀ ਸਭ ਦੇ ਅੰਦਰ ਵਸਦਾ ਹੈ, ਬਾਹਰ (ਜਗਤ ਵਿਚ ਵੀ) ਵਸਦਾ ਹੈ, ਸਭ ਦੇ ਅੰਗ ਸੰਗ ਹੈ ਤੇ (ਸਭ ਦੀ) ਰੱਖਿਆ ਕਰਨ ਵਾਲਾ ਹੈ।੭।ਬਾਲਾ–ਜਵਾਨ; ਵੱਡਾ; ਬਲਵਾਨ।

ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥ ਗੁਰੂ ਜੀ ਆਖਦੇ ਹਨ ਕਿ ਅਸੀਂ ਹਰੀ ਦੇ ਨਾਮ ਤੋਂ ਪ੍ਰਾਪਤ ਹੋਣ ਵਾਲਾ ਹਰਿ ਪਦੁ ਜਾਣ ਲਿਆ ਹੈ।(ਹਰੀ ਨੇ ਅਪਣਾ) ਨਾਮ ਭਗਤਾਂ ਨੂੰ ਬਖਸ਼ਿਆ ਹੈ (ਜੋ ਭਗਤ ਲਈ ਦੁਨੀਆਂ ਦੀ) ਸਾਰੀ ਸੰਪਤੀ ਹੈ ਭਾਵ ਭਗਤ ਲਈ ਧਨ ਪਦਾਰਥ ਸਭ ਕੁਝ ਨਾਮ ਹੀ ਹੈ।੮।੧੧।

ਪਦਾਰਥ = ਆਦਿ–ਜੀਵਨ ਦੇ ਸ਼ੁਰੂ ਵਿਚ; ਬਚਪਨ ਵਿਚ; ਗਰਭ ਵਿਚ।ਮਧਿ–ਜੀਵਨ ਦੇ ਵਿਚਕਾਰਲੇ ਸਮੇਂ (ਜੁਆਨੀ) ਵਿਚ।ਅੰਤਿ –ਜੀਵਨ ਦੇ ਅੰਤ ਹੋਣ (ਮਰਣ) ਸਮੇਂ; ਬੇਢੇਪੇ ਵਿਚ।ਨਿਬਾਹੈ–ਸਾਥ ਦੇਂਦਾ ਹੈ।ਉਹ।੧।ਪੁਰਖ–ਸਰਬ ਵਿਆਪਕ ਪ੍ਰਭੂ।ਪ੍ਰਤਿਪਾਲੈ–

All Rights Reserved by Harjinder Singh Gyani | www.GuruGranthVakhyaan.org

ਪਾਲਦਾ ਹੈ।੧।ਰਹਾਉ।ਜਹ-ਜਿਥੇ।ਪੇਖਾ-ਦੇਖਦਾ ਹਾਂ।ਤਹ-ਉਥੇ।ਰਹਿਆ ਸਮਾਇ-ਸਮਾ ਰਿਹਾ ਹੈ।੨।ਸੁਘੜੁ-ਸਰਬ ਗੁਣ ਸੰਪੰਨ ; ਸ੍ਰੇਸਟ ਘਾੜਤ ਘੜਨ ਵਾਲਾ (ਜਿਸਦੀ ਰਚੀ ਦੁਨੀਆਂ ਵਿਚ ਕੋਈ ਵੀ ਚੀਜ ਇਕ ਦੂਜੇ ਨਾਲ ਨਹੀਂ ਮਿਲਦੀ)।ਜੀਅ ਦਾਤਾ-ਜੀਵਾਂ ਦਾ ਦਾਤਾ; ਜੀਵਨ ਦਾਨ ਦੇਣ ਵਾਲਾ।੩।ਅਧਾਰ-ਆਸਰਾ।ਰਾਸਿ-ਪੂੰਜੀ।ਕਰਿ ਰਿਦੈ ਨਿਵਾਸਿ-ਹਿਰਦੇ ਵਿਚ ਨਿਵਾਸ ਕਰਕੇ ;ਹਿਰਦੇ ਦਾ ਨਿਵਾਸੀ ਬਣਾ ਕੇ।੪।ਸਿਲਕ-ਫਾਹੀ।ਨਦਰਿ-ਨਜਰ ਨਾਲ।ਨਿਹਾਲਿ-ਦੇਖ ਕੇ।੫।ਸਰਬ-ਸਾਰੇ।ਸੁਖ ਭੋਗ-ਸੁੱਖ ਮਾਣਨਾ; ਸੁੱਖ ਤੇ ਪਦਾਰਥਾਂ ਦਾ ਅਨੰਦ।੬।ਪੂਰਨ-ਵਿਆਪਕ।ਨਵਤਨੁ-ਨਵਾਂ।ਨਿਤ-ਸਦਾ।ਬਾਲਾ-ਜਵਾਨ।੭।ਹਰਿ ਪਦੁ- ਤੁਰੀਆ ਪਦ; ਆਤਮ ਪਦਵੀ; ਗਿਆਨ ਪਦ।ਚੀਨ-ਜਾਣਿਆ।ਸਰਬਸੁ-ਸਾਰੀ ਸੰਪਤੀ; ਸਾਰਾ ਧਨ ਪਦਾਰਥ।ਦੀਨ-ਦਿਤਾ (ਬਖਸ਼ਿਆ)।੮।੧੧।

ਰਾਗੁ ਗਉੜੀ ਮਾਝ ਮਹਲਾ ੧ੴ ਸਤਿਗੁਰ ਪ੍ਰਸਾਦਿ ॥ ਖੋਜਤ ਫਿਰੇ ਅਸੰਖ, ਅੰਤੁ ਨ ਪਾਰੀਆ ॥ ਸੇਈ ਹੋਏ ਭਗਤ, ਜਿਨਾ ਕਿਰਪਾਰੀਆ ॥੧॥ ਅਣ ਗਿਣਤ ਲੋਕ (ਰੱਬ ਨੂੰ) ਖੋਜਦੇ ਫਿਰਦੇ ਰਹੇ ਹਨ, (ਪਰ ਕਿਸੇ ਨੇ ਵੀ ਉਸਦਾ) ਅੰਤ ਨਹੀਂ ਪਾਇਆ।ਉਹ ਹੀ (ਮਨੁੱਖ ਰੱਬ ਦੇ) ਭਗਤ ਹੋਏ ਹਨ, ਜਿਨ੍ਹਾਂ ਉਪਰ (ਉਸਦੀ) ਕ੍ਰਿਪਾ ਹੋਈ ਹੈ।੧।

ਹਉ ਵਾਰੀਆ ਹਰਿ ਵਾਰੀਆ ॥੧।ਰਹਾਉ॥ ਮੈਂ ਵਾਰਨੇ ਜਾਂਦਾ ਹਾਂ, (ਉਸ) ਹਰੀ ਤੋਂ ਵਾਰਨੇ ਜਾਂਦਾ ਹਾਂ।੧।ਰਹਾਉ।

ਸੁਣਿ ਸੁਣਿ ਪੰਥੁ ਡਰਾਉ ,ਬਹੁਤੁ ਭੈਹਾਰੀਆ ॥ ਮੈ ਤਕੀ ਓਟ ਸੰਤਾਹ, ਲੇਹੁ ਉਬਾਰੀਆ ॥੨॥(ਰੱਬ ਦੀ ਪ੍ਰਾਪਤੀ ਜਾਂ ਜਮਾਂ ਦਾ) ਭੈ ਦਾਇਕ ਰਸਤਾ ਸੁਣ ਸੁਣ ਕੇ ਮੈਂ ਬਹੁਤ ਭੈ ਭੀਤ ਹੋਈ ਹੋਈ ਹਾਂ; ਬਹੁਤ ਭੈ ਦੇ ਕਾਰਣ ਮੈਂ ਹਾਰ ਗਈ ਹਾਂ।(ਭੈ ਤੋਂ ਬਚਣ ਲਈ) ਮੈਂ ਸੰਤਾਂ ਦੀ ਓਟ ਤੱਕੀ ਹੈ (ਅਤੇ ਬੇਨਤੀ ਕੀਤੀ ਕਿ ਮੈਨੂੰ) ਬਚਾ ਲਵੋ।੨।

ਅੰਗ ੨੪੧ = ਮੋਹਨ ਲਾਲ ਅਨੂਪ, ਸਰਬ ਸਾਧਾਰੀਆ ॥ ਗੁਰ ਨਿਵਿ ਨਿਵਿ ਲਾਗਉ ਪਾਇ, ਦੇਹੁ ਦਿਖਾਰੀਆ ॥੩॥ (ਅੰਨਵੇਂ ਅੱਖਰ) ਹੇ ਗੁਰੂ ਜੀ! ਮੈਂ ਨਿਉਂ ਨਿਉਂ ਕੇ (ਆਪ ਜੀ ਦੇ) ਚਰਨੀ ਲਗਦੀ ਹਾਂ ਕਿ ਮਨ ਨੂੰ ਮੋਹ ਲੈਣ ਵਾਲੇ, ਉਪਮਾ ਤੋਂ ਰਹਿਤ ਪਿਆਰੇ ਦਾ ਮੈਨੂੰ ਦਰਸ਼ਨ ਦਿਖਾ ਦਿਉ ,ਜੋ ਸਭ (ਜੀਵਾਂ ਦਾ) ਆਸਰਾ ਹੈ।੩।

ਮੈ ਕੀਏ ਮਿਤ੍ਰ ਅਨੇਕ, ਇਕਸੁ ਬਲਿਹਾਰੀਆ ॥ ਸਭ ਗੁਣ ਕਿਸ ਹੀ ਨਾਹਿ, ਹਰਿ ਪੂਰ ਭੰਡਾਰੀਆ ॥੪॥ ਮੈਂ ਅਨੇਕਾਂ (ਦੇਵੀ ਦੇਵਤੇ) ਮਿਤ੍ਰ ਬਣਾਏ, (ਪਰ ਹੁਣ ਸਭ ਨੂੰ ਛਡ ਕੇ ਮੈਂ) ਇਕ ਹਰੀ ਤੋਂ ਬਲਹਾਰ ਜਾਂਦੀ ਹਾਂ।(ਕਿਉਂਕਿ) ਸਾਰੇ ਗੁਣ ਕਿਸੇ ਵਿਚ ਨਹੀਂ ਹਨ, (ਪਰ) ਹਰੀ ਪੂਰਨ ਗੁਣਾਂ ਦਾ ਭੰਡਾਰ ਹੈ।੪।

ਚਹੁ ਦਿਸਿ ਜਪੀਐ ਨਾਉ ,ਸੂਖਿ ਸਵਾਰੀਆ ॥ ਮੈ ਆਹੀ ਓੜਿ ਤੁਹਾਰਿ, ਨਾਨਕ ਬਲਿਹਾਰੀਆ ॥੫॥ (ਹੇ ਪੂਰਨ ਗੁਣਾਂ ਵਾਲੇ ਅਕਾਲ ਪੁਰਖ!) ਚਾਰੇ ਪਾਸੇ ਤੇਰਾ ਹੀ ਨਾਮ ਜਪਿਆ ਜਾ ਰਿਹਾ ਹੈ, ਜਪਣ ਵਾਲੇ ਸੁਖ ਅਨੰਦ ਵਿਚ ਰਹਿੰਦੇ ਹਨ ਅਤੇ (ਉਨ੍ਹਾਂ ਦੇ ਜੀਵਨ) ਸਵਾਰੇ ਗਏ ਹਨ।ਨਾਨਕ (ਤੈਥੋਂ) ਬਲਹਾਰ ਜਾਂਦਾ ਹੈ ਅਤੇ ਮੈਂ ਤੁਹਾਡੀ ਹੀ ਓਟ ਚਾਹੀ ਹੈ।੫।

ਗੁਰਿ ਕਾਢਿਓ ਭੁਜਾ ਪਸਾਰਿ, ਮੋਹ ਕੂਪਾਰੀਆ ॥ ਮੈ ਜੀਤਿਓ ਜਨਮੁ ਅਪਾਰੁ ,ਬਹੁਰਿ ਨ ਹਾਰੀਆ ॥੬॥ (ਮੇਰੀ ਬੇਨਤੀ ਸੁਣ ਕੇ) ਗੁਰੂ ਨੇ ਅਪਣੀ ਕਿਰਪਾ ਰੂਪ ਬਾਹ ਖਿਲਾਰ (ਲੰਬੀ ਕਰ) ਕੇ ਮੋਹ ਦੇ ਖੂਹ ਵਿਚੋਂ ਬਾਹਰ ਕੱਢ ਲਿਆ।(ਇਸ ਤਰ੍ਹਾਂ) ਮੈਂ ਅਮੋਲਕ ਜਨਮ ਜਿਤ (ਸਫਲ ਕਰ) ਲਿਆ, (ਹੁਣ) ਮੁੜ ਦੁਬਾਰਾ ਨਹੀਂ ਹਾਰਾਂਗਾ ਭਾਵ ਜਨਮ ਮਰਣ ਵਿਚ ਨਹੀਂ ਪਵਾਂਗਾ।੬।

ਮੈ ਪਾਇਓ ਸਰਬ ਨਿਧਾਨੁ ,ਅਕਥੁ ਕਥਾਰੀਆ ॥ ਹਰਿ ਦਰਗਹ ਸੋਭਾਵੰਤ, ਬਾਹ ਲੁਡਾਰੀਆ ॥੭॥ ਮੈਂ ਸਭ ਪਦਾਰਥਾਂ ਦਾ ਖਜਾਨਾ (ਹਰੀ) ਪਾ ਲਿਆ ਹੈ, ਜਿਸਦੀ ਕਥਾ ਕਥੀ ਨਹੀਂ ਜਾ ਸਕਦੀ।(ਹੁਣ) ਹਰੀ ਦੀ ਦਰਗਾਹ ਵਿਚ ਬਾਹਾਂ ਘੁਮਾਉਂਦਾ ਹੋਇਆ (ਬੇ ਫਿਕਰੀ ਨਾਲ ਅਨੰਦ ਵਿਚ ਮਗਨ ਹੋ ਕੇ) ਸੋਭਾ ਵਾਲਾ ਬਣ ਕੇ ਜਾਵਾਂਗਾ।੭।

ਜਨ ਨਾਨਕ ਲਧਾ ਰਤਨੁ ,ਅਮੋਲੁ ਅਪਾਰੀਆ ॥ ਗੁਰ ਸੇਵਾ ਭਉਜਲੁ ਤਰੀਐ, ਕਹਉ ਪੁਕਾਰੀਆ ॥੮॥੧੨॥ ਦਾਸ ਨਾਨਕ ਆਖਦਾ ਹੈ (ਕਿ ਮੈਂ) ਬੇਅੰਤ ਅਮੋਲਕ ਰਤਨ (ਪ੍ਰਮਾਤਮਾ) ਲੱਭ ਲਿਆ ਹੈ।(ਇਹ ਰਤਨ ਗੁਰੂ ਰਾਹੀਂ ਮਿਲਿਆ ਹੈ, ਇਸ ਲਈ ਮੈਂ) ਪੁਕਾਰ ਕੇ ਆਖਦਾ ਹਾਂ ਕਿ ਗੁਰੂ ਦੀ ਸੇਵਾ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।੮।੧੨।

ਪਦਾਰਥ = ਅਸੰਖ-ਅਣ ਗਿਣਤ।ਨ ਪਾਰੀਆ-ਨਹੀਂ ਪਾਇਆ।ਸੇਈ-ਉਹ ਹੀ।ਕਿਰਪਾਰੀਆ-ਕ੍ਰਿਪਾ ਹੋਈ ਹੈ।੧।ਹਉ-ਮੈਂ। ਵਾਰੀਆ-ਸਦਕੇ ਜਾਂਦਾ ਹਾਂ।੧।ਰਹਾਉ।ਪੰਥੁ-ਰਸਤਾ।ਡਰਾਉ-ਡਰਾਉਣਾ; ਭਿਆਨਕ।ਭੈਹਾਰੀਆ-ਭੈ ਭੀਤ; (ਪਦ ਛੇਦ ਪਾਠ) ਭੈ ਹਾਰੀਆ-ਭੈ ਦੇ ਕਾਰਣ ਹਾਰ ਗਈ ਹਾਂ (ਪਰ ਪਾਠ ਇਕੱਠਾ ਹੀ ਹੈ)।ਸੰਤਾਹ-ਸੰਤਾਂ ਦੀ।ਲੇਹੁ ਉਬਾਰੀਆ-ਬਚਾ ਲਵੋ।੨।ਮੋਹਨ-ਮਨ ਨੂੰ ਮੋਹ ਲੈਣ ਵਾਲਾ (ਪ੍ਰਭੂ)।ਅਨੂਪ-ਉਪਮਾ ਤੋਂ ਰਹਿਤ (ਸੁੰਦਰ)।ਸਰਬ-ਸਭ ਦਾ।ਸਾਧਾਰੀਆ-ਆਸਰਾ।ਨਿਵਿ-ਨਿਉਂ (ਝੁਕ) ਕੇ।ਲਾਗਉ-ਲਗਦਾ ਹਾਂ।ਪਾਇ-ਪੈਰੀਂ (ਚਰਨੀਂ)।ਦੇਹੁ ਦਿਖਾਰੀਆ-ਦਿਖਾ ਦੇਵੋ।੩।ਕੀਏ-ਕੀਤੇ (ਬਣਾਏ)।ਇਕਸੁ-ਇਕ ਪ੍ਰਭੂ ਤੋਂ ।ਪੂਰ-ਪੂਰਨ; ਭਰੇ ਹੋਏ।ਭੰਡਾਰੀਆ-ਭੰਡਾਰੇ।੪।ਚਹੁ ਦਿਸਿ-ਚਾਰੇ ਪਾਸੇ।ਸੂਖਿ-ਸੁਖ ਵਿਚ ਹਨ।ਸਵਾਰੀਆ-ਸੰਵਾਰੇ ਗਏ ਹਨ।

All Rights Reserved by Harjinder Singh Gyani | www.GuruGranthVakhyaan.org

ਆਹੀ–ਚਾਹੀ ਹੈ। ਓਁਿ ਝ–ਓਟ। ਤੁਹਾਰਿ–ਤੁਹਾਡੀ।੫। ਭੁਜਾ–ਬਾਂਹ। ਪਸਾਰਿ–ਖਿਲਾਰ ਕੇ (ਲੰਬੀ ਕਰਕੇ)। ਕੂਪਾਰੀਆ–ਖੂਹ। ਜਨਮੁ ਅਪਾਰੁ–ਬੇਅੰਤ ਗੁਣਾਂ ਵਾਲਾ ਜਨਮ; ਅਮੋਲਕ ਜਨਮ। ਬਹੁਰਿ–ਮੁੜ ਦੁਬਾਰਾ।੬। ਸਰਬ ਨਿਧਾਨੁ–ਸਭ ਤਰ੍ਹਾਂ ਦਾ ਖਜਾਨਾ ਹਰੀ। ਅਕਥੁ –ਜਿਸ ਨੂੰ ਕਥਨ ਨਾ ਕੀਤਾ ਜਾ ਸਕੇ। ਕਥਾਰੀਆ–ਕਥਾ। ਬਾਹ ਲੁਡਾਰੀਆ–ਬਾਹਾਂ ਘੁਮਾਉਂਦੇ ਹੋਏ (ਖੁਸ਼ੀ ਤੇ ਚਾਉ ਨਾਲ; ਬੇ ਫਿਕਰੀ ਨਾਲ ਅਨੰਦ ਵਿਚ ਮਸਤ)।੭। ਲਧਾ–ਲੱਭਿਆ ਹੈ। ਅਪਾਰੀਆ–ਬੇਅੰਤ। ਕਹਉ–ਕਹਿੰਦਾ ਹਾਂ। ਪੁਕਾਰੀਆ–ਪੁਕਾਰ ਕੇ।੮।੧੨।

ਗਉੜੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਨਾਰਾਇਣ ਹਰਿ ਰੰਗ ਰੰਗੋ ॥ ਜਪਿ ਜਿਹਵਾ ਹਰਿ ਏਕ ਮੰਗੋ ॥੧॥ਰਹਾਉ॥ (ਹੇ ਭਾਈ!) ਹਰੀ ਨਰਾਇਣ ਦੇ ਪ੍ਰੇਮ ਰੰਗ ਵਿਚ (ਅਪਣੇ ਮਨ ਨੂੰ) ਰੰਗ ਲਵੋ। (ਰੰਗਣ ਦੀ ਵਿਧੀ ਇਹ ਹੈ) ਰਸਨਾ ਨਾਲ ਹਰੀ ਦਾ ਜਾਪ ਕਰਦੇ ਹੋਏ ਇਕ ਹਰੀ ਨੂੰ ਹੀ ਮੰਗੋ।੧। ਰਹਾਉ।

ਤਜਿ ਹਉਮੈ ਗੁਰ ਗਿਆਨ ਭਜੋ ॥ ਮਿਲਿ ਸੰਗਤਿ, ਧੁਰਿ ਕਰਮ ਲਿਖਿਓ ॥੧॥ (ਹੇ ਭਾਈ!) ਗੁਰੂ ਦੇ ਬਖਸ਼ੇ ਗਿਆਨ ਦੀ ਬਰਕਤ ਨਾਲ (ਅਪਣੇ ਅੰਦਰੋਂ) ਹਉਮੈ ਛਡ ਕੇ ਪ੍ਰਮਾਤਮਾ ਦਾ ਨਾਮ ਜਪੋ। ਧੁਰ ਦਰਗਾਹ ਤੋਂ ਜਿਨ੍ਹਾਂ ਦੇ ਭਾਗਾਂ ਵਿਚ ਲਿਖਿਆ ਹੈ, (ਉਹ ਹੀ) ਸਾਧ ਸੰਗਤ ਵਿਚ ਮਿਲ ਕੇ ਨਾਮ ਜਪਦੇ ਹਨ।੧।

ਜੋ ਦੀਸੈ ਸੋ ਸੰਗਿ ਨ ਗਇਓ ॥ ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥(ਮਾਇਆ ਦਾ ਪਸਾਰਾ) ਜੋ ਵੀ ਦਿਸ ਰਿਹਾ ਹੈ, ਉਹ ਕਦੇ ਕਿਸੇ ਦੇ ਨਾਲ ਨਹੀਂ ਗਿਆ। ਮੂਰਖ ਸਾਕਤ (ਇਸ ਦਿਸਦੇ ਪਸਾਰੇ ਵਿਚ) ਲਗ ਕੇ ਸੜ ਮਰਿਆ ਹੈ।੨।

ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥ ਮਨ ਨੂੰ ਮੋਹ ਲੈਣ ਵਾਲੇ ਪ੍ਰਮਾਤਮਾ ਦਾ ਨਾਮ ਸਦਾ ਹਰ ਜਗ੍ਹਾ ਵਿਆਪਕ ਹੋ ਰਿਹਾ ਹੈ। (ਉਸਦਾ ਨਾਮ) ਕ੍ਰੋੜਾਂ ਵਿਚੋਂ ਕਿਸੇ ਗੁਰਮੁਖ ਨੇ ਹੀ ਪ੍ਰਾਪਤ ਕੀਤਾ ਹੈ।੩।

ਹਰਿ ਸੰਤਨ ਕਰਿ ਨਮੋ ਨਮੋ ॥ ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥ ਹਰੀ ਦੇ ਸੰਤਾਂ ਨੂੰ (ਮਨ ਤੇ ਤਨ ਕਰਕੇ) ਨਮਸ਼ਕਾਰ ਕਰੋ। (ਤਾਂ ਤੁਸੀਂ) ਨਾ ਤੋਲੇ ਜਾ ਸਕਣ ਵਾਲਾ ਆਤਮਕ ਸੁਖ ਅਤੇ ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ) ਪਾ ਲਵੋਗੇ।੪।

ਨੈਨ ਅਲੋਵਉ ਸਾਧ ਜਨੋ ॥ ਹਿਰਦੈ ਗਾਵਹੁ ਨਾਮ ਨਿਧੋ ॥੫॥ ਅੱਖਾਂ ਨਾਲ ਸਾਧੂ ਜਨਾਂ ਦੇ ਦਰਸ਼ਨ ਕਰੋ। ਹਿਰਦੇ ਵਿਚ ਵਾਹਿਗੁਰੂ ਦਾ ਨਾਮ ਗਾਉਂਦੇ ਰਹੋ, ਜੋ ਸਾਰੇ ਸੁਖਾਂ ਦਾ ਖਜਾਨਾ ਹੈ।੫।

ਕਾਮ ਕ੍ਰੋਧ ਲੋਭੁ ਮੋਹੁ ਤਜੋ ॥ ਜਨਮ ਮਰਣ ਦੁਹੁ ਤੇ ਰਹਿਓ ॥੬॥ (ਨਾਮ ਜਪਦੇ ਹੋਏ) ਕਾਮ ਕ੍ਰੋਧ ਲੋਭ ਮੋਹ ਆਦਿ ਛਡ ਦਿਓ। (ਜਿਸ ਨੇ ਇਹ ਵਿਕਾਰ ਛਡ ਦਿਤੇ ਹਨ, ਉਹ) ਜਨਮ ਮਰਣ ਦੋਹਾਂ ਤੋਂ ਰਹਿਤ ਹੋ ਗਿਆ।੬।

ਦੂਖੁ ਅੰਧੇਰਾ ਘਰ ਤੇ ਮਿਟਿਓ ॥ ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥ (ਜਿਸ ਮਨੁੱਖ ਨੂੰ) ਗੁਰੂ ਨੇ ਗਿਆਨ ਦ੍ਰਿੜ ਕਰਾ ਦਿਤਾ ਤਾਂ (ਉਸਦੇ ਅੰਦਰ ਗਿਆਨ ਦਾ) ਦੀਵਾ ਬਲ ਪਿਆ। ਦੁੱਖ ਤੇ ਹਨ੍ਹੇਰਾ (ਉਸਦੇ) ਹਿਰਦੇ ਘਰ ਤੋਂ ਮਿਟ ਗਿਆ ਹੈ।੭।

ਜਿਨਿ ਸੇਵਿਆ ਸੋ ਪਾਰਿ ਪਰਿਓ ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥ ਜਿਸ ਮਨੁੱਖ ਨੇ ਹਰੀ ਨੂੰ ਸਿਮਰਿਆ ਹੈ, ਉਹ (ਸੰਸਾਰ ਸਮੁੰਦਰ ਤੋਂ) ਪਾਰ ਪਿਆ ਹੈ। ਦਾਸ ਨਾਨਕ ਆਖਦਾ ਹੈ ਕਿ ਗੁਰੂ ਦੁਆਰਾ ਜਗਤ ਤਰ ਗਿਆ ਹੈ।੮।੧।੧੩।

ਪਦਾਰਥ = ਰੰਗ–ਪ੍ਰੇਮ ਰੰਗ ਵਿਚ। ਰੰਗੋ–ਰੰਗ ਲਵੋ। ਜਿਹਵਾ–ਜੀਭ।੧। ਰਹਾਉ। ਤਜਿ–ਛਡ ਕੇ। ਭਜੋ–ਜਪੋ। ਧੁਰਿ–ਧੁਰ ਰੱਬ ਦੇ ਦਰ ਤੋਂ। ਕਰਮ–ਭਾਗ।੧। ਸੋ–ਉਹ। ਸੰਗਿ–ਨਾਲ। ਸਾਕਤੁ–ਧਰਮ ਤੋਂ ਗਿਰਿਆ ਮਨੁੱਖ। ਮੂੜੁ–ਮੂਰਖ। ਪਚਿ–ਸੜ ਕੇ; ਖੁਆਰ ਹੋ ਕੇ।੨। ਮੋਹਨ–ਮਨ ਨੂੰ ਮੋਹ ਲੈਣ ਵਾਲਾ ਹਰੀ। ਰਵਿ ਰਹਿਓ–ਵਿਆਪਕ ਹੋ ਰਿਹਾ ਹੈ। ਕੋਟਿ ਮਧੇ–ਕ੍ਰੋੜਾਂ ਵਿਚੋਂ। ਕਿਨੈ–ਕਿਸੇ ਨੇ। ਲਹਿਓ–ਜਾਣਿਆ; ਪਾਇਆ ਹੈ।੩। ਨਮੋ–ਨਮਸ਼ਕਾਰ। ਨਉ ਨਿਧਿ–ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ)। ਅਤੁਲੁ–ਨਾ ਤੋਲੇ ਜਾਣ ਵਾਲਾ। ੪। ਨੈਨ–ਅੱਖਾਂ ਨਾਲ। ਅਲੋਵਉ–ਦੇਖੋ। ਨਿਧੋ–ਖਜਾਨਾ।੫। ਤਜੋ–ਛਡ ਦਿਓ। ਦੁਹੁ ਤੇ–ਦੋਹਾਂ ਤੋਂ। ਰਹਿਓ–ਬਚ ਗਿਆ।੬। ਘਰ ਤੇ–ਹਿਰਦੇ ਘਰ ਤੋਂ। ਦੀਪ–ਦੀਵਾ।੭। ਸੇਵਿਆ–ਪੂਜਿਆ (ਸਿਮਰਿਆ)। ਪਾਰਿ ਪਰਿਓ–ਪਾਰ ਲੰਘ ਗਿਆ ਹੈ।੮।੧।੧੩।

ਮਹਲਾ ੫ ਗਉੜੀ ॥ ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥ ਮੇਰੈ ਮਨਿ ਸਭਿ ਸੁਖ ਪਾਇਓ ॥੧॥ਰਹਾਉ॥ ਹਰਿ ਹਰਿ ਤੇ ਗੁਰੂ ਗੁਰੂ ਉਚਾਰਨ ਕਰਦਿਆਂ ਸਾਰੇ ਭਰਮ ਦੂਰ ਹੋ ਗਏ ਹਨ। (ਜਿਸ ਦੇ ਫਲ ਸਰੂਪ) ਮੇਰੇ ਮਨ ਨੇ ਸਾਰੇ ਸੁਖ ਪ੍ਰਾਪਤ ਕਰ ਲਏ ਹਨ।੧।

ਬਲਤੋ ਜਲਤੋ ਤਉਕਿਆ, ਗੁਰ ਚੰਦਨੁ ਸੀਤਲਾਇਓ ॥੧॥ (ਹੇ ਭਾਈ! ਤ੍ਰਿਸ਼ਨਾ ਦੀ ਅੱਗ ਵਿਚ ਮੇਰੇ) ਸੜਦੇ ਬਲਦੇ ਉਤੇ, ਜਦ ਗੁਰੂ ਨੇ ਉਪਦੇਸ਼ ਰੂਪ ਚੰਦਨ ਛਿੜਕਿਆ ਤਾਂ ਮਨ ਸੀਤਲ (ਸ਼ਾਂਤ) ਹੋ ਗਿਆ।੧। ਰਹਾਉ।

ਅਗਿਆਨ ਅੰਧੇਰਾ ਮਿਟਿ ਗਇਆ, ਗੁਰ ਗਿਆਨੁ ਦੀਪਾਇਓ ॥੨॥ (ਜਦ ਮੇਰੇ ਅੰਦਰ) ਗੁਰੂ ਦਾ ਗਿਆਨ ਰੂਪ ਦੀਵਾ ਜਗਿਆ; ਗੁਰੂ ਨੇ ਗਿਆਨ ਰੂਪ ਦੀਵਾ ਮਚਾਇਆ (ਸੰ.ਸ.; ਫ.ਸ.), ਤਾਂ ਅਗਿਆਨਤਾ ਦਾ ਅੰਧੇਰਾ ਮਿਟ ਗਿਆ।੨।

ਪਾਵਕੁ ਸਾਗਰੁ ਗਹਰੋ, ਚਰਿ ਸੰਤਨ ਨਾਵ ਤਰਾਇਓ ॥੩॥ ਸੰਸਾਰ ਅੱਗ ਦਾ ਡੂੰਘਾ ਸਮੁੰਦਰ ਹੈ, ਸੰਤਾਂ ਨੇ ਨਾਮ ਰੂਪ ਬੇੜੀ ਤੇ ਚਾੜ੍ਹ

All Rights Reserved by Harjinder Singh Gyani | www.GuruGranthVakhyaan.org

ਕੇ (ਮੈਨੂੰ ਇਸ ਅੱਗ ਦੇ ਸਮੁੰਦਰ ਤੋਂ) ਪਾਰ ਕਰਾ ਦਿਤਾ ਹੈ।੩।

ਨਾ ਹਮ ਕਰਮ ਨ ਧਰਮ ਸੁਚ, ਪ੍ਰਭਿ ਗਹਿ ਭੁਜਾ ਆਪਾਇਓ ॥੪॥ ਨਾ ਅਸੀਂ ਕੋਈ ਚੰਗਾ ਕੰਮ ਕੀਤਾ, ਨਾ ਹੀ ਧਰਮ ਧਾਰਣ ਕੀਤਾ ਤੇ ਨਾ ਸੁੱਚਮਤਾ ਰੱਖੀ, (ਪਰ ਕਿਰਪਾ ਕਰਕੇ) ਪ੍ਰਭੂ ਨੇ ਬੁੱਧੀ ਰੂਪ ਬਾਂਹ ਤੋਂ ਫੜ ਕੇ (ਆਪ ਹੀ ਸਾਨੂੰ) ਅਪਣਾ ਬਣਾ ਲਿਆ।੪।

ਭਉ ਖੰਡਨੁ ਦੁਖ ਭੰਜਨੋ, ਭਗਤਿ ਵਛਲ ਹਰਿ ਨਾਇਓ ॥੫॥ ਭਗਤੀ ਨੂੰ ਪਿਆਰ ਕਰਨ ਵਾਲੇ ਹਰੀ ਦਾ ਨਾਮ (ਹਰ ਕਿਸਮ ਦਾ) ਡਰ ਦੂਰ ਕਰਨ ਵਾਲਾ ਤੇ ਦੁੱਖਾਂ ਨੂੰ ਨਾਸ਼ ਕਰਨ ਵਾਲਾ ਹੈ।੫।

ਅਨਾਥਹ ਨਾਥ ਕ੍ਰਿਪਾਲ ਦੀਨ, ਸੰਮ੍ਰਿਥ ਸੰਤ ਓਟਾਇਓ ॥੬॥ (ਅਰਦਾਸ ਕਰਦੇ ਹਨ) ਹੇ ਯਤੀਮਾਂ ਦੇ ਮਾਲਕ! ਹੇ ਗਰੀਬਾਂ ਉਪਰ ਕ੍ਰਿਪਾ ਕਰਨ ਵਾਲੇ! ਹੇ ਸਰਬ ਸ਼ਕਤੀਮਾਨ ਪ੍ਰਭੂ! ਹੇ ਸੰਤਾਂ ਦੀ ਓਟ!; (ਤੂੰ) ਸੰਤਾਂ ਦੀ ਓਟ ਹੈਂ।੬।

ਨਿਰਗੁਨੀਆਰੇ ਕੀ ਬੇਨਤੀ, ਦੇਹੁ ਦਰਸੁ ਹਰਿ ਰਾਇਓ ॥੭॥ ਹੇ ਪ੍ਰਭੂ ਪਾਤਸ਼ਾਹ! ਮੈਂ ਗੁਣਾਂ ਤੋਂ ਹੀਣ ਪੁਰਖ ਦੀ ਬੇਨਤੀ ਹੈ, (ਕਿ ਮੈਨੂੰ ਅਪਣਾ) ਦਰਸ਼ਨ ਦੇਵੋਂ (ਜੀ)।੭।

ਨਾਨਕ ਸਰਨਿ ਤੁਹਾਰੀ ਠਾਕੁਰ, ਸੇਵਕੁ ਦੁਆਰੈ ਆਇਓ ॥੮॥੨॥੧੪॥ ਹੇ ਮਾਲਕ! ਨਾਨਕ ਤੇਰਾ ਸੇਵਕ ਤੇਰੇ ਦੁਆਰੇ ਉਤੇ ਤੇਰੀ ਸ਼ਰਨ ਵਿਚ ਆਇਆ ਹੈ।੮।੨।੧੪।

ਪਦਾਰਥ = ਕਰਤ-ਕਰਦਿਆਂ (ਉਚਾਰਦਿਆਂ)।ਮੇਰੈ ਮਨਿ-ਮੇਰੇ ਮਨ ਨੇ।੧।ਰਹਾਉ।ਬਲਤੋ ਜਲਤੋ-ਬਲਦੇ ਸੜਦੇ ਨੂੰ।ਤਉਕਿਆ -ਛਿੜਕਿਆ।ਸੀਤਲਾਇਓ-ਸੀਤਲ (ਸ਼ਾਂਤ) ਹੋ ਗਿਆ।੧।ਦੀਪਾਇਓ-ਜਗ ਪਿਆ।੨।ਪਾਵਕੁ-ਅੱਗ।ਗਹਰੋ-ਡੂੰਘਾ।ਚਰਿ-ਚੜ੍ਹ ਕੇ।ਨਾਵ-ਬੇੜੀ।੩।ਹਮ-ਅਸੀਂ।ਕਰਮ-ਧਾਰਮਕ ਕਰਮ।ਸੁਚ-ਪਵਿਤ੍ਰਤਾ।ਗਹਿ-ਫੜ ਕੇ।ਭੁਜਾ-ਬਾਂਹ।ਆਪਾਇਓ-ਅਪਣਾ ਬਣਾ ਲਿਆ।੪।ਭਉ-ਡਰ।ਖੰਡਨੁ-ਨਾਸ਼ ਕਰਨ ਵਾਲਾ।ਭੰਜਨੋ-ਨਾਸ਼ ਕਰਨ ਵਾਲਾ।ਭਗਤਿ ਵਛਲ-ਭਗਤੀ ਨੂੰ ਪਿਆਰ ਕਰਨ ਵਾਲਾ। ਨਾਇਓ-ਨਾਮ।੫।ਅਨਾਥਹ-ਯਤੀਮਾਂ ਦਾ।ਨਾਥ-ਮਾਲਕ।ਦੀਨ-ਗਰੀਬਾਂ ਦਾ।ਸੰਮ੍ਰਿਥ-ਸਭ ਸ਼ਕਤੀਆਂ ਵਾਲਾ।ਓਟਾਇਓ-ਓਟ।੬ ।ਨਿਰਗੁਨੀਆਰੇ-ਗੁਣਾਂ ਤੋਂ ਖਾਲੀ ਪੁਰਖ ਦੀ।ਹਰਿ ਰਾਇਓ-ਹੇ ਪ੍ਰਭੂ ਪਾਤਸ਼ਾਹ।੭।ਤੁਹਾਰੀ-ਤੇਰੀ।ਦੁਆਰੈ-ਦਰ ਤੇ।੮।੨।੧੪।

ਅੰਗ ੨੪੨ = ਗਉੜੀ ਮਹਲਾ ੫ ॥ ਰੰਗਿ ਸੰਗਿ ਬਿਖਿਆ ਕੇ ਭੋਗਾ, ਇਨ ਸੰਗਿ ਅੰਧ ਨ ਜਾਨੀ ॥੧॥ (ਮਨੁੱਖ) ਰੰਗ ਤਮਾਸ਼ਿਆਂ ਤੇ ਵਿਸ਼ਿਆਂ ਦੇ ਭੋਗਾਂ ਦੇ ਨਾਲ ਲੱਗਾ ਹੋਇਆ ਹੈ; (ਇਹ ਜੀਵ) ਵਿਸ਼ਿਆਂ ਦੇ ਭੋਗਾਂ ਨਾਲ ਰੰਗਿਆ ਹੋਇਆ ਹੈ (ਫ.ਸ.), ਇਨ੍ਹਾਂ ਦੇ ਸੰਗ ਵਿਚ ਰਹਿ ਕੇ ਅੰਨ੍ਹਾ (ਮਨੁੱਖ) ਸਮਝਿਆ ਨਹੀਂ (ਕਿ ਉਹ ਕੀ ਕਰ ਰਿਹਾ ਹੈ, ਉਮਰ ਬਿਅਰਥ ਬੀਤ ਰਹੀ ਹੈ)।੧।

ਹਉ ਸੰਚਉ ਹਉ ਖਾਟਤਾ, ਸਗਲੀ ਅਵਧ ਬਿਹਾਨੀ ॥੧॥ਰਹਾਉ॥ ਮੈਂ ਮਾਇਆ ਕਮਾ ਰਿਹਾ ਹਾਂ, ਮੈਂ ਮਾਇਆ ਇਕੱਠੀ ਕਰ ਰਿਹਾਂ ਹਾਂ, (ਇਸੇ ਤਰ੍ਹਾਂ ਕਰਦਿਆਂ ਮਨੁੱਖ ਦੀ) ਸਾਰੀ ਉਮਰ ਲੰਘ ਗਈ ਹੈ।੧।ਰਹਾਉ।

ਹਉ ਸੂਰਾ ਪਰਧਾਨੁ ਹਉ ,ਕੋ ਨਾਹੀ ਮੁਝਹਿ ਸਮਾਨੀ ॥੨॥ ਮੈਂ ਸੂਰਵੀਰ ਹਾਂ, ਮੈਂ ਮੁਖੀ ਹਾਂ, ਮੇਰੇ ਬਰਾਬਰ ਦਾ ਕੋਈ ਨਹੀਂ ਹੈ।੨।

ਜੋਬਨਵੰਤ ਅਚਾਰ ਕੁਲੀਨਾ, ਮਨ ਮਹਿ ਹੋਇ ਗੁਮਾਨੀ ॥੩॥ ਮੈਂ ਜੁਆਨੀ ਵਾਲਾ ਹਾਂ, ਸ਼ੁੱਭ ਕਰਮਾਂ ਵਾਲਾ, ਉਚੀ ਕੁਲ ਵਾਲਾ ਹਾਂ (ਅਜੇਹੇ ਵਿਚਾਰਾਂ ਨਾਲ ਹੀ ਮਨੁੱਖ) ਮਨ ਵਿਚ ਹੰਕਾਰੀ ਹੋਇਆ (ਬਣਿਆ) ਰਹਿੰਦਾ ਹੈ।੩।

ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥੪॥ ਜਿਵੇਂ ਮਿਥਿਆ ਗਿਆਨ ਦਾ ਉਲਝਾਇਆ (ਮਨੁੱਖ ਵਿਸ਼ਿਆਂ ਵਿਚ ਫਸਿਆ ਹੋਇਆ ਹੈ, ਮਨੁੱਖ ਨੇ ਇਹ ਬੁੱਧੀ) ਮਰਨ ਤਕ ਨਹੀਂ ਭੁਲਾਈ।(ਮਨੁੱਖ ਦੇ ਅੰਦਰ ਹੰਕਾਰ ਵਾਲੀ ਬੁੱਧੀ ਦੀ ਆਦਤ ਪੱਕ ਜਾਂਦੀ ਹੈ, ਜੋ ਉਸ ਲਈ ਹਾਨੀ ਕਾਰਕ ਹੈ।ਮਰਨ ਲਗਿਆਂ ਵੀ ਮਾਇਆ ਵਲ ਰੁਚੀ ਰਹਿੰਦੀ ਹੈ)। ੪।

ਭਾਈ ਮੀਤ ਬੰਧਪ ਸਖੇ, ਪਾਛੇ ਤਿਨਹੂ ਕਉ ਸੰਪਾਨੀ ॥੫॥ ਭਰਾ, ਮਿਤ੍ਰ, ਸਬੰਧੀ ਤੇ ਸਾਥੀ, ਜੋ ਪਿੱਛੇ ਜਿਉਂਦੇ ਹਨ, ਉਨ੍ਹਾਂ ਨੂੰ (ਅਪਣੀ ਇਕੱਠੀ ਕੀਤੀ ਮਾਇਆ ਮਰਨ ਸਮੇਂ) ਸੌਂਪ ਦਿਤੀ ਹੈ।(ਜੀਵਨ ਭਰ ਰਹੀ ਵਾਸ਼ਨਾ ਨੂੰ ਮਨੁੱਖ ਅੰਤ ਸਮੇਂ ਵੀ ਨਹੀਂ ਛਡਦਾ)।੫।

ਜਿਤੁ ਲਾਗੋ ਮਨੁ ਬਾਸਨਾ, ਅੰਤਿ ਸਾਈ ਪ੍ਰਗਟਾਨੀ ॥੬॥ ਜਿਸ ਵਾਸ਼ਨਾ ਵਿਚ ਮਨ (ਸਾਰੀ ਉਮਰ) ਲਗਿਆ ਰਹਿੰਦਾ ਹੈ, ਅੰਤ ਸਮੇਂ (ਉਹ ਹੀ ਵਾਸ਼ਨਾ) ਪ੍ਰਗਟ ਹੁੰਦੀ ਹੈ।੬। ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।ਸਰਪ ਜੋਨਿ .....(੫੨੬)

ਅਹੰਬੁਧਿ ਸੁਚਿ ਕਰਮ ਕਰਿ, ਇਹ ਬੰਧਨ ਬੰਧਾਨੀ ॥੭॥ ਹਉਮੈ ਵਾਲੀ ਬੁੱਧੀ ਅੰਦਰ ਰਹਿ ਕੇ ਸਰੀਰਕ ਸੁੱਚਮਤਾ ਵਾਲੇ (ਅਤੇ ਹੋਰ ਵੀ ਧਾਰਮਕ) ਕਰਮ ਕਰਦਾ ਹੈ, ਇਸ ਤਰ੍ਹਾਂ ਦੇ ਬੰਧਨਾਂ ਵਿਚ ਬੱਧਾ ਫਿਰਦਾ ਹੈ।੭।

ਦਇਆਲ ਪੁਰਖ ਕਿਰਪਾ ਕਰਹੁ ,ਨਾਨਕ ਦਾਸ ਦਸਾਨੀ ॥੮॥੩॥੧੫॥੪੪॥ਜੁਮਲਾ॥ ਨਾਨਕ ਗੁਰੂ ਜੀ (ਜਗਤ ਦੀ ਹਾਲਤ ਦੇਖ ਕੇ ਅਰਦਾਸ ਕਰਦੇ ਹਨ) ਹੇ ਦਇਆ ਕਰਨ ਵਾਲੇ ਅਕਾਲ ਪੁਰਖ! (ਸਾਡੇ ਤੇ) ਕ੍ਰਿਪਾ ਕਰੋ, (ਜੋ ਹਉਮੈ ਵਾਲੀ ਬੁੱਧੀ ਦੂਰ ਹੋ ਜਾਵੇ, ਮੈਂ) ਆਪ ਜੀ ਦੇ ਦਾਸਾਂ ਦਾ ਦਾਸ ਹਾਂ।੮।੩।੧੫।੪੪। ਕੁਲ ਜੋੜ।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਰੰਗਿ–ਰੰਗ ਤਮਾਸੇ; ਰੰਗਿਆ ਹੋਇਆ। ਬਿਖਿਆ ਕੇ–ਵਿਸ਼ਿਆਂ ਦੇ। ਇਨ–ਇਨ੍ਹਾਂ ਦੇ। ਅੰਧ–ਅਗਿਆਨੀ ਮਨੁੱਖ।੧। ਹਉ–ਮੈਂ। ਸੰਚਉ–ਇਕੱਠੀ ਕਰਦਾ ਹਾਂ। ਖਾਟਤਾ–ਕਮਾ ਰਿਹਾ ਹਾਂ। ਸਗਲੀ–ਸਾਰੀ। ਅਵਧ–ਉਮਰ। ਬਿਹਾਨੀ–ਲੰਘ ਗਈ।੧ ਰਹਾਉ। ਸੂਰਾ–ਸੂਰਵੀਰ। ਪਰਧਾਨੁ–ਚੌਧਰੀ; ਮੁਖੀ। ਕੋ–ਕੋਈ। ਮੁਝਹਿ–ਮੇਰੇ। ਸਮਾਨੀ–ਬਰਾਬਰ ਦਾ।੨। ਅਚਾਰ–ਸ਼ੁੱਭ ਕਰਮਾਂ ਵਾਲਾ (ਚੰਗੇ ਕੰਮ ਕਰਨ ਵਾਲਾ); ਸ੍ਰੇਸਟਾਚਾਰ। ਕੁਲੀਨਾ–ਉਚੀ ਕੁਲ ਵਾਲਾ। ਗੁਮਾਨੀ–ਹੰਕਾਰੀ।੩। ਉਲਝਾਇਓ–ਫਸਾਇਆ ਹੈ। ਮਰਤਿਆ–ਮਰਨ ਵੇਲੇ ਤਕ। ਨਹੀ ਬਿਸਰਾਨੀ–ਨਹੀਂ ਭੁਲਾਈ।੪। ਬੰਧਪ–ਸਬੰਧੀ। ਸਖੇ–ਸਾਥੀ। ਪਾਛੇ–ਪਿਛੇ ਰਹਿੰਦੇ। ਤਿਨਹੂ ਕਉ–ਉਨ੍ਹਾਂ ਨੂੰ। ਸੰਪਾਨੀ–ਸੌਂਪ ਦਿਤੀ।੫। ਜਿਤੁ–ਜਿਸ। ਸਾਈ–ਉਹ ਹੀ।੬। ਅਹੰਬੁਧਿ–ਹਉਮੈ ਵਾਲੀ ਬੁੱਧੀ। ਸੁਚਿ–ਸੁੱਚਮਤਾ।੭। ਦਾਸ ਦਸਾਨੀ–ਦਾਸਾਂ ਦਾ ਦਾਸ।੮।੩।੧੫।੪੪। ਜੁਮਲਾ–(ਰਾਗ ਗਉੜੀ ਵਿਚ ਆਈਆਂ ਅਸਟਪਦੀਆਂ ਦਾ = ਕੁਲ ਜੋੜ ੪੪ ਹੈ)।

ਬਾਧ ਬੁਧਿ = ਹਾਨੀ ਕਾਰਕ ਸਮਝ; ਦੁਖ ਦੇਣ ਵਾਲੀ ਬੁੱਧੀ; ਮਿਥਿਆ ਗਿਆਨ (ਕਈ ਬੀੜਾਂ ਵਿਚ ਪਾਠ ਹੈ = ਬਾਲ ਬੁਧਿ–ਬੱਚਿਆਂ ਵਾਲੀ ਬੇਸਮਝ ਬੁਧੀ (ਬਚਪਨ ਤੋਂ ਅੰਤ ਮਰਨ ਤਕ ਕਾਮਨਾ ਵਾਲੀ ਦੁਖ ਦਾਈ ਬੁੱਧੀ ਵਿਚ ਫਸਿਆ ਹੋਇਆ ਹੈ)। ਪਰ ਇਹ ਪਾਠ ਅਸ਼ੁੱਧ ਹੈ। ਕਾਮ ਰਤਿਆ–(ਟਕਸਾਲ; ਸੰ.ਸ. ਦਾ ਪਾਠ) ਕਾਮਨਾ ਦੀ ਪ੍ਰੀਤ ਵਿਚ ਫਸੇ (ਮਨੁੱਖ ਨੇ ਇਹ ਬੁੱਧੀ) ਭੁਲਾਈ ਨਹੀਂ।

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਰਾਗੁ ਗਉੜੀ ਪੂਰਬੀ ਛੰਤ ਮਹਲਾ ॥੧॥ ਸਰਬ ਸ਼ਕਤੀਮਾਨ ਪ੍ਰਮਾਤਮਾ ਇਕ ਹੈ, ਸਦਾ ਕਾਇਮ ਰਹਿਣ ਵਾਲਾ, ਜਗਤ ਨੂੰ ਧਾਰਣ ਕਰਨ ਵਾਲੀ ਸ਼ਕਤੀ, ਰਚਣਹਾਰ, ਸਰਬ ਵਿਆਪਕ ਤੇ ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਛੰਦ ਹਨ। ਇਹ ਸਾਰੇ ਸਿੰਘਾਵਲੋਕਨ ਛੰਦ ਹਨ, ਪੰਗਤੀ ਦੇ ਅਖੀਰ ਵਿਚ ਆਇਆ ਸ਼ਬਦ, ਅਗਲੀ ਪੰਗਤੀ ਦੇ ਮੁੱਢ ਵਿਚ ਉਹ ਸ਼ਬਦ ਆਉਂਦਾ ਹੈ।

ਮੁੰਧ ਰੈਣਿ ਦੁਹੇਲੜੀਆ ਜੀਉ ,ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ,ਪਿਰ ਕੈ ਹਾਵੈ ॥ ਧਨ ਥੀਈ ਦੁਬਲਿ ਕੰਤ ਹਾਵੈ, ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ, ਸਭੁ ਝੂਠੁ ਕਿਤੈ ਨ ਲੇਖਏ ॥ ਮੈ ਮਤ ਜੋਬਨਿ ਗਰਬਿ ਗਾਲੀ, ਦੁਧਾ ਥਣੀ ਨ ਆਵਏ ॥ ਨਾਨਕ ਸਾ ਧਨ ਮਿਲੈ ਮਿਲਾਈ, ਬਿਨੁ ਪਿਰ ਨੀਦ ਨ ਆਵਏ ॥੧॥ (ਪ੍ਰਭੂ ਰੂਪ ਪਤੀ ਤੋਂ ਵਿਛੜੀ ਹੋਈ ਜੀਵ ਰੂਪ) ਇਸਤ੍ਰੀ ਦੀ ਉਮਰ ਰੂਪ ਰਾਤ ਔਖੀ ਬੀਤਦੀ ਹੈ ਜੀ, (ਵਿਛੋੜੇ ਦੇ ਕਾਰਣ ਦੁਖੀ ਹੋਣ ਕਰਕੇ ਉਸ ਨੂੰ ਸ਼ਾਂਤੀ ਰੂਪ) ਨੀਂਦ ਵੀ ਨਹੀਂ ਆਉਂਦੀ। ਪ੍ਰਭੂ ਪਤੀ ਦੇ (ਵਿਛੋੜੇ ਵਿਚ) ਹੌਕਿਆਂ ਕਰਕੇ ਉਹ ਜੀਵ ਰੂਪ ਇਸਤ੍ਰੀ ਕਮਜੋਰ ਹੋ ਗਈ ਹੈ ਜੀ। (ਨਿਸਚੇ ਹੀ) ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਦੇ (ਵਿਛੋੜੇ ਦੇ) ਹਾਵੇ ਵਿਚ ਲਿੱਸੀ ਹੋ ਗਈ ਹੈ, ਅਤੇ (ਤਰਸਦੀ ਹੈ ਕਿ ਪ੍ਰਭੂ ਪਤੀ ਨੂੰ) ਅੱਖਾਂ ਨਾਲ ਕਿਵੇਂ ਦੇਖੇ? (ਜਪ ਤਪ ਰੂਪ) ਸ਼ਿੰਗਾਰ, ਮਿੱਠੇ ਰਸਾਂ ਤੇ ਭੋਜਨਾਂ ਦੇ ਭੋਗ ਸਭ ਕੁਛ (ਉਸ ਲਈ ਫਿੱਕੇ) ਝੂਠੇ ਤੇ ਕਿਸੇ ਲੇਖੇ ਵਿਚ ਨਹੀਂ ਹਨ। ਜੁਆਨੀ ਦੇ ਹੰਕਾਰ ਰੂਪ ਸ਼ਰਾਬ ਦੇ ਨਸ਼ੇ ਵਿਚ ਮਸਤ (ਜੀਵ ਰੂਪ ਇਸਤ੍ਰੀ ਨੇ ਆਪਣਾ ਆਪ) ਗਾਲ ਦਿਤਾ, ਜਿਵੇਂ ਚੋਇਆ ਹੋਇਆ ਦੁੱਧ ਮੁੜ ਥਣਾਂ ਵਿਚ ਨਹੀਂ ਆ ਸਕਦਾ, ਤਿਵੇਂ ਅਜਾਈਂ ਬੀਤਿਆ ਮਨੁੱਖਾ ਜਨਮ ਮੁੜ ਨਹੀਂ ਮਿਲਦਾ; ਜਵਾਨੀ ਮੁੜ ਨਹੀਂ ਆ ਸਕਦੀ; ਸਾਹ ਬਾਹਰ ਨਿਕਲੇ ਹੋਏ ਮੁੜ ਅੰਦਰ ਨਹੀਂ ਆ ਸਕਦੇ (ਟਕਸਾਲ) ਭਾਵ ਭਜਨ ਤੋਂ ਬਿਨਾ ਸੁਆਸ ਨਿਸਫਲ ਜਾ ਰਹੇ ਹਨ। ਹੇ ਨਾਨਕ! ਉਹ ਜੀਵ ਰੂਪ ਇਸਤ੍ਰੀ ਗੁਰੂ ਦੀ ਮਿਲਾਈ ਹੋਈ ਪ੍ਰਭੂ ਪਤੀ ਨੂੰ ਮਿਲ ਸਕਦੀ ਹੈ, (ਕਿਉਂਕਿ ਉਸ ਨੂੰ) ਪ੍ਰਭੂ ਪਤੀ ਤੋਂ ਬਿਨਾ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ।੧।

ਮੁੰਧ ਨਿਮਾਨੜੀਆ ਜੀਉ ,ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ, ਬਿਨੁ ਉਰ ਧਾਰੇ ॥ ਨਾਹ ਬਿਨੁ ਘਰ ਵਾਸੁ ਨਾਹੀ, ਪੁਛਹੁ ਸਖੀ ਸਹੇਲੀਆ ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ, ਵਸਹਿ ਸਾਚਿ ਸੁਹੇਲੀਆ ॥ ਸਚੁ ਮਨਿ ਸਜਨ ਸੰਤੋਖਿ ਮੇਲਾ, ਗੁਰਮਤੀ ਸਹੁ ਜਾਣਿਆ ॥ ਨਾਨਕ ਨਾਮੁ ਨ ਛੋਡੈ ਸਾ ਧਨ, ਨਾਮਿ ਸਹਜਿ ਸਮਾਣੀਆ ॥੨॥ (ਹੁਣ ਦਸਦੇ ਹਨ ਕਿ ਮੇਲ ਕਿਵੇਂ ਹੋਵੇ?) ਜੀਵ ਰੂਪ ਇਸਤ੍ਰੀ ਪਿਆਰੇ ਪ੍ਰਭੂ ਪਤੀ ਨੂੰ ਮਿਲੇ ਬਿਨਾ ਮਾਣ ਰਹਿਤ ਹੋ ਰਹੀ ਹੈ ਜੀ (ਪਤੀ ਨਾਲ ਹੀ ਇਸਤ੍ਰੀ ਦੀ ਇੱਜਤ ਹੁੰਦੀ ਹੈ)। ਪ੍ਰਭੂ ਪਤੀ ਨੂੰ ਹਿਰਦੇ ਵਿਚ ਧਾਰੇ ਬਿਨਾ (ਜੀਵ ਇਸਤ੍ਰੀ) ਕਿਵੇਂ ਸੁਖ ਪਾ ਸਕੇਗੀ? ਪ੍ਰਭੂ ਪਤੀ ਨੂੰ ਪ੍ਰੇਮ ਕੀਤੇ ਬਿਨਾ (ਜੀਵ ਇਸਤ੍ਰੀ ਦਾ ਪ੍ਰਭੂ ਪਤੀ ਦੇ) ਘਰ ਵਿਚ ਵਾਸਾ ਨਹੀਂ ਹੁੰਦਾ ਭਾਵ ਘਰ ਵਸਦਾ ਨਹੀਂ, (ਇਹ ਗੱਲ ਬੇਸ਼ਕ ਸੰਤ ਰੂਪ) ਸਖੀ ਸਹੇਲੀਆਂ ਤੋਂ ਪੁਛ ਲਵੋ। (ਉਹ ਦਸਣਗੀਆਂ ਕਿ) ਨਾਮ ਦੀ ਪ੍ਰੀਤ ਬਿਨਾ (ਪ੍ਰਭੂ ਪਤੀ ਨਾਲ) ਪਿਆਰ ਨਹੀਂ ਹੋ ਸਕਦਾ, (ਪ੍ਰਭੂ ਦੇ ਪ੍ਰੇਮ ਨਾਲ ਹੀ ਜੀਵ ਇਸਤ੍ਰੀਆਂ) ਸੱਚ ਵਿਚ ਟਿਕ ਕੇ ਸੁਖੀ ਵਸਦੀਆਂ ਹਨ। ਗੁਰੂ ਦੀ ਸਿਖਿਅ ਨਾਲ (ਜਿਸ ਜੀਵ ਇਸਤ੍ਰੀ ਦੇ) ਮਨ ਵਿਚ ਹਰੀ ਦਾ ਸੱਚਾ ਨਾਮ ਹੈ ਤੇ ਸੰਤੋਖ ਵਿਚ ਰਹਿੰਦੀ ਹੈ, (ਉਸਦਾ) ਹਰੀ ਸੱਜਣ ਨਾਲ ਮੇਲ ਹੁੰਦਾ ਹੈ, (ਇਉਂ ਉਹ) ਪ੍ਰਭੂ ਪਤੀ ਨੂੰ ਜਾਣ ਲੈਂਦੀ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜਿਹੜੀ) ਜੀਵ ਇਸਤ੍ਰੀ ਪ੍ਰਭੂ ਪਤੀ ਨੂੰ ਮਿਲਣਾ ਚਾਹੁੰਦੀ ਹੈ, ਉਹ ਨਾਮ ਸਿਮਰਨ ਨਾ ਛੱਡੇ, (ਕਿਉਂਕਿ) ਨਾਮ ਦੁਆਰਾ ਸਹਜੇ ਹੀ ਪ੍ਰਭੂ ਪਤੀ ਵਿਚ ਸਮਾ (ਇਕ ਮਿਕ ਹੋ) ਜਾਈਦਾ ਹੈ।੨।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਛੰਤ-ਖੁਸ਼ੀ ਦਾ ਗੀਤ; ਪਤੀ ਦੇ ਪ੍ਰੇਮ ਦੇ ਗੀਤ; ਵੇਦ ਮੰਤ੍ਰ; ਕਵਿਤਾ ਦੇ ਪਦ। ਰੈਣਿ-ਰਾਤ। ਦੁਹੇਲੜੀ-ਦੁਖੀ; ਔਖੀ। ਸਾਧਨ-ਇਸਤ੍ਰੀ; ਸਾਧਵੀ। ਦੁਬਲੀ-ਕਮਜੋਰ। ਹਾਵੈ-ਹਉਕੇ ਵਿਚ। ਧਨ-ਇਸਤ੍ਰੀ। ਥੀਈ-ਹੋ ਗਈ ਹੈ। ਕੇਵ-ਕਿਵੇਂ। ਲੇਖਏ-ਲੇਖੇ ਵਿਚ। ਮੈ-ਸ਼ਰਾਬ। ਮਤ-ਮਸਤ। ਜੋਬਨਿ-ਜਵਾਨੀ ਵਿਚ। ਗਰਬਿ-ਹੰਕਾਰ ਵਿਚ। ਗਾਲੀ-ਗਾਲ ਦਿਤਾ। ਦੁਧਾ-ਦੋਹਿਆ-ਚੋਇਆ ਦੁੱਧ। ਥਣੀ-ਥਣਾਂ ਵਿਚ।੧। ਧਨੀ-ਪਤੀ। ਨਿਮਾਨੜੀਆ-ਆਦਰ ਮਾਣ ਤੋਂ ਰਹਿਤ। ਉਰ-ਰਿਦਾ। ਬਿਨੁ ਧਾਰੇ-ਟਿਕਾਏ ਬਿਨਾ। ਨਾਹ-ਪਤੀ। ਸਖੀ-ਸਹੇਲੀ। ਗੁਰਮਤੀ-ਗੁਰੂ ਦੀ ਸਿੱਖਿਆ ਨਾਲ। ਸਹਜਿ-ਸੌਖੇ ਹੀ। ਸਹੁ-ਪਤੀ। ਸਮਾਣੀਆ-ਲੀਨ ਹੋ ਜਾਈਦਾ ਹੈ।੨।

ਮੁੰਧ = (ਸਿੰਧੀ) ਭੋਲੀ ਭਾਲੀ ਜਾਂ ਅਣਜਾਣ ਜਵਾਨ ਇਸਤ੍ਰੀ (ਜਿਸ ਨੂੰ ਕਾਮ ਭਾਵਾਂ ਦਾ ਗਿਆਨ ਨਹੀਂ)। ਉਹ ਗੁਰਮੁਖ ਇਸਤ੍ਰੀ, ਜਿਸ ਨੂੰ ਜੁਆਨੀ ਗੁਆਉਣ ਪਿੱਛੋਂ ਪਤਾ ਲਗਦਾ ਹੈ ਕਿ ਉਸ ਨੇ ਪ੍ਰਭੂ ਪਤੀ ਦੇ ਮਿਲਾਪ ਦਾ ਸੁਨਹਿਰੀ ਮੌਕਾ ਗੁਆ ਲਿਆ ਹੈ। ਇਹ ਅਨੁਭਵ ਕੀਤਾ ਕਿ ਜੁਆਨੀ ਨੇ ਮੁੜ ਨਹੀਂ ਆਉਣਾ।

ਮਿਲੁ ਸਖੀ ਸਹੇਲੜੀਹੋ, ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ,ਸਬਦਿ ਸੁਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ, ਮਨਮੁਖੀ ਪਛੁਤਾਣੀਆ ॥ ਨਿਕਸਿ ਜਾਤਉ ਰਹੈ ਅਸਥਿਰੁ ,ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ, ਸਬਦਿ ਨੇਹੁ ਨਵੇਲਓ ॥ ਨਾਨਕ ਨਦਰੀ ਸਹਜਿ ਸਾਚਾ, ਮਿਲਹੁ ਸਖੀ ਸਹੇਲੀਹੋ ॥੩॥ ਹੇ (ਸਤਸੰਗੀ) ਸਖੀ ਸਹੇਲੀਓ! ਆਓ ਮਿਲ ਬੈਠੀਏ, ਅਸੀਂ ਮਿਲ ਕੇ ਪ੍ਰਭੂ ਪਤੀ ਨੂੰ ਸਿਮਰੀਏ। ਗੁਰੂ ਨੂੰ ਪੁਛ ਕੇ ਭਾਵ ਗੁਰੂ ਦੀ ਸਿਖਿਆ ਲੈ ਕੇ (ਉਸਦੇ ਦਸੇ) ਸ਼ਬਦ ਦੁਆਰਾ ਮੈਂ (ਪ੍ਰਭੂ ਪਤੀ ਨੂੰ) ਸੁਨੇਹਾ ਲਿਖਾਂਗੀ ਜੀ; ਸ਼ਬਦ ਦੁਆਰਾ (ਪਤੀ ਦਾ) ਸੁਨੇਹਾ ਲਿਖ ਲਵਾਂਗੀ ਭਾਵ ਮਿਲਣ ਲਈ ਸ਼ਬਦ ਦੁਆਰਾ ਅਭਿਆਸ ਕਰਾਂਗੀ। ਗੁਰੂ ਨੇ (ਪ੍ਰਭੂ ਪਤੀ ਨੂੰ ਮਿਲਾਉਣ ਵਾਲਾ) ਸੱਚਾ ਸਬਦ ਦਿਖਾ ਦਿਤਾ ਹੈ, (ਪਰ ਸ਼ਬਦ ਵਿਹੂਣੀਆਂ) ਮਨਮੁਖ ਇਸਤ੍ਰੀਆਂ (ਅੰਤ ਨੂੰ ਦੁਖੀ ਹੋ ਕੇ) ਪਛਤਾ ਰਹੀਆਂ ਹਨ। (ਜਿਹੜਾ ਮਨ) ਬਾਹਰ ਨਿਕਲ ਜਾਂਦਾ ਸੀ, ਜਦ (ਸ਼ਬਦ ਦੁਆਰਾ) ਸੱਚ ਸਰੂਪ ਪ੍ਰਭੂ ਪਤੀ ਨੂੰ ਜਾਣ ਲਿਆ, (ਤਦ ਤੋਂ ਮਨ ਅੰਦਰ ਹੀ) ਟਿਕਿਆ ਰਹਿੰਦਾ ਹੈ। ਸੱਚ ਦੀ ਪ੍ਰਾਪਤੀ ਵਾਲੀ ਸਿਖਿਆ ਸਦਾ ਨਵੀਂ ਰਹਿੰਦੀ ਹੈ (ਤਨ ਮਨ ਤਰੋ ਤਾਜਾ ਰਹਿੰਦਾ ਹੈ), ਸ਼ਬਦ ਦੁਆਰਾ ਪ੍ਰਭੂ ਪਤੀ ਨਾਲ ਪਿਆ ਪ੍ਰੇਮ ਵੀ ਨਵਾਂ ਰਹਿੰਦਾ ਹੈ (ਵਾਹਿਗੁਰੂ ਦਾ ਪ੍ਰੇਮ ਪੁਰਾਣਾ ਨਹੀਂ ਹੁੰਦਾ)। ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਗੁਰੂ ਦੀ) ਮੇਹਰ ਵਾਲੀ ਨਜਰ ਦੁਆਰਾ ਸੱਚਾ ਪ੍ਰਭੂ ਪਤੀ ਸਹਜੇ ਹੀ ਮਿਲ ਜਾਂਦਾ ਹੈ, (ਇਸ ਲਈ ਆਓ) ਹੇ ਸਖੀ ਸਹੇਲੀਓ ਮਿਲ ਬੈਠੀਏ (ਅਤੇ ਪ੍ਰਭੂ ਪਤੀ ਨੂੰ ਸਿਮਰੀਏ)।੩।

ਮੇਰੀ ਇਛ ਪੁਨੀ ਜੀਉ ,ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ, ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ, ਸਾਚੁ ਜਪਿ ਸਚੁ ਲਾਹਓ ॥ ਕਰ ਜੋੜਿ ਸਾ ਧਨ ਕਰੈ ਬਿਨਤੀ, ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ, ਇਛ ਮੇਰੀ ਪੁੰਨੀਆ ॥੪॥੧॥ ਸਾਡੇ ਹਿਰਦੇ ਘਰ ਵਿਚ ਪ੍ਰਭੂ ਸੱਜਨ ਆ ਗਿਆ ਹੈ, (ਪ੍ਰਭੂ ਪਤੀ ਦੇ ਮਿਲਾਪ ਦੀ ਇਹ) ਮੇਰੀ ਇੱਛਾ ਪੂਰੀ ਹੋ ਗਈ ਹੈ ਜੀ। (ਸਤ ਸੰਗਣਾਂ) ਨੇ ਪ੍ਰਭੂ ਪਤੀ ਵਾਲੀ ਇਸਤ੍ਰੀ ਨਾਲ ਮਿਲ ਕੇ ਮੰਗਲ ਮਈ ਜਸ ਗਾਇਆ ਹੈ। (ਪ੍ਰਭੂ ਪਤੀ ਦੇ ਮਿਲਾਪ ਦੀ) ਖੁਸ਼ੀ ਦੇ ਗੀਤ ਤੇ ਗੁਣ ਗਾ ਕੇ ਜੀਵ ਰੂਪ ਇਸਤ੍ਰੀ (ਪ੍ਰਭੂ ਪਤੀ ਦੇ) ਪ੍ਰੇਮ ਵਿਚ ਖਿੜ ਗਈ ਹੈ ਤੇ (ਉਸ ਦੇ) ਮਨ ਵਿਚ ਅਨੰਦ ਭਰ ਗਿਆ। ਮਿਤ੍ਰ (ਦੈਵੀ ਗੁਣ) ਖੁਸ਼ ਹੋ ਗਏ, ਦੁਸ਼ਟ (ਅਵਗੁਣ) ਖਤਮ ਹੋ ਗਏ ਹਨ , ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਪ੍ਰਭੂ ਪਤੀ ਦੇ ਮਿਲਾਪ ਦਾ ਲਾਹਾ ਮਿਲਿਆ ਹੈ। (ਹੁਣ) ਜੀਵ ਰੂਪ ਇਸਤ੍ਰੀ ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀ ਹੈ ਕਿ ਮੈਂ ਦਿਨ ਰਾਤ ਪ੍ਰੇਮ ਰਸ ਵਿਚ ਭਿੱਜੀ ਰਹਿੰਦੀ ਹਾਂ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਉਹ) ਜੀਵ ਰੂਪ ਇਸਤ੍ਰੀ ਤੇ ਪ੍ਰਭੂ ਪਤੀ ਮਿਲਾਪ ਦਾ ਅਨੰਦ ਮਾਣਦੇ ਹਨ, (ਤੇ ਆਖਦੀ ਹੈ ਕਿ) ਮੇਰੀ ਇੱਛਾ ਪੂਰੀ ਹੋ ਗਈ ਹੈ।੪।੧।

ਪਦਾਰਥ = ਪਿਰੁ-ਪ੍ਰਭੂ ਪਤੀ। ਰਾਵੇਹਾ-ਸਿਮਰੀਏ; ਮਿਲਾਪ ਦਾ ਅਨੰਦ ਮਾਣੀਏ। ਲਿਖਉਗੀ-ਮੈਂ ਲਿਖਾਂਗੀ। ਨਿਕਸਿ-ਨਿਕਲ ਕੇ। ਜਾਤਉ-ਜਾਂਦਾ (ਭਟਕਦਾ ਮਨ)। ਅਸਥਿਰੁ-ਸਥਿਰ; ਅਚੱਲ। ਜਾਮਿ-ਜਦੋਂ। ਨਉਤਨੁ-ਨਵੀਂ। ਨੇਹੁ-ਪ੍ਰੇਮ। ਨਵੇਲਓ-ਨਵਾਂ।੩। ਨਦਰੀ-ਮੇਹਰ ਦੀ ਨਜਰ ਦੁਆਰਾ। ਸਹਜਿ-ਸੁਤੇ ਸਿਧ।੩। ਪੁਨੀ-ਪੂਰੀ ਹੋ ਗਈ। ਹਮ-ਸਾਡੇ। ਘਰਿ-ਹਿਰਦੇ ਘਰ ਵਿਚ। ਵਰੁ-ਪਤੀ। ਨਾਰੀ-ਇਸਤ੍ਰੀਆਂ ਨੇ। ਮੰਗਲੁ-ਖੁਸ਼ੀ ਦਾ ਗੀਤ। ਰਹਸੀ-ਖੁਸ਼ ਹੋਈ; ਖਿੜ ਗਈ। ਓਮਾਹਓ-ਚਾਉ; ਅਨੰਦ। ਰਹੰਸੇ-ਖੁਸ਼ ਹੋਏ। ਵਿਆਪੇ-ਖਤਮ ਹੋ ਗਏ। ਲਾਹਓ-ਲਾਹਾ। ਕਰ-ਹੱਥ। ਰਸਿ-ਪ੍ਰੇਮ ਵਿਚ। ਭਿੰਨੀਆ-ਭਿੱਜੀ ਰਹਿੰਦੀ ਹਾਂ। ਰਲੀਆ-ਖੁਸ਼ੀਆਂ; ਮੌਜਾਂ।੪।੧।

ਵਿਆਖਿਆ = ਇਸ ਛੰਤ ਦੇ ੪ ਪਦ ਹਨ, ਪਹਿਲੇ ਵਿਚ ਪਤੀ ਤੋਂ ਇਸਤ੍ਰੀ ਦੇ ਵਿਛੋੜੇ ਦਾ ਵਰਨਣ ਹੈ। ਦੂਜੇ ਵਿਚ ਮਿਲਾਪ ਦਾ ਉਪਾਉ ਵਰਨਣ ਹੈ, ਤੀਜੇ ਵਿਚ ਉਪਾਉ ਨਾਲ ਪ੍ਰਾਪਤ ਹੋਣ ਦਾ ਤੇ ਚੌਥੇ ਵਿਚ ਪ੍ਰਾਪਤ ਹੋਈ ਮੇਲ ਅਵਸਥਾ ਦਾ ਰੂਪ ਕਥਨ ਕੀਤਾ ਹੈ। ਇਸਤ੍ਰੀ ਨੂੰ ਪਤੀ ਵਿਛੋੜੇ ਦਾ ਦੁਖ ਹੈ, ਲਿੱਸੀ ਹੋ ਰਹੀ ਹੈ, ਖਾਣ ਪੀਣ ਕੁਛ ਚੰਗਾ ਨਹੀਂ ਲਗਦਾ ਤੇ ਨਾ ਰਾਤ ਨੂੰ ਨੀਂਦ ਪੈਂਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਇਹ ਕੋਈ ਸਧਾਰਨ ਇਸਤ੍ਰੀ ਨਹੀਂ, ਤੇ ਗਾਫਲ ਵੀ ਨਹੀਂ। ਇਸ ਇਸਤ੍ਰੀ ਨੂੰ ਪਤੀ ਨਾਲ ਖਿੱਚ ਹੈ,

All Rights Reserved by Harjinder Singh Gyani | www.GuruGranthVakhyaan.org

ਮਿਲਣ ਦੀ ਇਛਾ ਹੈ, ਨਾ ਮਿਲਣ ਦਾ ਹੌਕਾ ਵੀ ਹੈ।ਉਹ ਸੋਚਦੀ ਹੈ ਕਿ ਜੋਬਨ ਵਿਚ ਹੰਕਾਰ ਦੇ ਕਾਰਣ ਇਹ ਹਾਲਤ ਹੋਈ ਹੈ।ਪਤੀ ਵਿਛੋੜੇ ਵਾਲੀ ਇਸਤ੍ਰੀ ਦੇ ਰੁਪ ਵਿਚ ਇਹ ਪ੍ਰਮੇਸ਼ਰ ਪ੍ਰੇਮੀ ਦਾ ਜਿਕਰ ਹੈ, ਜਿਸ ਨੂੰ ਪ੍ਰਭੂ ਤੋਂ ਵਿਛੜੇ ਹੋਣ ਦਾ ਗਿਆਨ ਹੋ ਗਿਆ ਹੈ।ਨਾ ਮੇਲ ਹੋਣ ਦਾ ਹਾਵਾ ਤੇ ਨਿਰਾਸਤਾ ਹੈ।ਇਹ ਮਿਲਾਪ ਗੁਰੁ ਦੁਆਰਾ ਹੋਇਆ ਦਸਿਆ ਗਿਆ ਹੈ।

ਅੰਗ ੨੪੩ = ਗਉੜੀ ਛੰਤ ਮਹਲਾ ੧ ॥ ਸੁਣਿ ਨਾਹ ਪ੍ਰਭੂ ਜੀਉ ,ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ, ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ, ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ, ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ, ਏਕਲੜੀ ਕੁਰਲਾਏ ॥ ਨਾਨਕ ਸਾਧਨ ਮਿਲੈ ਮਿਲਾਈ, ਬਿਨੁ ਪ੍ਰੀਤਮ ਦੁਖੁ ਪਾਏ ॥੧॥ ਹੇ ਪ੍ਰਭੂ ਪਤੀ ਜੀਓ! (ਮੇਰੀ ਬੇਨਤੀ) ਸੁਣ, ਮੈਂ ਸੰਸਾਰ ਰੂਪ ਜੰਗਲ ਵਿਚ ਇਕੱਲੀ ਰਹਿ ਰਹੀ ਹਾਂ।ਹੇ ਬੇਪ੍ਰਵਾਹ ਪ੍ਰਭੂ ਪਤੀ ਜੀਓ! ਪਤੀ ਪ੍ਰਭੂ ਤੋਂ ਬਿਨਾ (ਇਕੱਲੀ ਜੀਵ ਇਸਤ੍ਰੀ) ਕਿਵੇਂ ਧੀਰਜ ਕਰੇਗੀ ? ਜੀਵ ਇਸਤ੍ਰੀ ਪ੍ਰਭੂ ਪਤੀ ਤੋਂ ਬਿਨਾ ਰਹਿ ਨਹੀਂ ਸਕਦੀ, (ਇਕੱਲਿਆਂ ਉਮਰ ਰੂਪ) ਰਾਤ ਬਹੁਤ ਔਖੀ ਲੰਘਦੀ ਹੈ।(ਹੇ ਪ੍ਰਭੂ ਪਤੀ!) ਮੇਰੀ ਬੇਨਤੀ ਸੁਣ, (ਮੈਨੂੰ ਤੇਰਾ) ਪ੍ਰੇਮ ਚੰਗਾ ਲਗਦਾ ਹੈ, (ਆਪ ਜੀ ਨੂੰ ਬਿਨਾ ਮਿਲੇ ਮੈਨੂੰ ਸ਼ਾਂਤੀ ਰੂਪ) ਨੀਂਦ ਨਹੀਂ ਆਉਂਦੀ।ਪਿਆਰੇ ਪ੍ਰਭੂ ਪਤੀ ਤੋਂ ਬਿਨਾ (ਮੇਰੀ) ਖਬਰ ਸਾਰ ਕੋਈ ਨਹੀਂ ਲੈਂਦਾ (ਮੈਂ ਸੰਸਾਰ ਬਨ ਵਿਚ ਦੁਖੀ ਹੋ ਕੇ) ਇਕੱਲੀ ਕੁਰਲਾਉਂਦੀ ਹਾਂ।ਹੇ ਨਾਨਕ! (ਜੀਵ ਇਸਤ੍ਰੀ ਪ੍ਰਭੂ ਪਤੀ ਨੂੰ ਤਾਂ ਹੀ) ਮਿਲ ਸਕਦੀ ਹੈ, (ਜੇ ਇਸ ਨੂੰ ਪ੍ਰਭੂ ਪਤੀ ਦੇ ਟਿਕਾਣੇ ਦਾ ਜਾਣਕਾਰ ਗੁਰੂ) ਮਿਲਾ ਦੇਵੇ, (ਨਹੀਂ ਤਾਂ) ਪ੍ਰਭੂ ਪਤੀ ਤੋਂ ਬਿਨਾ ਦੁਖ ਹੀ ਪਾਉਂਦੀ ਹੈ।੧।

ਪਿਰਿ ਛੋਡਿਅੜੀ ਜੀਉ ,ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ,ਸਬਦਿ ਸੁਹਾਵੈ ॥ ਸਬਦੇ ਸੁਹਾਵੈ ਤਾ ਪਤਿ ਪਾਵੈ, ਦੀਪਕ ਦੇਹ ਉਜਾਰੈ ॥ ਸੁਣਿ ਸਖੀ ਸਹੇਲੀ ਸਾਚਿ ਸੁਹੇਲੀ, ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ, ਬਿਗਸੀ ਅੰਮ੍ਰਿਤ ਬਾਣੀ ॥ ਨਾਨਕ ਸਾ ਧਨ ਤਾ ਪਿਰੁ ਰਾਵੇ, ਜਾ ਤਿਸ ਕੈ ਮਨਿ ਭਾਣੀ ॥੨॥ (ਜਿਹੜੀ ਜੀਵ ਇਸਤ੍ਰੀ) ਪਤੀ ਪ੍ਰਭੂ ਨੇ ਛਡ ਦਿਤੀ ਹੈ, (ਉਸ ਨੂੰ ਪਤੀ ਪ੍ਰਭੂ ਨਾਲ ਕੌਣ ਮਿਲਾਵੇ? (ਉਤਰ-ਜਿਹੜੀ ਜੀਵ ਇਸਤ੍ਰੀ ਪਤੀ ਪ੍ਰਭੂ ਦੇ) ਪ੍ਰੇਮ ਰਸ ਵਿਚ ਮਿਲੀ ਹੋਈ ਹੈ ਜੀ, ਸ਼ਬਦ ਦੁਆਰਾ (ਉਹ ਹੀ ਪਤੀ ਪ੍ਰਭੂ ਕੋਲ ਬੈਠੀ) ਸੋਭਾ ਪਾਉਂਦੀ ਹੈ।(ਜਦ ਜੀਵ ਇਸਤ੍ਰੀ ਗੁਰੂ ਦੇ) ਸ਼ਬਦ ਦੁਆਰਾ (ਮਾਨਸਕ ਤੌਰ ਤੇ) ਸੋਹਣੀ ਬਣ ਜਾਂਦੀ ਹੈ ਤੇ ਗਿਆਨ ਦਾ ਦੀਵਾ ਦੇਹ ਵਿਚ ਚਾਨਣ ਕਰਦਾ ਹੈ, ਤਾਂ ਪਤੀ ਨੂੰ ਪਾ ਲੈਂਦੀ ਹੈ; (ਲੋਕ ਪ੍ਰਲੋਕ ਵਿਚ) ਇੱਜਤ ਪਾਉਂਦੀ ਹੈ।ਹੇ ਪਿਆਰੀ ਸਹੇਲੀ! ਸੁਣ, (ਜਦ ਜੀਵ ਇਸਤ੍ਰੀ) ਸੱਚੇ ਪ੍ਰਭੂ ਦੇ ਗੁਣਾਂ ਨੂੰ ਸੰਭਾਲਦੀ ਹੈ ਤਾਂ ਉਹ ਸੱਚ ਦੁਆਰਾ ਸੁਖੀ ਹੋ ਜਾਂਦੀ ਹੈ। ਸਤਿਗੁਰੂ ਨੇ (ਉਹ ਜੀਵ ਇਸਤ੍ਰੀ ਜਦ ਅਪਣੇ ਨਾਲ) ਮਿਲਾਈ ਤਾਂ (ਪ੍ਰਭੂ ਪਤੀ ਨੇ ਉਸ ਜੀਵ ਇਸਤ੍ਰੀ ਨੂੰ ਅਪਣੇ ਵਿਚ) ਅਭੇਦ ਕਰ ਲਿਆ ਤੇ ਅੰਮ੍ਰਿਤ ਬਾਣੀ ਦੁਆਰਾ ਉਹ ਖੁਸ਼ ਹੋ ਗਈ।ਹੇ ਨਾਨਕ! ਜੀਵ ਇਸਤ੍ਰੀ ਤਦ ਪ੍ਰਭੂ ਪਤੀ ਦੇ ਅਨੰਦ ਨੂੰ ਮਾਣਦੀ ਹੈ, ਜਦ ਉਸ (ਪ੍ਰਭੂ ਪਤੀ) ਦੇ ਮਨ ਵਿਚ ਚੰਗੀ ਲਗਦੀ ਹੈ।੨।

ਪਦਾਰਥ = ਨਾਹ-ਪਤੀ।ਏਕਲੜੀ-ਇਕੱਲੀ।ਬਨ-ਸੰਸਾਰ ਰੂਪ ਜੰਗਲ।ਮਾਹੇ-ਮਾਹਿ-ਵਿਚ।ਧੀਰੈਗੀ-ਧੀਰਜ ਨੂੰ ਪਾਏਗੀ।ਧਨ-ਇਸਤ੍ਰੀ।ਬਿਖਮ-ਔਖੀ।ਰੈਣਿ-ਜੀਵਨ ਰੂਪ ਰਾਤ।ਘਣੇਰੀਆ-ਬਹੁਤ।ਭਾਵੈ-ਚੰਗਾ ਲਗਦਾ ਹੈ।ਨ ਸਾਰੇ-ਨਹੀਂ ਸੰਭਾਲਦਾ; ਖਬਰ ਸਾਰ ਨਹੀਂ ਪੁਛਦਾ।ਕੁਰਲਾਏ-ਵਿਰਲਾਪ ਕਰਦੀ ਹੈ।ਸਾਧਨ-ਸਾਧਵੀ; ਭਲੀ ਇਸਤ੍ਰੀ।੧।ਪਿਰਿ-ਪਤੀ ਨੇ।ਕਵਣੁ-ਕੌਣ।ਸੁਹਾਵੈ-ਸੋਭਦੀ ਹੈ।ਪਤਿ-ਪਤੀ; ਇੱਜਤ।ਦੀਪਕ-ਦੀਵਾ।ਉਜਾਰੈ-ਚਾਨਣ ਕਰਦਾ ਹੈ।ਸੁਹੇਲੀ-ਸੁਖੀ।ਸਾਰੈ-ਸੰਭਾਲਦੀ ਹੈ; ਯਾਦ ਕਰਦੀ ਹੈ। ਰਾਵੀ-ਭੋਗੀ; ਨਾਲ ਮਿਲਾ ਲਈ।ਬਿਗਸੀ-ਖੁਸ਼ ਹੋਈ।ਤਾ-ਤਦ।ਜਾ-ਜਦ।ਭਾਣੀ-ਚੰਗੀ ਲੱਗੀ; ਪਸੰਦ ਆਈ।੨।

ਮਾਇਆ ਮੋਹਣੀ ਨੀਘਰਿਆ ਜੀਉ ,ਕੂੜਿ ਮੁਠੀ ਕੂੜਿਆਰੇ ॥ ਕਿਉ ਖੂਲੈ ਗਲ ਜੇਵੜੀਆ ਜੀਉ ,ਬਿਨੁ ਗੁਰ ਅਤਿ ਪਿਆਰੇ ॥ ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ, ਤਿਸ ਹੀ ਕਾ ਸੋ ਹੋਵੈ ॥ ਪੁੰਨ ਦਾਨ ਅਨੇਕ ਨਾਵਣ, ਕਿਉ ਅੰਤਰ ਮਲੁ ਧੋਵੈ ॥ ਨਾਮ ਬਿਨਾ ਗਤਿ ਕੋਇ ਨ ਪਾਵੈ, ਹਠਿ ਨਿਗ੍ਰਹਿ ਬੇਬਾਣੈ ॥ ਨਾਨਕ ਸਚ ਘਰੁ ਸਬਦਿ ਸਿਞਾਪੈ, ਦੁਬਿਧਾ ਮਹਲੁ ਕਿ ਜਾਣੈ ॥੩॥ ਮੋਹਣੀ ਮਾਇਆ ਨੇ ਜੀਵ ਇਸਤ੍ਰੀ ਨੂੰ (ਸਰੂਪ ਘਰ ਤੋਂ) ਬੇ ਘਰ ਕਰ ਦਿਤਾ ਹੈ ਤੇ ਝੂਠੀ (ਇਸਤ੍ਰੀ) ਕੂੜ ਵਿਚ ਠੱਗੀ ਗਈ ਹੈ।ਮੋਹ ਮਾਇਆ ਦੀ ਰੱਸੀ ਜੋ ਗਲ ਵਿਚ ਪਈ ਹੋਈ ਹੈ, (ਉਹ) ਅੱਤ ਪਿਆਰੇ ਗੁਰੂ ਤੋਂ ਬਿਨਾ ਕਿਵੇਂ ਖੁਲ੍ਹੇ? (ਜਿਹੜੀ ਜੀਵ ਇਸਤ੍ਰੀ) ਸ਼ਬਦ ਦੁਆਰਾ ਵਿਚਾਰ ਕਰਕੇ ਪਿਆਰੇ ਹਰੀ ਨੂੰ ਪ੍ਰੇਮ ਕਰਦੀ ਹੈ, ਉਹ (ਹਰੀ) ਉਸ (ਜੀਵ ਇਸਤ੍ਰੀ) ਦਾ ਹੀ ਹੋ ਜਾਂਦਾ ਹੈ।ਅਨੇਕ ਤਰ੍ਹਾਂ ਦੇ ਪੁੰਨ ਦਾਨ ਤੇ ਤੀਰਥਾਂ ਦੇ ਇਸ਼ਨਾਨ ਆਦਿ ਮਨ ਦੇ ਅੰਦਰ ਦੀ ਮੈਲ ਕਿਵੇਂ ਧੋ ਸਕਦੇ ਹਨ? ਕੋਈ ਵੀ ਨਾਮ ਸਿਮਰਨ ਤੋਂ ਬਿਨਾ ਹਠ ਨਾਲ ਇੰਦ੍ਰੀਆਂ ਨੂੰ ਰੋਕ ਕੇ ਸੰਜਮ ਵਿਚ ਰੱਖਣ ਤੇ ਜੰਗਲਾਂ ਵਿਚ ਫਿਰਨ ਨਾਲ ਮੁਕਤੀ ਨਹੀਂ ਪਾ ਸਕਦਾ।ਹੇ ਨਾਨਕ! ਪ੍ਰਭੂ ਦਾ ਸਰੂਪ ਘਰ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈ, ਦੁਬਿਧਾ ਵਾਲਾ ਮਨੁੱਖ ਪ੍ਰਭੂ ਦਾ ਸਰੂਪ ਕਿਵੇਂ ਜਾਣ ਸਕਦਾ ਹੈ?।੩।

ਤੇਰਾ ਨਾਮੁ ਸਚਾ ਜੀਉ ,ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ,ਨਾਮੁ ਸਚਾ ਵਾਪਾਰੋ ॥ ਨਾਮ ਕਾ ਵਾਪਾਰੁ ਮੀਠਾ, ਭਗਤਿ

ਲਾਹਾ ਅਨਦਿਨੋ ॥ ਤਿਸੁ ਬਾਝੁ ਵਖਰੁ ਕੋਇ ਨ ਸੁਝੈ, ਨਾਮੁ ਲੇਵਹੁ ਖਿਨੁ ਖਿਨੋ ॥ ਪਰਖਿ ਲੇਖਾ ਨਦਰਿ ਸਾਚੀ, ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ, ਗੁਰਿ ਪੂਰੈ ਸਚੁ ਪਾਇਆ ॥੪॥੨॥ ਹੇ (ਵਾਹਿਗੁਰੂ) ਜੀਉ ! ਤੇਰਾ ਨਾਮ ਸੱਚਾ ਹੈ, ਤੇਰਾ ਸ਼ਬਦ ਤੇ ਉਸਦਾ ਵਿਚਾਰ ਵੀ ਸੱਚਾ ਹੈ। ਤੇਰਾ ਮਹੱਲ ਸਚਾ ਹੈ ਜੀ, ਤੇਰਾ ਨਾਮ ਹੀ ਸੱਚਾ ਵਪਾਰ ਹੈ। ਨਾਮ ਦਾ ਵਪਾਰ ਮਿੱਠਾ (ਪਿਆਰਾ) ਹੈ, ਹਰ ਰੋਜ (ਨਾਮ ਸਿਮਰਨ ਰੂਪ) ਭਗਤੀ ਦਾ ਲਾਭ ਹੈ। ਉਸ (ਨਾਮ ਦੇ ਵਪਾਰ) ਤੋਂ ਬਿਨਾ ਹੋਰ ਕੋਈ (ਲਾਭਦਾਇਕ) ਸੌਦਾ ਨਹੀਂ ਸੁੱਝਦਾ, (ਇਸ ਲਈ ਹੇ ਭਾਈ !) ਹਰ ਪਲ ਨਾਮ ਲੈਂਦੇ (ਸਿਮਰਦੇ) ਰਹੋ। ਹਰੀ ਦੀ ਮੇਹਰ ਭਰੀ ਸੱਚੀ ਨਜਰ ਅਤੇ ਪੂਰੇ ਭਾਗਾਂ ਨਾਲ (ਨਾਮ ਵਪਾਰ ਦਾ) ਲੇਖਾ ਪਰਖ ਕੇ ਪ੍ਰਾਪਤ ਕੀਤਾ ਹੈ। ਹੇ ਨਾਨਕ ! ਵਾਹਿਗੁਰੂ ਦਾ ਨਾਮ ਮਹਾਨ ਮਿੱਠਾ ਰਸ ਹੈ, ਸੱਚਾ (ਨਾਮ ਰਸ ਜਿਸ ਕਿਸੇ ਨੇ ਪਾਇਆ ਹੈ, ਉਸ ਨੇ) ਪੂਰੇ ਗੁਰੂ ਦੁਆਰਾ ਹੀ ਪਾਇਆ ਹੈ।੪।੨। ਲੇਖਾ–ਵਪਾਰ ਦਾ ਹਿਸਾਬ ਕਿਤਾਬ (ਨਫਾ ਨੁਕਸਾਨ)।

ਪਦਾਰਥ = ਮੋਹਣੀ–ਮਨ ਨੂੰ ਮੋਹ ਲੈਣ ਵਾਲੀ। ਨਿਘਰੀਆ–ਬੇ ਘਰ। ਮੁਠੀ–ਲੁੱਟੀ ਗਈ। ਜੇਵੜੀਆ–ਰੱਸੀ; ਫਾਹੀ। ਅਤਿ–ਅਤਿਅੰਤ। ਸੋ–ਉਹ। ਨਾਵਣ–ਤੀਰਥ ਇਸ਼ਨਾਨ। ਅੰਤਰ–ਅੰਦਰ ਦੀ। ਮਲੁ–ਮੈਲ। ਗਤਿ–ਮੁਕਤੀ। ਹਠਿ–ਹਠ ਨਾਲ। ਨਿਗ੍ਰਹਿ–ਇੰਦ੍ਰੀਆਂ ਨੂੰ ਰੋਕ ਕੇ ਰਖਣ ਨਾਲ। ਬੇਬਾਣੈ–ਜੰਗਲ ਵਿਚ। ਸਚ ਘਰੁ–ਰੱਬ ਦਾ ਘਰ। ਸਿਞਾਪੈ–ਪਛਾਣਿਆ ਜਾਂਦਾ ਹੈ। ਕਿ–ਕੌਣ; ਕਿਵੇਂ।੩। ਲਾਹਾ–ਲਾਭ। ਅਨਦਿਨੋ–ਹਰ ਰੋਜ। ਬਾਝੁ–ਬਿਨਾ। ਵਖਰੁ–ਸੌਦਾ। ਖਿਨ ਖਿਨੋ–ਹਰ ਪਲ। ਗੁਰਿ ਪੂਰੈ–ਪੂਰੇ ਗੁਰੂ ਦੁਆਰਾ।੪।੨।

ਰਾਗੁ ਗਉੜੀ ਪੂਰਬੀ ਛੰਤ ਮਹਲਾ ੩ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਰਾਗ ਗਉੜੀ ਦੀ ਪੂਰਬੀ ਜਾਤੀ ਵਿਚ ਅੱਗੇ ਸ਼੍ਰੀ ਗੁਰੂ ਅਮਰਦਾਸ ਜੀ ਦੇ ਉਚਾਰੇ ਛੰਤ ਹਨ। ਸਰਬ ਸ਼ਕਤੀਮਾਨ ਪ੍ਰਮਾਤਮਾ ਇਕ ਹੈ, ਸਦਾ ਕਾਇਮ ਰਹਿਣ ਵਾਲਾ ਹੈ, ਬ੍ਰਹਮੰਡ ਨੂੰ ਟਿਕਾ ਕੇ ਰੱਖਣ ਵਾਲੀ ਸ਼ਕਤੀ, ਜਗਤ ਦਾ ਰਚਣਹਾਰ, ਸਰਬ ਵਿਆਪਕ ਕਰਤਾਰ ਜੋ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਸਾ ਧਨ ਬਿਨਉ ਕਰੇ ਜੀਉ ,ਹਰਿ ਕੇ ਗੁਣ ਸਾਰੇ ॥ ਖਿਨੁ ਪਲੁ ਰਹਿ ਨ ਸਕੈ ਜੀਉ ,ਬਿਨੁ ਹਰਿ ਪਿਆਰੇ ॥ ਬਿਨੁ ਹਰਿ ਪਿਆਰੇ ਰਹਿ ਨ ਸਾਕੈ, ਗੁਰ ਬਿਨੁ ਮਹਲੁ ਨ ਪਾਈਐ ॥ ਜੋ ਗੁਰ ਕਹੈ ਸੋਈ ਪਰੁ ਕੀਜੈ, ਤਿਸਨਾ ਅਗਨਿ ਬੁਝਾਈਐ ॥ ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ, ਬਿਨੁ ਸੇਵਿਐ ਸੁਖੁ ਨ ਪਾਏ ॥ ਨਾਨਕ ਸਾ ਧਨ ਮਿਲੈ ਮਿਲਾਈ, ਜਿਸ ਨੋ ਆਪਿ ਮਿਲਾਏ ॥੧॥ (ਜਿਹੜੀ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਦਰਸ਼ਨ ਕਰਨਾ ਚਾਹੁੰਦੀ ਹੈ) ਉਹ ਜੀਵ ਰੂਪ ਇਸਤ੍ਰੀ (ਪ੍ਰਭੂ ਦੇ ਦਰ ਤੇ) ਬੇਨਤੀ ਕਰਦੀ ਹੈ ਜੀ ਅਤੇ ਹਿਰਦੇ ਵਿਚ ਹਰੀ ਦੇ ਗੁਣ ਸੰਭਾਲਦੀ ਹੈ। (ਉਹ) ਪਿਆਰੇ ਹਰੀ (ਨੂੰ ਮਿਲੇ) ਬਿਨਾ ਇਕ ਖਿਨ, ਇਕ ਪਲ (ਸ਼ਾਂਤ) ਨਹੀਂ ਰਹਿ ਸਕਦੀ। ਹਰੀ ਪਿਆਰੇ (ਨੂੰ ਮਿਲੇ) ਬਿਨਾ (ਸ਼ਾਂਤ) ਨਹੀਂ ਰਹਿ ਸਕਦੀ, (ਪਰ) ਹਰੀ ਦਾ ਸਰੂਪ ਗੁਰੂ ਤੋਂ ਬਿਨਾ ਪਾਇਆ ਨਹੀਂ ਜਾ ਸਕਦਾ। (ਇਸ ਲਈ) ਜੋ ਉਪਦੇਸ਼ ਗੁਰੂ ਉਚਾਰਦਾ ਹੈ, ਉਹ ਚੰਗੀ ਤਰ੍ਹਾਂ ਕਮਾਉਣਾ ਚਾਹੀਦਾ ਹੈ, (ਹਰੀ ਨੂੰ ਮਿਲਣ ਲਈ) ਤ੍ਰਿਸ਼ਨਾ ਦੀ ਅੱਗ ਬੁਝਾ ਦੇਣੀ ਚਾਹੀਦੀ ਹੈ। ਉਹ ਹਰੀ ਸੱਚ ਸਰੂਪ ਹੈ, ਉਸ ਤੋਂ ਬਿਨਾ ਹੋਰ ਕੋਈ (ਸੱਤ) ਨਹੀਂ ਭਾਵ ਸਦਾ ਟਿਕੇ ਰਹਿਣ ਵਾਲਾ ਨਹੀਂ, (ਪ੍ਰਭੂ ਦੀ) ਸੇਵਾ ਕੀਤੇ ਬਿਨਾ (ਕੋਈ ਪ੍ਰਭੂ ਪਤੀ ਦੇ ਮਿਲਾਪ ਦਾ) ਸੁਖ ਨਹੀਂ ਪਾ ਸਕਦਾ। ਹੇ ਨਾਨਕ ! ਉਹ ਜੀਵ ਰੂਪ ਇਸਤ੍ਰੀ (ਗੁਰੂ ਦੀ) ਮਿਲਾਈ ਹੋਈ ਪ੍ਰਭੂ ਪਤੀ ਨਾਲ ਮਿਲ ਸਕਦੀ ਹੈ, ਜਿਸ ਨੂੰ (ਉਹ ਪ੍ਰਭੂ) ਆਪ ਮਿਲਾ ਲਏ।੧।

ਧਨ ਰੈਣਿ ਸੁਹੇਲੜੀਏ ਜੀਉ ,ਹਰਿ ਸਿਉ ਚਿਤੁ ਲਾਏ ॥ ਸਤਿਗੁਰੁ ਸੇਵੇ ਭਾਉ ਕਰੇ ਜੀਉ ,ਵਿਚਹੁ ਆਪੁ ਗਵਾਏ ॥ ਵਿਚਹੁ ਆਪੁ ਗਵਾਏ ਹਰਿ ਗੁਣ ਗਾਏ, ਅਨਦਿਨੁ ਲਾਗਾ ਭਾਓ ॥ ਸੁਣਿ ਸਖੀ ਸਹੇਲੀ ਜੀਅ ਕੀ ਮੇਲੀ, ਗੁਰ ਕੈ ਸਬਦਿ ਸਮਾਓ ॥ (ਉਸ) ਜੀਵ ਰੂਪ ਇਸਤ੍ਰੀ ਦੀ ਜੀਵਨ ਰੂਪ ਰਾਤ ਸੁੱਖਾਂ ਨਾਲ ਲੰਘਦੀ ਹੈ ਜੀ, (ਜਿਹੜੀ) ਪ੍ਰਭੂ ਪਤੀ ਨਾਲ ਚਿਤ ਜੋੜਦੀ ਹੈ। (ਹਰੀ ਨਾਲ ਗੁਰੂ ਦੁਆਰਾ ਚਿਤ ਜੁੜਦਾ ਹੈ, ਇਸ ਲਈ ਉਹ) ਸਤਿਗੁਰੂ ਨੂੰ ਪੂਜਦੀ ਹੈ, ਤੇ (ਗੁਰੂ ਨੂੰ) ਪ੍ਰੇਮ ਕਰਦੀ ਹੈ ਜੀ ਤੇ ਮਨ ਵਿਚੋਂ ਆਪਾ ਭਾਵ ਗੁਆ ਦੇਂਦੀ ਹੈ। (ਜਿਹੜੀ ਜੀਵ ਇਸਤ੍ਰੀ) ਆਪਾ ਭਾਵ ਗੁਆ ਦੇਂਦੀ ਹੈ ਅਤੇ ਹਰੀ ਦੇ ਗੁਣ ਗਾਉਂਦੀ ਹੈ, (ਉਸਦਾ ਪ੍ਰਭੂ ਪਤੀ ਨਾਲ) ਹਰ ਰੋਜ ਪ੍ਰੇਮ ਲੱਗਾ ਰਹਿੰਦਾ ਹੈ। ਹੇ ਪਿਆਰੀ ਸਹੇਲੀਏ ! (ਤੂੰ) ਮੇਰੇ ਦਿਲ ਦੀ ਮੇਲਣ ਹੈਂ, (ਤੂੰ) ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾ।

ਅੰਗ ੨੪੪ = ਹਰਿ ਗੁਣ ਸਾਰੀ ਤਾ ਕੰਤ ਪਿਆਰੀ, ਨਾਮੇ ਧਰੀ ਪਿਆਰੋ ॥ ਨਾਨਕ ਕਾਮਣਿ ਨਾਹ ਪਿਆਰੀ, ਰਾਮ ਨਾਮੁ ਗਲਿ ਹਾਰੋ ॥੨॥ (ਜੇ ਜੀਵ ਇਸਤ੍ਰੀ) ਪ੍ਰਭੂ ਪਤੀ ਦੇ ਗੁਣ ਸੰਭਾਲੇ ਤੇ ਨਾਮ ਵਿਚ ਪਿਆਰ ਕਰੇ, ਤਾਂ (ਉਹ) ਪਤੀ ਦੀ ਪਿਆਰੀ ਬਣ ਜਾਂਦੀ ਹੈ। ਹੇ ਨਾਨਕ ! (ਉਹ) ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਹੈ, (ਜਿਹੜੀ ਅਪਣੇ) ਗਲ ਵਿਚ ਰਾਮ ਨਾਮ ਰੂਪ ਹਾਰ ਪਹਿਨਦੀ ਹੈ ਭਾਵ ਸਦਾ ਪ੍ਰਮਾਤਮਾ ਦਾ ਨਾਮ ਜਪਦੀ ਰਹਿੰਦੀ ਹੈ।੨।

ਪਦਾਰਥ = ਸਾਧਨ–ਸਾਧਵੀ; ਭਲੀ ਇਸਤ੍ਰੀ। ਬਿਨਉ–ਬੇਨਤੀ। ਸਾਰੇ–ਸੰਭਾਲਦੀ ਹੈ। ਮਹਲੁ–ਪ੍ਰਭੂ ਦਾ ਸਰੂਪ; ਟਿਕਾਣਾ। ਪਰੁ–ਚੰਗੀ ਤਰ੍ਹਾਂ। ਸੋਈ–ਉਹ। ਅਵਰੁ–ਹੋਰ।੧। ਧਨ–ਇਸਤ੍ਰੀ। ਰੈਣਿ–ਜੀਵਨ ਰੂਪ ਰਾਤ। ਸਿਉ–ਨਾਲ। ਭਾਉ–ਪ੍ਰੇਮ। ਆਪੁ–ਆਪਾ ਭਾਵ। ਜੀਅ ਕੀ ਮੇਲੀ–ਦਿਲ ਦੀ ਸਾਥਣ; ਦਿਲੋਂ ਪਿਆਰ ਕਰਨ ਵਾਲੀ। ਸਮਾਓ–ਲੀਨ ਹੋ ਜਾ। ਸਾਰੀ–ਸੰਭਾਲੇ। ਕੰਤ–ਪਤੀ। ਨਾਮੇ–ਨਾਮ ਵਿਚ।

All Rights Reserved by Harjinder Singh Gyani | www.GuruGranthVakhyaan.org

ਧਰੀ–ਧਰੇ (ਕਰੇ)।ਕਾਮਣਿ–ਇਸਤ੍ਰੀ।ਨਾਹ–ਪਤੀ।ਗਲਿ–ਗਲ ਵਿਚ।ਹਾਰੋ–ਹਾਰ।੨।
ਧਨ ਏਕਲੜੀ ਜੀਉ ,ਬਿਨੁ ਨਾਹ ਪਿਆਰੇ ॥ ਦੂਜੈ ਭਾਇ ਮੁਠੀ ਜੀਉ ,ਬਿਨੁ ਗੁਰ ਸਬਦ ਕਰਾਰੇ ॥ ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ, ਮਾਇਆ ਮੋਹਿ ਖੁਆਈ ॥ ਕੂੜਿ ਵਿਗੁਤੀ ਤਾ ਪਿਰਿ ਮੁਤੀ, ਸਾ ਧਨ ਮਹਲੁ ਨ ਪਾਈ ॥ ਗੁਰ ਸਬਦੇ ਰਾਤੀ ਸਹਜੇ ਮਾਤੀ, ਅਨਦਿਨ ਰਹੈ ਸਮਾਏ ॥ ਨਾਨਕ ਕਾਮਣਿ ਸਦਾ ਰੰਗਿ ਰਾਤੀ, ਹਰਿ ਜੀਉ ਆਪਿ ਮਿਲਾਏ ॥੩॥ ਪਿਆਰੇ ਪ੍ਰਭੂ ਪਤੀ ਤੋਂ ਬਿਨਾ ਜੀਵ ਰੂਪ ਇਸਤ੍ਰੀ ਇਕੱਲੀ (ਦੁਖੀ) ਰਹਿੰਦੀ ਹੈ ਜੀ।ਗੁਰੂ ਦੇ ਬਲ ਵਾਲੇ ਸ਼ਬਦ ਤੋਂ ਬਿਨਾ (ਹੋਣ ਕਰਕੇ ਉਹ) ਦੁਐਤ ਭਾਵ ਵਿਚ ਠੱਗੀ ਗਈ ਹੈ।ਕਠਨ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਗੁਰੂ ਦੇ ਸ਼ਬਦ ਤੋਂ ਬਿਨਾ ਕੌਣ ਤਾਰ ਸਕਦਾ ਹੈ? (ਕਿਉਂਕਿ ਜੀਵ ਇਸਤ੍ਰੀ) ਮਾਇਆ ਦੇ ਮੋਹ ਵਿਚ ਭੁੱਲੀ ਹੋਈ ਹੈ।(ਇਹ) ਕੂੜ ਵਿਚ ਪੈ ਕੇ ਬਰਬਾਦ ਹੋਈ ਹੈ, (ਤਦੇ ਹੀ) ਪਤੀ ਪ੍ਰਭੂ ਨੇ ਛਡ ਦਿਤੀ ਹੈ, (ਇਸੇ ਲਈ) ਉਹ ਇਸਤ੍ਰੀ ਪਤੀ ਦੇ ਮਹਲ ਨੂੰ ਨਹੀਂ ਪਾ ਸਕੀ।(ਜਿਹੜੀ ਜੀਵ ਇਸਤ੍ਰੀ) ਗੁਰੂ ਦੇ ਸ਼ਬਦ ਵਿਚ ਰੰਗੀ ਹੋਈ ਹੈ ਤੇ ਸਹਿਜ ਅਵਸਥਾ ਵਿਚ ਮਸਤ ਰਹਿੰਦੀ ਹੈ, ਉਹ ਹਰ ਰੋਜ (ਪ੍ਰਭੂ ਪਤੀ ਵਿਚ) ਲੀਨ ਰਹਿੰਦੀ ਹੈ।ਹੇ ਨਾਨਕ! (ਉਹ) ਜੀਵ ਇਸਤ੍ਰੀ ਸਦਾ ਹੀ (ਪ੍ਰਭੂ ਪਤੀ ਦੇ) ਪ੍ਰੇਮ ਵਿਚ ਰੰਗੀ ਰਹਿੰਦੀ ਹੈ, (ਇਸ ਕਰਕੇ ਉਸ ਨੂੰ) ਹਰਿ ਜੀ ਆਪ ਹੀ ਅਪਣੇ ਨਾਲ ਮਿਲਾ ਲੈਂਦੇ ਹਨ।੩।
ਤਾ ਮਿਲੀਐ ਹਰਿ ਮੇਲੇ ਜੀਉ ,ਹਰਿ ਬਿਨੁ ਕਵਣੁ ਮਿਲਾਏ ॥ ਬਿਨੁ ਗੁਰ ਪ੍ਰੀਤਮ ਆਪਣੇ ਜੀਉ, ਕਉਣੁ ਭਰਮੁ ਚੁਕਾਏ ॥ ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ, ਤਾ ਸਾ ਧਨ ਸੁਖੁ ਪਾਏ ॥ ਗੁਰ ਸੇਵਾ ਬਿਨੁ ਘੋਰ ਅੰਧਾਰੁ ,ਬਿਨੁ ਗੁਰ ਮਗੁ ਨ ਪਾਏ ॥ ਕਾਮਣਿ ਰੰਗਿ ਰਾਤੀ ਸਹਜੇ ਮਾਤੀ, ਗੁਰ ਕੈ ਸਬਦਿ ਵੀਚਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ, ਗੁਰ ਕੈ ਭਾਇ ਪਿਆਰੇ ॥੪॥੧॥ (ਜੇ) ਹਰੀ (ਆਪ ਅਪਣੇ ਨਾਲ) ਮਿਲਾ ਲਵੇ ਜੀ, ਤਾਂ ਹੀ ਮਿਲਿਆ ਜਾ ਸਕਦਾ ਹੈ, ਹਰੀ ਤੋਂ ਬਿਨਾ ਕੌਣ ਮਿਲਾ ਸਕਦਾ ਹੈ? ਅਪਣੇ ਪਿਆਰੇ ਗੁਰੂ ਤੋਂ ਬਿਨਾ (ਜੀਵ ਇਸਤ੍ਰੀ ਤੇ ਪ੍ਰਭੂ ਪਤੀ ਦੇ ਵਿਚਾਲੇ ਪਏ) ਭਰਮ ਨੂੰ ਕੌਣ ਦੂਰ ਕਰ ਸਕਦਾ ਹੈ ਜੀ? ਭਰਮ ਰੂਪ ਪੜਦਾ ਗੁਰੂ ਹੀ ਦੂਰ ਕਰ ਸਕਦਾ ਹੈ, ਹੇ ਮਾਂ! (ਭਰਮ ਦੂਰ ਹੋਣ ਨਾਲ) ਇਉਂ ਮਿਲ ਸਕੀਦਾ ਹੈ, ਤਾਂ ਹੀ ਜੀਵ ਇਸਤ੍ਰੀ ਸੁਖ ਪਾ ਸਕਦੀ ਹੈ।ਗੁਰੂ ਦੀ ਸੇਵਾ ਤੋਂ ਬਿਨਾ ਘੁੱਪ ਹਨ੍ਹੇਰਾ ਬਣਿਆ ਰਹਿੰਦਾ ਹੈ, ਗੁਰੂ ਦੇ (ਬਖਸ਼ੇ ਗਿਆਨ ਰੂਪ ਚਾਨਣ ਤੋਂ) ਬਿਨਾ (ਪ੍ਰਭੂ ਪ੍ਰਾਪਤੀ) ਦਾ ਰਸਤਾ ਪ੍ਰਾਪਤ ਨਹੀਂ ਹੁੰਦਾ।(ਜਿਹੜੀ ਜੀਵ) ਇਸਤ੍ਰੀ ਗੁਰੂ ਦੇ ਸ਼ਬਦ ਦੁਆਰਾ ਤੇ (ਸ਼ਬਦ ਦੀ) ਵਿਚਾਰ ਦੁਆਰਾ (ਪ੍ਰਭੂ ਪਤੀ ਦੇ) ਪ੍ਰੇਮ ਵਿਚ ਰੰਗੀ ਜਾਂਦੀ ਹੈ, (ਉਹ) ਸਹਿਜ ਪਦ ਵਿਚ ਮਸਤ ਰਹਿੰਦੀ ਹੈ।ਹੇ ਨਾਨਕ! (ਉਸ ਜੀਵ) ਇਸਤ੍ਰੀ ਨੇ ਪਿਆਰੇ ਗੁਰੂ ਦੇ ਪ੍ਰੇਮ ਦੁਆਰਾ ਹਰੀ ਰੂਪ ਪਤੀ ਨੂੰ ਪਾ ਲਿਆ ਹੈ।੪।੧।
ਪਦਾਰਥ = ਏਕਲੜੀ–ਇੱਕਲੀ।ਦੂਜੈ ਭਾਇ–ਦੁਐਤ ਭਾਵ ਵਿਚ; ਕਿਸੇ ਦੂਜੇ ਦੇ ਪਿਆਰ ਵਿਚ।ਮੁਠੀ–ਠੱਗੀ ਗਈ।ਕਰਾਰੇ–ਬਲ ਵਾਲਾ; ਧੀਰਜ ਦੇਣ ਵਾਲਾ (ਮ.ਕੋ.)।ਦੁਤਰੁ–ਔਖਾ ਤਰਿਆ ਜਾਣ ਵਾਲਾ।ਖੁਆਈ–ਖੁੰਝੀ (ਭੁੱਲੀ) ਹੋਈ।ਵਿਗੁਤੀ–ਖੁਆਰ ਹੋਈ। ਪਿਰਿ–ਪਤੀ ਨੇ।ਮੁਤੀ–ਛਡ ਦਿਤੀ।ਰਾਤੀ–ਰੰਗੀ ਹੋਈ।ਮਾਤੀ–ਮਸਤ।੩।ਕਵਣੁ–ਕੌਣ।ਚੁਕਾਏ–ਦੂਰ ਕਰੇ।ਮਾਏ–ਹੇ ਮਾਂ।ਘੋਰ ਅੰਧਾਰੁ–ਘੁੱਪ ਹਨ੍ਹੇਰਾ।ਮਗੁ–ਰਸਤਾ।ਰੰਗਿ ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ।ਮਾਤੀ–ਮਸਤ।ਵਰੁ–ਪਤੀ ।੪।੧।
ਗਉੜੀ ਮਹਲਾ ੩ ॥ ਪਿਰ ਬਿਨੁ ਖਰੀ ਨਿਮਾਣੀ ਜੀਉ ,ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥ ਪਿਰ ਬਿਨੁ ਨੀਦ ਨ ਆਵੈ ਜੀਉ ,ਕਾਪੜੁ ਤਨਿ ਨ ਸੁਹਾਈ ॥ ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ, ਗੁਰਮਤੀ ਚਿਤੁ ਲਾਈਐ ॥ ਸਦਾ ਸੁਹਾਗਣਿ ਜਾ ਸਤਿਗੁਰ ਸੇਵੇ, ਗੁਰ ਕੈ ਅੰਕਿ ਸਮਾਈਐ ॥ ਗੁਰ ਸਬਦੈ ਮੇਲਾ ਤਾ ਪਿਰੁ ਰਾਵੀ, ਲਾਹਾ ਨਾਮੁ ਸੰਸਾਰੇ ॥ ਨਾਨਕ ਕਾਮਣਿ ਨਾਹ ਪਿਆਰੀ, ਜਾ ਹਰਿ ਕੇ ਗੁਣ ਸਾਰੇ ॥੧॥ ਹੇ ਮੇਰੀ ਮਾਂ! ਮੈਂ ਪ੍ਰਭੂ ਪਤੀ ਤੋਂ ਬਿਨਾ ਬਹੁਤ ਨਿਮਾਣੀ ਹੋ ਰਹੀ ਹਾਂ, ਮੈਂ ਪ੍ਰਭੂ ਪਤੀ ਤੋਂ ਬਿਨਾ ਕਿਵੇਂ ਜਿਉਂ ਸਕਦੀ ਹਾਂ? ਪ੍ਰਭੂ ਪਤੀ ਤੋਂ ਬਿਨਾ ਨੀਂਦ ਨਹੀਂ ਆਉਂਦੀ ਅਤੇ ਨਾ ਹੀ ਤਨ ਉਤੇ ਕਪੜਾ ਪਾਇਆ ਸੋਹਣਾ ਲਗਦਾ ਹੈ।ਤਨ ਉਤੇ ਪਾਇਆ ਕਪੜਾ ਤਦ ਸੋਹਣਾ ਲਗਦਾ ਹੈ ਜਦੋਂ (ਜੀਵ ਇਸਤ੍ਰੀ) ਪ੍ਰਭੂ ਪਤੀ ਨੂੰ ਚੰਗੀ ਲਗਦੀ ਹੈ, (ਪਤੀ ਨੂੰ ਭਾ ਜਾਣ ਲਈ) ਗੁਰੂ ਦੀ ਸਿੱਖਿਆ ਵਿਚ ਚਿਤ ਜੋੜਨਾ ਚਾਹੀਦਾ ਹੈ।ਜਦ (ਜੀਵ ਇਸਤ੍ਰੀ) ਸਤਿਗੁਰੂ ਦੀ ਸੇਵਾ ਕਰਕੇ ਗੁਰੂ ਦੇ ਸਰੂਪ ਵਿਚ ਸਮਾ ਜਾਂਦੀ ਹੈ, ਤਦ ਉਹ ਸਦਾ ਸਹਾਗ ਭਾਗ (ਪ੍ਰਭੂ ਪਤੀ) ਵਾਲੀ ਬਣ ਜਾਂਦੀ ਹੈ।(ਜਦ) ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਪਤੀ ਨਾਲ) ਮੇਲ ਹੋ ਜਾਂਦਾ ਹੈ, ਤਦ (ਜੀਵ ਇਸਤ੍ਰੀ) ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦੀ ਹੈ, ਪ੍ਰਭੂ ਦਾ ਨਾਮ ਹੀ ਸੰਸਾਰ ਵਿਚ ਸੱਚਾ ਲਾਭ ਹੈ।ਹੇ ਨਾਨਕ! ਜੀਵ ਇਸਤ੍ਰੀ (ਤਾਂ ਹੀ) ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ, ਜਦ ਉਹ ਹਰੀ ਦੇ ਗੁਣ (ਹਿਰਦੇ ਵਿਚ) ਸੰਭਾਲਦੀ ਹੈ।੧।
ਸਾ ਧਨ ਰੰਗੁ ਮਾਣੇ ਜੀਉ ,ਆਪਣੇ ਨਾਲਿ ਪਿਆਰੇ ॥ ਅਹਿਨਿਸਿ ਰੰਗਿ ਰਾਤੀ ਜੀਉ ,ਗੁਰ ਸਬਦੁ ਵੀਚਾਰੇ ॥ ਗੁਰ ਸਬਦੁ ਵੀਚਾਰੇ ਹਉਮੈ ਮਾਰੇ, ਇਨ ਬਿਧਿ ਮਿਲਹੁ ਪਿਆਰੇ ॥ ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ, ਸਾਚੈ ਨਾਮਿ ਪਿਆਰੇ ॥ ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ, ਦੁਬਿਧਾ ਮਾਰਿ ਨਿਵਾਰੇ ॥ ਨਾਨਕ ਕਾਮਣਿ ਹਰਿ ਵਰੁ ਪਾਇਆ, ਸਗਲੇ ਦੂਖ ਵਿਸਾਰੇ ॥੨॥ ਉਹ ਜੀਵ

All Rights Reserved by Harjinder Singh Gyani | www.GuruGranthVakhyaan.org

ਇਸਤ੍ਰੀ ਅਪਣੇ ਪਿਅਰੇ ਪ੍ਰਭੂ ਪਤੀ ਨਾਲ ਅਨੰਦ ਮਾਣਦੀ ਹੈ ਜੀ।ਜੋ ਦਿਨ ਰਾਤ (ਪ੍ਰਭੂ ਪਤੀ ਦੇ) ਪ੍ਰੇਮ ਵਿਚ ਰੰਗੀ ਹੋਈ ਹੈ ਜੀ ਅਤੇ ਗੁਰੂ ਦੇ ਸ਼ਬਦ ਨੂੰ ਵਿਚਾਰਦੀ ਹੈ।(ਉਹ) ਗੁਰੂ ਦੇ ਸ਼ਬਦ ਨੂੰ ਵਿਚਾਰਦੀ ਹੈ ਤੇ ਹਉਮੈ ਨੂੰ ਮਾਰਦੀ ਹੈ, (ਹੋਰਨਾਂ ਨੂੰ ਕਹਿੰਦੀ ਹੈ, ਤੁਸੀਂ ਵੀ) ਇਸ ਤਰੀਕੇ ਨਾਲ ਪਿਆਰੇ (ਪ੍ਰਭੂ ਪਤੀ ਨੂੰ) ਮਿਲੋ।ਉਸ ਜੀਵ ਇਸਤ੍ਰੀ ਸੁਹਾਗ ਭਾਗ ਵਾਲੀ ਹੈ, ਜੋ (ਪ੍ਰਭੂ ਪਤੀ ਦੇ) ਪ੍ਰੇਮ ਰੰਗ ਵਿਚ ਸਦਾ ਰੰਗੀ ਰਹਿੰਦੀ ਹੈ ਤੇ ਸਚੇ ਪ੍ਰਭੂ ਪਤੀ ਦੇ ਨਾਮ ਵਿਚ ਪਿਆਰ ਕਰਦੀ ਹੈ।(ਹੇ ਸਹੇਲੀਓ!) ਅਪਣੇ ਗੁਰੂ ਨਾਲ ਮਿਲੇ ਰਹੀਏ ਤੇ (ਉਸ ਤੋਂ) ਅੰਮ੍ਰਿਤ ਨਾਮ ਗ੍ਰਹਿਣ ਕਰੀਏ (ਅਤੇ ਗੁਰੂ ਨੂੰ ਮਿਲ ਕੇ ਨਾਮ ਸਿਮਰਨ ਦੁਆਰਾ) ਦੁਬਿਧਾ ਨੂੰ ਮਾਰ ਕੇ ਦੂਰ ਕਰ ਦੇਈਏ ।ਹੇ ਨਾਨਕ! (ਅਜੇਹੀ ਜੀਵ) ਇਸਤ੍ਰੀ ਨੇ ਹਰੀ ਰੂਪ ਵਰ ਪਾ ਲਿਆ ਹੈ ਅਤੇ ਸਾਰੇ ਦੁਖ ਭੁਲਾ (ਦੂਰ ਕਰ) ਦਿਤੇ ਹਨ।੨।

ਪਦਾਰਥ = ਖਰੀ–ਬਹੁਤ।ਨਿਮਾਣੀ–ਆਦਰ ਮਾਣ ਰਹਿਤ; ਗਰੀਬ।ਕਿਉ–ਕਿਵੇਂ।ਮਾਈ–ਹੇ ਮਾਂ!।ਨੀਦ–ਸ਼ਾਂਤੀ ਰੂਪ ਨੀਂਦ।ਕਾਪੜੁ–ਕਾਪਰੁ–ਬਸਤ੍ਰ।ਤਨਿ–ਸਰੀਰ ਉਤੇ।ਜਾ–ਜਦ।ਪਿਰ–ਪਤੀ।ਭਾਵੈ–ਚੰਗੀ ਲਗਦੀ ਹੈ; ਪਸੰਦ ਆਉਂਦੀ ਹੈ।ਅੰਕਿ–ਸਰੂਪ ਵਿਚ।ਸਬਦੈ –ਸ਼ਬਦ ਦੁਆਰਾ।ਰਾਵੀ–ਭੋਗਦੀ (ਮਿਲਾਪ ਦਾ ਅਨੰਦ ਮਾਣਦੀ) ਹੈ।ਲਾਹਾ–ਲਾਭ।ਕਾਮਣਿ–ਇਸਤ੍ਰੀ।ਨਾਹ–ਪਤੀ।ਸਾਰੇ–ਸੰਭਾਲਦੀ ਹੈ।੧।ਸਾਧਨ–ਸਾਧਵੀ; ਭਲੀ ਇਸਤ੍ਰੀ।ਅਹਿ–ਦਿਨ।ਨਿਸਿ–ਰਾਤ।ਰੰਗਿ ਰਾਤੀ–ਪ੍ਰੇਮ ਵਿਚ ਰੰਗੀ ਹੋਈ।ਇਨ ਬਿਧਿ–ਇਸ ਤਰੀਕੇ ਨਾਲ।ਸੁਹਾਗਣਿ–ਸੁਹਾਗ ਭਾਗ ਵਾਲੀ ਇਸਤ੍ਰੀ।ਸਾਚੈ ਨਾਮਿ–ਸਦਾ ਥਿਰ ਪ੍ਰਭੂ ਦੇ ਨਾਮ ਵਿਚ।ਗਹੀਐ–ਗ੍ਰਹਿਣ (ਪ੍ਰਾਪਤ) ਕਰੀਏ। ਦੁਬਿਧਾ–ਦੁਚਿੱਤਾ ਪਣ।ਨਿਵਾਰੇ–ਦੂਰ ਕਰੇ।ਵਰੁ–ਪਤੀ।ਸਗਲੇ–ਸਾਰੇ।ਵਿਸਾਰੇ–ਭੁਲਾ (ਦੂਰ ਕਰ) ਦਿਤੇ।੨।

ਕਾਮਣਿ ਪਿਰਹੁ ਭੁਲੀ ਜੀਉ ,ਮਾਇਆ ਮੋਹਿ ਪਿਆਰੇ ॥ ਝੂਠੀ ਝੂਠਿ ਲਗੀ ਜੀਉ ,ਕੂੜਿ ਮੁਠੀ ਕੂੜਿਆਰੇ ॥ ਕੂੜੁ ਨਿਵਾਰੇ ਗੁਰਮਤਿ ਸਾਰੇ, ਜੂਐ ਜਨਮੁ ਨ ਹਾਰੇ ॥ ਗੁਰ ਸਬਦੁ ਸੇਵੇ ਸਚਿ ਸਮਾਵੈ, ਵਿਚਹੁ ਹਉਮੈ ਮਾਰੇ ॥ ਹਰਿ ਕਾ ਨਾਮੁ ਰਿਦੈ ਵਸਾਏ, ਐਸਾ ਕਰੇ ਸੀਗਾਰੋ ॥ ਨਾਨਕ ਕਾਮਣਿ ਸਹਜਿ ਸਮਾਣੀ, ਜਿਸੁ ਸਾਚਾ ਨਾਮੁ ਅਧਾਰੋ ॥੩॥ ਮਾਇਆ ਦੇ ਮੋਹ ਵਿਚ ਪਿਆਰ ਪਿਆ ਹੋਣ ਕਰਕੇ ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਤੋਂ ਭੁੱਲ ਗਈ ਹੈ ਜੀ।ਝੂਠੀ ਇਸਤ੍ਰੀ ਝੂਠ ਵਿਚ ਲਗੀ ਹੋਈ ਹੈ ਜੀ, ਝੂਠ ਵਿਚ ਠੱਗੀ ਗਈ ਹੈ (ਇਸੇ ਕਰਕੇ) ਕੂੜਿਆਰ ਬਣ ਗਈ ਹੈ।(ਇਸ ਨੂੰ ਚਾਹੀਦਾ ਹੈ ਕਿ) ਕੂੜ ਨੂੰ ਦੂਰ ਕਰੇ, ਗੁਰੂ ਦੀ ਮੱਤ ਨੂੰ ਸੰਭਾਲੇ (ਧਾਰਨ ਕਰੇ) ਤੇ ਅਪਣਾ ਮਨੁੱਖਾ ਜਨਮ ਜੂਏ ਵਿਚ (ਕੌਡੀਆਂ ਬਦਲੇ) ਨਾ ਹਾਰ ਦੇਵੇ।ਗੁਰੂ ਦੇ ਸ਼ਬਦ ਨੂੰ ਪੂਜੇ, ਮਨ ਵਿਚੋਂ ਹਉਮੈ ਨੂੰ ਮਾਰ ਕੇ ਸਚ ਵਿਚ ਸਮਾ ਜਾਵੇ।ਹਰੀ ਦਾ ਨਾਮ ਹਿਰਦੇ ਵਿਚ ਵਸਾ ਲਵੇ, ਇਹੋ ਜਿਹਾ ਸ਼ਿੰਗਾਰ ਕਰੇ (ਨਾਮ ਦਾ ਸ਼ਿੰਗਾਰ ਕਰੇ)।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਸਹਿਜ ਪਦ ਵਿਚ ਸਮਾਈ ਰਹਿੰਦੀ ਹੈ, ਜਿਸਦੇ ਜੀਵਨ ਦਾ ਸਹਾਰਾ ਸੱਚਾ ਨਾਮ ਹੈ।੩।

ਮਿਲੁ ਮੇਰੇ ਪ੍ਰੀਤਮਾ ਜੀਉ ,ਤੁਧੁ ਬਿਨੁ ਖਰੀ ਨਿਮਾਣੀ ॥ ਮੈ ਨੈਣੀ ਨੀਦ ਨ ਆਵੈ ਜੀਉ ,ਭਾਵੈ ਅੰਨੁ ਨ ਪਾਣੀ ॥ ਪਾਣੀ ਅੰਨੁ ਨ ਭਾਵੈ ਮਰੀਐ ਹਾਵੈ, ਬਿਨੁ ਪਿਰ ਕਿਉ ਸੁਖੁ ਪਾਈਐ ॥ (ਅਰਦਾਸ ਕਰਦੇ ਹਨ) ਹੇ ਮੇਰੇ ਪ੍ਰੀਤਮ ਜੀਓ! (ਮੈਨੂੰ) ਮਿਲੋ, (ਮੈਂ) ਤੈਨੂੰ ਮਿਲੇ ਬਿਨਾ ਬਹੁਤ ਨਿਮਾਣੀ ਹਾਂ।ਮੈਨੂੰ ਅੱਖਾਂ ਵਿਚ ਨੀਂਦ ਨਹੀਂ ਆਉਂਦੀ ਜੀ ਅਤੇ ਅੰਨ ਪਾਣੀ ਕੁਛ ਵੀ ਚੰਗਾ ਨਹੀਂ ਲਗਦਾ।ਪਾਣੀ ਅੰਨ ਚੰਗਾ ਨਹੀਂ ਲਗਦਾ, (ਵਿਛੋੜੇ ਦੇ ਕਾਰਣ) ਹੌਕਿਆਂ ਵਿਚ ਮਰਦੀ ਜਾਂਦੀ ਹਾਂ, ਪਤੀ ਪ੍ਰਭੂ ਤੋਂ ਬਿਨਾ ਸੁਖ ਕਿਵੇਂ ਪਾਈਏ ?

ਅੰਗ ੨੪੫ = ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ, ਜਿਉ ਮਿਲੈ ਤਿਵੈ ਮਿਲਾਈਐ ॥ ਆਪੇ ਮੇਲਿ ਲਏ ਸੁਖ ਦਾਤਾ, ਆਪਿ ਮਿਲਿਆ ਘਰਿ ਆਏ ॥ ਨਾਨਕ ਕਾਮਣਿ ਸਦਾ ਸੁਹਾਗਣਿ, ਨਾ ਪਿਰੁ ਮਰੈ ਨ ਜਾਏ ॥੪॥੨॥ (ਮੈਂ) ਗੁਰੂ ਅੱਗੇ ਬੇਨਤੀ ਕਰਦੀ ਹਾਂ, ਹੇ ਗੁਰੂ! ਜੇ (ਆਪ ਜੀ ਨੂੰ ਮੇਰੀ ਬੇਨਤੀ) ਚੰਗੀ ਲੱਗੇ ਤਾਂ ਜਿਵੇਂ ਵੀ ਪਤੀ ਪ੍ਰਭੂ ਮਿਲੇ, ਤਿਵੇਂ ਮਿਲਾ ਦੇਈਏ।ਸੁੱਖਾਂ ਦਾ ਦਾਤਾ (ਜਿਸ ਉਤੇ ਕ੍ਰਿਪਾ ਕਰਦਾ ਹੈ, ਉਸ ਨੂੰ) ਆਪੇ ਅਪਣੇ ਨਾਲ ਮਿਲਾ ਲੈਂਦਾ ਹੈ, (ਅਪਣੇ ਪਿਆਰਿਆਂ ਨੂੰ ਉਨ੍ਹਾਂ ਦੇ ਹਿਰਦੇ) ਘਰ ਵਿਚ ਆ ਕੇ ਆਪ ਹੀ (ਸ਼ਬਦ ਰੂਪ ਹੋ ਕੇ) ਮਿਲ ਪੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਐਸੀ ਜੀਵ ਇਸਤ੍ਰੀ ਸਦਾ ਸੁਹਾਗਣ ਰਹਿੰਦੀ ਹੈ, (ਕਿਉਂਕਿ ਉਸਦਾ) ਪਤੀ ਪ੍ਰਭੂ ਨਾ ਕਦੇ ਮਰਦਾ ਹੈ ਅਤੇ ਨਾ (ਛਡ ਕੇ) ਜਾਂਦਾ ਹੈ।੪।੨।

ਪਦਾਰਥ = ਪਿਰਹੁ–ਪਤੀ ਤੋਂ (ਨੂੰ)।ਮੋਹਿ–ਮੋਹ ਵਿਚ।ਝੂਠਿ–ਝੂਠੇ ਪਦਾਰਥਾਂ ਦੇ ਮੋਹ ਵਿਚ।ਮੁਠੀ–ਠੱਗੀ ਗਈ।ਸਾਰੇ–ਸੰਭਾਲੇ।ਜੂਐ ਜਨਮੁ ਨ ਹਾਰੇ–ਅਮੋਲਕ ਜਨਮ ਕੌਡੀਆਂ ਬਦਲੇ ਨਾ ਹਾਰੇ; ਨਿਕੰਮੇ ਲਾਭ ਨੁਕਸਾਨ ਵਿਚ ਜਨਮ ਨਾ ਗੁਆ ਦੇਵੇ।ਸਮਾਵੈ–ਲੀਨ ਹੋਵੇ। ਸਹਜਿ–ਸਹਿਜ ਅਵਸਥਾ ਵਿਚ।ਸਮਾਣੀ–ਲੀਨ ਰਹਿੰਦੀ ਹੈ।ਅਧਾਰੋ–ਸਹਾਰਾ।੩।ਮੈਂ–ਮੈਨੂੰ।ਨੈਣੀ–ਅੱਖਾਂ ਵਿਚ।ਭਾਵੈ–ਚੰਗਾ ਲਗਦਾ ਹੈ।ਹਾਵੈ–ਹੌਕਿਆਂ ਵਿਚ।ਘਰਿ–ਹਿਰਦੇ ਘਰ ਵਿਚ।੪।੨।

ਗਉੜੀ ਮਹਲਾ ੩ ॥ ਕਾਮਣਿ ਹਰਿ ਰਸਿ ਬੇਧੀ ਜੀਉ ,ਹਰਿ ਕੈ ਸਹਜਿ ਸੁਭਾਏ ॥ ਮਨੁ ਮੋਹਨਿ ਮੋਹਿ ਲੀਆ ਜੀਉ ,ਦੁਬਿਧਾ ਸਹਜਿ ਸਮਾਏ ॥ ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ, ਗੁਰਮਤੀ ਰੰਗੁ ਲਾਏ ॥ ਇਹੁ ਸਰੀਰੁ ਕੂੜਿ ਕੁਸਤਿ ਭਰਿਆ, ਗਲ ਤਾਈ ਪਾਪ ਕਮਾਏ ॥ ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ, ਬਿਨੁ ਭਗਤੀ ਮੈਲੁ ਨ ਜਾਏ ॥ ਨਾਨਕ ਕਾਮਣਿ ਪਿਰਹਿ ਪਿਆਰੀ, ਵਿਚਹੁ

ਆਪੁ ਗਵਾਏ ॥੧॥ ਜੀਵ ਰੂਪ ਇਸਤ੍ਰੀ ਹਰੀ ਦੇ ਪੂਰਨ ਗਿਆਨ ਅਤੇ ਸ਼ਾਂਤ ਸੁਭਾਵ ਦੁਆਰਾ ਹਰੀ ਦੇ ਨਾਮ ਰਸ ਵਿਚ ਵਿੰਨ੍ਹੀ ਗਈ ਹੈ।(ਜਦ) ਮਨ ਨੂੰ ਮੋਹ ਲੈਣ ਵਾਲੇ (ਹਰੀ ਰੂਪ ਪਤੀ) ਨੇ (ਜੀਵ ਇਸਤ੍ਰੀ ਦਾ ਮਨ ਅਪਣੇ ਪ੍ਰੇਮ ਵਿਚ) ਮੋਹ ਲਿਆ ਹੈ ਜੀ, (ਤਾਂ ਜੀਵ ਇਸਤ੍ਰੀ ਦੇ) ਦੁਬਿਧਾ ਆਦਿ ਵਿਕਾਰ ਸੁਭਾਵਕ ਹੀ ਖਤਮ ਹੋ ਗਏ।ਗੁਰੂ ਦੀ ਸਿੱਖਿਆ ਦੁਆਰਾ (ਜਦ ਪ੍ਰਭੂ ਨਾਲ) ਪ੍ਰੇਮ ਲਗਾ ਕੇ ਦੁਚਿੱਤਾ ਪਣ ਸੁਭਾਵਕ ਹੀ ਦੂਰ ਹੋ ਗਿਆ ਤਾਂ ਜੀਵ ਇਸਤ੍ਰੀ ਨੇ ਪਤੀ ਪ੍ਰਭੂ ਨੂੰ ਪਾ ਲਿਆ।ਇਹ ਸਰੀਰ ਕੂੜ ਕੁਸੱਤ ਨਾਲ ਗਲ ਤਕ ਭਰਿਆ ਹੋਇਆ ਹੈ, (ਉਤੋਂ ਹੋਰ) ਪਾਪ ਕਮਾਉਂਦਾ ਹੈ।ਗੁਰੂ ਦੀ ਸ਼ਰਨ ਪੈ ਕੇ (ਪ੍ਰਭੂ ਦੀ) ਭਗਤੀ ਕਰੇ, ਜਿਸ ਨਾਲ ਨਾਮ ਸਿਮਰਨ ਦੀ ਅਖੰਡ ਧੁਨੀ ਪੈਦਾ ਹੁੰਦੀ ਹੈ (ਜਿਸ ਨਾਲ ਪਾਪ ਨਾਸ਼ ਹੋ ਜਾਂਦੇ ਹਨ), ਭਗਤੀ ਤੋਂ ਬਿਨਾ (ਕੂੜ ਦੀ) ਮੈਲ ਜਾਂਦੀ ਨਹੀਂ।ਹੇ ਨਾਨਕ ! (ਉਹ) ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਪਿਆਰੀ ਲਗਦੀ ਹੈ, (ਜਿਹੜੀ ਅਪਣੇ) ਅੰਦਰੋਂ ਆਪਾ ਭਾਵ ਗੁਆ ਦਿੰਦੀ ਹੈ।੧।

ਕਾਮਣਿ ਪਿਰੁ ਪਾਇਆ ਜੀਉ ,ਗੁਰ ਕੈ ਭਾਇ ਪਿਆਰੇ ॥ ਰੈਣਿ ਸੁਖਿ ਸੁਤੀ ਜੀਉ ,ਅੰਤਰਿ ਉਰਿ ਧਾਰੇ ॥ ਅੰਤਰਿ ਉਰਿ ਧਾਰੇ ਮਿਲੀਐ ਪਿਆਰੇ, ਅਨ ਦਿਨੁ ਦੁਖੁ ਨਿਵਾਰੇ ॥ ਅੰਤਰਿ ਮਹਲੁ ਪਿਰੁ ਰਾਵੇ ਕਾਮਣਿ, ਗੁਰਮਤੀ ਵੀਚਾਰੇ ॥ ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ, ਦੁਬਿਧਾ ਮਾਰਿ ਨਿਵਾਰੇ ॥ ਨਾਨਕ ਸਚਿ ਮਿਲੀ ਸੋਹਾਗਣਿ, ਗੁਰ ਕੈ ਹੇਤਿ ਅਪਾਰੇ ॥੨॥ ਪਿਆਰੇ ਗੁਰੂ ਦੇ ਪ੍ਰੇਮ ਦੁਆਰਾ ਜੀਵ ਇਸਤ੍ਰੀ ਨੇ ਪ੍ਰਭੂ ਪਤੀ ਨੂੰ ਪਾ ਲਿਆ ਹੈ ਜੀ।(ਪ੍ਰਭੂ ਪਤੀ ਨੂੰ) ਹਿਰਦੇ ਅੰਦਰ ਟਿਕਾ ਕੇ (ਉਹ ਹੁਣ) ਰਾਤ ਨੂੰ ਸੁਖ ਸ਼ਾਂਤੀ ਨਾਲ ਸੁੱਤੀ ਰਹਿੰਦੀ ਹੈ ਭਾਵ ਜੀਵਨ ਸੁਖ ਸ਼ਾਂਤੀ ਨਾਲ ਗੁਜਾਰਦੀ ਹੈ।ਹਿਰਦੇ ਅੰਦਰ (ਪ੍ਰਭੂ ਪਤੀ ਨੂੰ) ਟਿਕਾ ਕੇ ਪਿਆਰੇ (ਪਤੀ ਪ੍ਰਭੂ) ਨੂੰ ਮਿਲਿਆ ਜਾ ਸਕਦਾ ਹੈ, (ਜਿਹੜਾ) ਹਰ ਰੋਜ (ਭਗਤਾਂ ਦੇ) ਦੁੱਖ ਦੂਰ ਕਰਦਾ ਹੈ।ਹਿਰਦੇ ਦੇ ਅੰਦਰ ਹੀ (ਪ੍ਰਭੂ ਪਤੀ ਦਾ) ਟਿਕਾਣਾ ਹੈ, ਗੁਰੂ ਦੀ ਸਿਖਿਆ ਵਿਚਾਰ ਕੇ ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ।(ਜਿਸ ਜੀਵ ਇਸਤ੍ਰੀ ਨੇ) ਦਿਨ ਰਾਤ ਨਾਮ ਅੰਮ੍ਰਿਤ ਪੀਤਾ ਹੈ, (ਉਸ ਨੇ ਮਨ ਵਿਚੋਂ) ਦੁਬਿਧਾ ਨੂੰ ਮਾਰ ਕੇ ਦੂਰ ਕਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਗੁਰੂ ਦੇ ਅਥਾਹ ਪ੍ਰੇਮ ਦੁਆਰਾ (ਉਹ) ਸੁਹਾਗਣ ਸੱਚੇ ਪ੍ਰਭੂ ਵਿਚ ਮਿਲੀ ਰਹਿੰਦੀ ਹੈ।੨।

ਪਦਾਰਥ = ਕਾਮਣਿ–ਜੀਵ ਇਸਤ੍ਰੀ।ਰਸ–ਅਨੰਦ।ਬੇਧੀ–ਵਿੰਨ੍ਹੀ (ਪ੍ਰੋਈ) ਗਈ।ਸਹਜਿ ਸੁਭਾਇ–ਪੂਰਨ ਗਿਆਨ ਤੇ ਸ਼ਾਂਤ ਸੁਭਾਵ ਦੁਆਰਾ (ਸ਼ਬਦਾਰਥ); ਕੁਦਰਤੀ ਸੁਭਾਵ; ਕੁਦਰਤੀ ਨੀਯਮ ਅਨਸਾਰ (ਮ.ਕੋ.)।ਸਹਿਜ–ਸੁਭਾਵਕ (ਅਪਣੇ ਆਪ)।ਮੋਹਨਿ–ਮੋਹ ਲੈਣ ਵਾਲੇ ਪ੍ਰਭੂ ਨੇ।ਦੁਬਿਧਾ–ਦੁਚਿੱਤਾ ਪਣ।ਸਮਾਏ–ਨਾਸ਼ ਹੋ ਗਈ ਹੈ।ਵਰੁ–ਪਤੀ।ਗੁਰਮਤੀ– ਗੁਰੂ ਦੇ ਉਪਦੇਸ਼ ਨਾਲ।ਰੰਗੁ–ਪ੍ਰੇਮ। ਕੁਸਤਿ–ਬੁਰਿਆਈ; ਅਸੱਤ।ਗਲ ਤਾਈ–ਗਲ ਤੱਕ (ਨਕੋ ਨੱਕ); ਗਲਤਾਨ ਭਾਵ ਮਗਨ (ਟਕਸਾਲ ਨੇ ਦੋਵੇਂ ਅਰਥ ਕੀਤੇ ਹਨ)। ਸਹਜਿ ਧੁਨਿ–ਸਿਮਰਨ ਦੀ ਅਖੰਡ ਧੁਨੀ।ਪਿਰਹਿ–ਪਤੀ ਦੀ (ਨੂੰ)।ਆਪੁ–ਆਪਾ ਭਾਵ।੧।ਭਾਇ–ਪ੍ਰੇਮ ਦੁਆਰਾ; ਪ੍ਰੇਮ ਵਿਚ ਟਿਕ ਕੇ।ਰੈਣਿ–ਰਾਤ।ਉਰਿ–ਦਿਲ ਵਿਚ।ਧਾਰੇ–ਟਿਕਾ ਕੇ।ਨਿਵਾਰੇ–ਦੂਰ ਕਰ ਦਿਤਾ ਹੈ।ਅੰਤਰਿ–ਹਿਰਦੇ ਅੰਦਰ।ਮਹਲੁ–ਰੱਬ ਦਾ ਟਿਕਾਣਾ ।ਰਾਵੇ–ਭੋਗਦੀ (ਮਿਲਾਪ ਦਾ ਅਨੰਦ ਮਾਣਦੀ) ਹੈ।ਹੇਤਿ–ਪ੍ਰੇਮ ਨਾਲ।ਅਪਾਰੇ–ਅਥਾਹ।੨।

ਆਵਹੁ ਦਇਆ ਕਰੇ ਜੀਉ ,ਪ੍ਰੀਤਮ ਅਤਿ ਪਿਆਰੇ ॥ ਕਾਮਣਿ ਬਿਨਉ ਕਰੇ ਜੀਉ ,ਸਚਿ ਸਬਦਿ ਸੀਗਾਰੇ ॥ ਸਚਿ ਸਬਦਿ ਸੀਗਾਰੇ ਹਉਮੈ ਮਾਰੇ, ਗੁਰਮੁਖਿ ਕਾਰਜ ਸਵਾਰੇ ॥ ਜੁਗਿ ਜੁਗਿ ਏਕੋ ਸਚਾ ਸੋਈ, ਬੂਝੈ ਗੁਰ ਬੀਚਾਰੇ ॥ ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ , ਕਿਸੁ ਆਗੈ ਜਾਇ ਪੁਕਾਰੇ ॥ ਨਾਨਕ ਮਨਮੁਖਿ ਥਾਉ ਨ ਪਾਏ, ਬਿਨੁ ਗੁਰ ਅਤਿ ਪਿਆਰੇ ॥੩॥(ਦੂਜੀ ਤੁਕ ਦਾ ਅਰਥ ਪਹਿਲਾਂ) ਗੁਰੂ ਦੇ ਸ਼ਬਦ ਦੁਆਰਾ ਸੱਚੇ ਨਾਮ ਨਾਲ (ਅਪਣੇ ਮਨ ਨੂੰ) ਸ਼ਿੰਗਾਰ ਕੇ ਜੀਵ ਰੂਪ ਇਸਤ੍ਰੀ ਬੇਨਤੀ ਕਰਦੀ ਹੈ ਜੀ।ਕਿ ਹੇ ਅਤਿਅੰਤ ਪਿਆਰੇ ਪ੍ਰੀਤਮ! ਦਇਆ ਕਰਕੇ (ਮੇਰੇ ਹਿਰਦੇ ਘਰ ਵਿਚ) ਆ ਵਸੋ ਜੀ।(ਉਹ ਜੀਵ ਇਸਤ੍ਰੀ) ਗੁਰੂ ਦੇ ਸ਼ਬਦ ਦੁਆਰਾ ਸੱਚੇ ਨਾਮ ਨਾਲ (ਮਨ ਨੂੰ) ਸ਼ਿੰਗਾਰ ਕੇ ਹਉਮੈ ਨੂੰ ਮਾਰਦੀ ਹੈ ਤੇ ਗੁਰੂ ਦੁਆਰਾ (ਜੀਵਨ ਦੇ ਸਾਰੇ) ਕਾਰਜ ਸੁਆਰਦੀ ਹੈ।ਗੁਰੂ ਦੀ ਵਿਚਾਰ ਰਾਹੀਂ (ਉਹ) ਸਮਝਦੀ ਹੈ ਕਿ ਹਰੇਕ ਜੁਗ ਵਿਚ ਇਕ ਸਚਾ ਪ੍ਰਭੂ ਹੀ ਹੈ।ਮਨਮੁਖ ਇਸਤ੍ਰੀ ਕਾਮ ਵਾਸ਼ਨਾ ਵਿਚ ਫਸੀ ਹੋਈ ਹੈ, ਮੋਹ ਕਰਕੇ ਦੁਖੀ ਹੈ, (ਉਹ) ਕਿਸ ਅੱਗੇ ਜਾ ਕੇ ਪੁਕਾਰ ਕਰੇ।ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਅਤਿਅੰਤ ਪਿਆਰੇ ਗੁਰੂ ਦੇ ਬਿਨਾ ਮਨਮੁਖ ਇਸਤ੍ਰੀ (ਪ੍ਰਭੂ ਪਤੀ ਦਾ) ਟਿਕਾਣਾ ਪ੍ਰਾਪਤ ਨਹੀਂ ਕਰ ਸਕਦੀ।੩।

ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮੁ ਅਪਾਰਾ ॥ ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥ ਅਵਗਣ ਬਖਸਣ ਹਾਰਾ ਕਾਮਣਿ ਕੰਤੁ ਪਿਆਰਾ, ਘਟਿ ਘਟਿ ਰਹਿਆ ਸਮਾਈ ॥ ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ, ਸਤਿਗੁਰਿ ਬੂਝ ਬੁਝਾਈ ॥ ਸਦਾ ਅਨੰਦਿ ਰਹੈ ਦਿਨ ਰਾਤੀ, ਅਨਦਿਨੁ ਰਹੈ ਲਿਵ ਲਾਈ ॥ ਨਾਨਕ ਸਹਜੇ ਹਰਿ ਵਰੁ ਪਾਇਆ, ਸਾ ਧਨ ਨਉ ਨਿਧਿ ਪਾਈ ॥੪॥੩॥ ਪ੍ਰਭੂ ਪਤੀ (ਮਨ, ਬਾਣੀ ਤੇ ਇਦ੍ਰੀਆਂ ਦੀ) ਪਹੁੰਚ ਤੋਂ ਪਰੇ ਅਤੇ ਪਾਰ ਰਹਿਤ ਹੈ, (ਪਰ) ਜੀਵ ਇਸਤ੍ਰੀ ਅਣਜਾਣ, ਭੋਲੀ (ਸਿੱਧਰੀ) ਤੇ ਗੁਣ ਹੀਣ ਹੈ (ਆਪਸ ਵਿਚ ਮੇਲ ਕਿਵੇਂ ਹੋਵੇ?)।ਆਪੇ (ਪ੍ਰਭੂ ਪਤੀ ਜਿਸ ਜੀਵ ਇਸਤ੍ਰੀ ਨੂੰ ਸਤਿਗੁਰੂ ਦੇ) ਮੇਲ ਭਾਵ ਸਤ ਸੰਗਤ

All Rights Reserved by Harjinder Singh Gyani | www.GuruGranthVakhyaan.org

ਵਿਚ ਮਿਲਾਉਂਦਾ ਹੈ (ਉਸ ਦੇ ਔਗਣ) ਆਪੇ ਬਖਸਣ ਵਾਲਾ ਹੈ। ਪਿਆਰਾ ਪ੍ਰਭੂ ਪਤੀ ਜੀਵ ਇਸਤ੍ਰੀ ਦੇ ਔਗੁਣ ਬਖਸ਼ਣ ਵਾਲਾ ਹੈ; ਜੀਵ ਇਸਤ੍ਰੀ ਨੂੰ ਔਗੁਣ ਬਖਸ਼ਣ ਵਾਲਾ ਪ੍ਰਭੂ ਪਤੀ ਪਿਆਰਾ ਲਗਦਾ ਹੈ, (ਉਹ ਪ੍ਰਭੂ ਪਤੀ) ਘਟ ਘਟ ਵਿਚ ਸਮਾ ਰਿਹਾ ਹੈ (ਇਸ ਕਰਕੇ ਸਭ ਦੇ ਔਗੁਣ ਜਾਣਦਾ ਹੈ)। ਸਤਗੁਰੂ ਨੇ ਇਹ ਸਮਝ ਬੁਝਾ ਦਿਤੀ ਹੈ ਕਿ (ਪ੍ਰਭੂ ਪਤੀ) ਤਨ ਦੇ ਪ੍ਰੇਮ, ਬਾਣੀ ਦੀ ਪ੍ਰੀਤ ਤੇ ਹਿਰਦੇ ਦੀ ਪ੍ਰੇਮਾ ਭਗਤੀ ਨਾਲ ਪਾਇਆ ਜਾਂਦਾ ਹੈ। (ਜਿਹੜੀ ਜੀਵ ਇਸਤ੍ਰੀ ਪ੍ਰਭੂ ਪਤੀ ਵਿਚ) ਹਰ ਰੋਜ ਲਿਵ ਲਾਈ ਰਖਦੀ ਹੈ, (ਉਹ) ਸਦਾ ਅਨੰਦ ਵਿਚ ਰਹਿੰਦੀ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਅਜੇਹੀ) ਜੀਵ ਇਸਤ੍ਰੀ ਨੇ ਨੌ ਨਿਧੀਆਂ ਪ੍ਰਾਪਤ ਕਰ ਲਈਆਂ ਹਨ ਅਤੇ ਸੁਤੇ ਸਿੱਧ ਹੀ ਹਰੀ ਰੂਪ ਪਤੀ ਨੂੰ ਪਾ ਲਿਆ ਹੈ।੪।੩।

ਪਦਾਰਥ = ਕਰੇ-ਕਰਕੇ। ਬਿਨਉ-ਬੇਨਤੀ। ਸਚਿ-ਸੱਚੇ ਨਾਮ ਨਾਲ। ਸੀਗਾਰੇ-ਸ਼ਿੰਗਾਰ ਕੇ। ਸਵਾਰੇ-ਸੁਆਰਦੀ ਹੈ। ਬੂਝੈ-ਸਮਝਦੀ ਹੈ। ਕਾਮਿ-ਕਾਮ ਵਿਚ। ਵਿਆਪੀ-ਫਸੀ ਹੋਈ। ਮੋਹਿ-ਮੋਹ ਵਿਚ। ਸੰਤਾਪੀ-ਦੁਖੀ।੩। ਮੁੰਧ-ਇਸਤ੍ਰੀ। ਇਆਣੀ-(ਪਤੀ ਪ੍ਰਾਪਤੀ ਦੇ ਤਰੀਕੇ ਤੋਂ) ਅਣਜਾਣ। ਨਿਗੁਣੀਆ-ਗੁਣ ਹੀਣ। ਅਗਮ-ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਅਪਾਰਾ-ਪਾਰ ਰਹਿਤ; ਬੇਅੰਤ। ਰਹਿਆ ਸਮਾਈ-ਸਮਾ ਰਿਹਾ ਹੈ। ਭਾਇ ਭਗਤੀ-ਪ੍ਰੇਮਾ ਭਗਤੀ। ਵਰੁ-ਪਤੀ। ਨਉ ਨਿਧਿ-ਦੁਨੀਆਂ ਦੇ ਸਾਰੇ ਖਜਾਨੇ।੪।੩।

ਗਉੜੀ ਮਹਲਾ ੩ ॥ ਮਾਇਆ ਸਰੁ ਸਬਲੁ ਵਰਤੈ ਜੀਉ ,ਕਿਉ ਕਰਿ ਦੁਤਰੁ ਤਰਿਆ ਜਾਇ ॥ ਰਾਮ ਨਾਮੁ ਕਰਿ ਬੋਹਿਥਾ ਜੀਉ ,ਸਬਦੁ ਖੇਵਟੁ ਵਿਚਿ ਪਾਏ ॥ ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ, ਇਨ ਬਿਧਿ ਦੁਤਰੁ ਤਰੀਐ ॥ ਗੁਰਮੁਖਿ ਭਗਤਿ ਪਰਾਪਤਿ ਹੋਵੈ, ਜੀਵਤਿਆ ਇਉ ਮਰੀਐ ॥ ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ, ਭਏ ਪਵਿਤੁ ਸਰੀਰਾ ॥ ਨਾਨਕ ਰਾਮ ਨਾਮਿ ਨਿਸਤਾਰਾ, ਕੰਚਨ ਭਏ ਮਨੂਰਾ ॥੧॥(ਪ੍ਰਸ਼ਨ) ਮਾਇਆ ਸਮੁੰਦਰ ਵਾਂਗ ਵਿਸ਼ਾਲ ਹੈ, ਬਲ ਸਹਿਤ (ਜਗਤ ਵਿਚ) ਵਰਤ ਰਹੀ ਹੈ ਜੀ, (ਜਿਸ ਵਿਚ ਕਾਮਾਦਿਕ ਦੀਆਂ ਲਹਿਰਾਂ ਹਨ, ਇਸ) ਔਖੇ ਤਰੇ ਜਾਣ ਵਾਲੇ ਸਮੁੰਦਰ ਨੂੰ ਕਿਵੇਂ ਤਰਿਆ ਜਾਵੇ? (ਉਤਰ) ਰਾਮ ਦੇ ਨਾਮ ਨੂੰ ਜਹਾਜ ਬਣਾ ਅਤੇ (ਗੁਰੂ ਦੇ) ਸ਼ਬਦ ਨੂੰ (ਜਹਾਜ) ਵਿਚ ਮਲਾਹ (ਬਣਾ ਕੇ) ਪਾ ਲਵੋ। (ਜਦ ਜਹਾਜ) ਵਿਚ ਸ਼ਬਦ ਰੂਪ ਮਲਾਹ ਪਾ ਲਵੇਂਗਾ ਤਾਂ ਹਰੀ ਆਪ ਪਾਰ ਲੰਘਾ ਦੇਵੇਗਾ, ਇਸ ਤਰੀਕੇ ਨਾਲ ਔਖਾ ਤਰਿਆ ਜਾਣ ਵਾਲਾ ਸਮੁੰਦਰ ਤਰਿਆ ਜਾਂਦਾ ਹੈ। ਗੁਰੂ ਦੁਆਰਾ ਭਗਤੀ ਪ੍ਰਾਪਤ ਹੁੰਦੀ ਹੈ, ਇਉਂ ਜਿਉਂਦਿਆਂ ਮਰ ਜਾਈਦਾ (ਮਾਇਆਂ ਤੋਂ ਮੁਕਤ ਹੋਈਦਾ) ਹੈ। ਰਾਮ ਦੇ ਨਾਮ ਨਾਲ ਇਕ ਖਿਨ ਵਿਚ ਸਾਰੇ ਪਾਪ ਕੱਟੇ ਜਾਂਦੇ ਹਨ ਤੇ ਸਰੀਰ ਪਵਿਤ੍ਰ ਹੋ ਜਾਂਦਾ ਹੈ। ਹੇ ਨਾਨਕ! ਰਾਮ ਦੇ ਨਾਮ ਨਾਲ ਨਿਸਤਾਰਾ ਹੋ ਜਾਂਦਾ ਹੈ, (ਜਿਵੇਂ ਪਾਰਸ ਦੀ ਛੋਹ ਨਾਲ) ਨਿਕੰਮਾ ਲੋਹਾ ਸੋਨਾ ਹੋ ਜਾਂਦਾ ਹੈ (ਬੁਰੇ ਮਨੁੱਖ ਵੀ ਪ੍ਰਭੂ ਦਾ ਨਾਮ ਜਪ ਕੇ ਚੰਗੇ ਬਣ ਜਾਂਦੇ ਹਨ)।੧।

ਅੰਗ ੨੪੬ = ਇਸਤਰੀ ਪੁਰਖੁ ਕਾਮਿ ਵਿਆਪੇ ਜੀਉ ,ਰਾਮ ਨਾਮ ਕੀ ਬਿਧਿ ਨਹੀ ਜਾਣੀ ॥ ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ,ਡੂਬਿ ਮੁਏ ਬਿਨੁ ਪਾਣੀ ॥ ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ, ਹਉਮੈ ਧਾਤੁ ਸੰਸਾਰੇ ॥ ਜੋ ਆਇਆ ਸੋ ਸਭੁ ਕੋ ਜਾਸੀ, ਉਬਰੇ ਗੁਰ ਵੀਚਾਰੇ ॥ ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ, ਆਪਿ ਤਰੈ ਕੁਲ ਤਾਰੇ ॥ ਨਾਨਕ ਨਾਮੁ ਵਸੈ ਘਟ ਅੰਤਰਿ, ਗੁਰਮਤਿ ਮਿਲੇ ਪਿਆਰੇ ॥੨॥ ਇਸਤਰੀ ਤੇ ਪੁਰਖ ਕਾਮ ਵਾਸਨਾ ਵਿਚ ਫਸੇ ਹੋਏ ਹਨ ਜੀ, ਪ੍ਰਮਾਤਮਾ ਦੇ ਨਾਮ ਸਿਮਰਨ ਦੀ ਵਿਧੀ ਕਿਸੇ ਨਹੀਂ ਜਾਣੀ। (ਸਭ ਨੂੰ) ਮਾਤਾ ਪਿਤਾ ਪੁਤ੍ਰ ਭਾਈ ਬਹੁਤ ਪਿਆਰੇ ਹਨ ਜੀ, ਇਸ ਮੋਹ ਮਾਇਆ ਦੇ ਸਮੁੰਦਰ ਵਿਚ (ਜੋ ਬਿਨ ਪਾਣੀ ਹੈ) ਡੁਬ ਮੋਏ ਹਨ (ਸ਼ਬਦਾਰਥ); ਸੰਸਾਰ ਸਮੁੰਦਰ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਗ ਮਿਥਿਆ ਹੈ, ਸੱਚ ਜਾਣ ਕੇ ਜੀਵ ਇਸ ਵਿਚ ਡੁਬ ਰਹੇ ਹਨ (ਫ.ਸ.) ਭਾਵ ਜਿਵੇਂ ਮ੍ਰਿਗ ਮਾਰੂ ਥਲ ਵਿਚ ਚਮਕਦੇ ਰੇਤ ਨੂੰ ਪਾਣੀ ਸਮਝ ਕੇ ਉਸ ਦੇ ਪਿੱਛੇ ਦੌੜਦਾ ਹੋਇਆ ਮਰ ਜਾਂਦਾ ਹੈ। ਜੀਵ ਵੀ ਇਸੇ ਤਰ੍ਹਾਂ ਮਾਇਆ ਤੇ ਪ੍ਰਵਾਰ ਦੇ ਮੋਹ ਵਿਚ ਮਗਨ ਹੋਇਆ ਮਰ ਜਾਂਦਾ ਹੈ। ਬਿਨਾ ਪਾਣੀ ਦੇ (ਮਾਇਆ ਦੇ ਸਮੁੰਦਰ ਵਿਚ ਜੀਵ) ਡੁਬ ਮਰੇ ਹਨ ਤੇ (ਮਾਇਆ ਦੇ ਸਮੁੰਦਰ ਤੋਂ ਪਾਰ ਹੋਣ ਦਾ) ਤਰੀਕਾ ਨਹੀਂ ਜਾਣਿਆ, ਸੰਸਾਰ ਵਿਚ ਹਉਮੈ ਦੀ ਦੌੜ ਲਗੀ ਹੋਈ ਹੈ ਭਾਵ ਹਉਮੈ ਕਰਕੇ ਦੌੜੇ ਫਿਰਦੇ ਹਨ। ਜਿਹੜਾ ਵੀ (ਸੰਸਾਰ ਵਿਚ ਜਨਮ ਲੈ ਕੇ) ਆਇਆ ਹੈ, ਉਹ ਸਭ ਕੋਈ (ਇਥੋਂ) ਚਲਾ ਜਾਵੇਗਾ ,(ਕੇਵਲ ਉਹ) ਬਚੇ ਹਨ (ਜਿਨ੍ਹਾਂ ਨੇ) ਗੁਰੂ ਦੇ ਸ਼ਬਦ ਨੂੰ ਵਿਚਾਰਿਆ ਹੈ। (ਜਿਹੜਾ) ਗੁਰਮੁਖ ਹੁੰਦਾ ਹੈ, ਉਹ ਰਾਮ ਦਾ ਨਾਮ ਉਚਾਰਦਾ ਹੈ, (ਅਜੇਹਾ ਗੁਰਮੁਖ) ਆਪ ਵੀ ਤਰ ਜਾਂਦਾ ਹੈ ਤੇ (ਅਪਣੀ) ਕੁਲ ਨੂੰ ਵੀ ਤਾਰ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸਦੇ) ਹਿਰਦੇ ਅੰਦਰ ਗੁਰੂ ਦੀ ਮੱਤ ਦੁਆਰਾ ਪ੍ਰਮਾਤਮਾ ਦਾ ਨਾਮ ਵਸ ਜਾਂਦਾ ਹੈ, (ਉਹ) ਪਿਆਰੇ ਪ੍ਰਭੂ ਮਿਲ ਪੈਂਦਾ ਹੈ।੨।

ਪਦਾਰਥ = ਸਰੁ-ਸਰੋਵਰ (ਸਮੁੰਦਰ)। ਸਬਲੁ-ਬਲ ਵਾਲਾ। ਦੁਤਰ-ਜਿਸ ਨੂੰ ਤਰਨਾ ਔਖਾ ਹੋਵੇ। ਬੋਹਿਥਾ-ਜਹਾਜ। ਖੇਵਟੁ-ਮਲਾਹ। ਇਨ ਬਿਧਿ-ਇਸ ਤਰੀਕੇ ਨਾਲ। ਇਉ-ਇਸ ਤਰ੍ਹਾਂ। ਰਾਮ-ਪ੍ਰਮਾਤਮਾ। ਕਿਲਵਿਖ-ਪਾਪ। ਮਨੂਰਾ-ਗਲਿਆ ਸੜਿਆ ਲੋਹਾ; ਮੈਲਾ ਮਨ ;ਅਨ ਅਧਿਕਾਰੀ ਮਨੁੱਖ (ਮ.ਕੋ.)। ਕੰਚਨ-ਸੋਨਾ।੧। ਕਾਮਿ-ਕਾਮ ਵਾਸ਼ਨਾ ਵਿਚ। ਵਿਆਪੇ-ਫਸੇ ਹੋਏ ਹਨ। ਬਿਧਿ-ਜੁਗਤੀ। ਸੁਤ-ਪੁਤ੍ਰ। ਖਰੇ-ਬਹੁਤ। ਮੁਏ-ਮਰ ਗਏ। ਗਤਿ-ਤਰੀਕਾ। ਧਾਤੁ-ਦੌੜ। ਸੰਸਾਰੇ-ਸੰਸਾਰ ਵਿਚ। ਸਭੁ ਕੋ-ਸਭ ਕੋਈ। ਜਾਸੀ-ਚਲਾ ਜਾਵੇਗਾ

All Rights Reserved by Harjinder Singh Gyani | www.GuruGranthVakhyaan.org

।ਉਬਰੇ–ਬਚ ਗਏ; ਤਰ ਗਏ।ਵਖਾਣੈ–ਉਚਾਰਦਾ ਹੈ।ਘਟ–ਹਿਰਦਾ।੨।
ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ,ਬਾਜੀ ਹੈ ਸੰਸਾਰਾ ॥ ਦ੍ਰਿੜੁ ਭਗਤਿ ਸਚੀ ਜੀਉ ,ਰਾਮੁ ਨਾਮੁ ਵਾਪਾਰਾ ॥ ਰਾਮੁ ਨਾਮੁ ਵਾਪਾਰਾ ਅਗਮ ਅਪਾਰਾ, ਗੁਰਮਤੀ ਧਨੁ ਪਾਈਐ ॥ ਸੇਵਾ ਸੁਰਤਿ ਭਗਤਿ ਇਹ ਸਾਚੀ, ਵਿਚਹੁ ਆਪੁ ਗਵਾਈਐ ॥ ਹਮ ਮਤਿ ਹੀਣ ਮੂਰਖ ਮੁਗਧ ਅੰਧੇ, ਸਤਿਗੁਰਿ ਮਾਰਗਿ ਪਾਏ ॥ ਨਾਨਕ ਗੁਰਮੁਖਿ ਸਬਦਿ ਸੁਹਾਵੇ, ਅਨਦਿਨੁ ਹਰਿ ਗੁਣ ਗਾਏ ॥੩॥ (ਹੇ ਭਾਈ!) ਪ੍ਰਭੂ ਤੇ ਉਸਦੇ ਨਾਮ ਤੋਂ ਬਿਨਾ ਕੋਈ ਵੀ ਸਥਿਰ ਨਹੀਂ, ਸੰਸਾਰ (ਬਾਜੀਗਰ ਦੇ) ਤਮਾਸ਼ੇ ਵਾਂਗ ਨਾਸ਼ਵੰਤ ਹੈ।(ਇਸ ਲਈ ਹੇ ਭਾਈ! ਤੂੰ) ਸੱਚੀ ਭਗਤੀ ਦ੍ਰਿੜ ਕਰ ਤੇ ਰਾਮ ਨਾਮ ਰੂਪ ਵਪਾਰ ਕਰ (ਆਪ ਜਪੇ ਤੇ ਹੋਰਨਾਂ ਨੂੰ ਜਪਾਵੇ)।ਅਪਹੁੰਚ ਤੇ ਪਾਰ ਰਹਿਤ ਰਾਮ ਹੈ, (ਉਸਦਾ) ਨਾਮ ਰੂਪ ਵਪਾਰ ਕਰੋ, (ਪਰ ਇਹ) ਧਨ ਗੁਰੂ ਦੀ ਸਿਖਿਆ ਨਾਲ ਪ੍ਰਾਪਤ ਹੁੰਦਾ ਹੈ।ਗੁਰੂ ਦੀ ਸੇਵਾ ਕਰਕੇ, ਪ੍ਰਭੂ ਵਿਚ ਸੁਰਤ ਜੋੜ ਕੇ ਆਪਾ ਭਾਵ ਗੁਆ ਦੇਈਏ, ਇਹੋ ਸੱਚੀ ਭਗਤੀ ਹੈ।ਅਸੀਂ ਮੱਤ ਦੇ ਹੀਣੇ, ਮੂਰਖ, ਮਹਾਂ ਮੂਰਖ ਤੇ ਅਗਿਆਨੀ ਸਾਂ, ਸਤਿਗੁਰੂ ਨੇ (ਸਾਨੂੰ ਧਰਮ ਦੇ) ਰਸਤੇ ਪਾ ਦਿਤਾ।ਨਾਨਕ ਗੁਰੂ ਜੀ ਆਖਦੇ ਹਨ (ਕਿ ਅਸੀਂ) ਗੁਰੂ ਸ਼ਬਦ ਦੁਆਰਾ ਸੋਹਣੇ ਜੀਵਨ ਵਾਲੇ ਬਣ ਗਏ ਹਾਂ ਅਤੇ ਹਰ ਰੋਜ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਾਂ।੩।
ਆਪਿ ਕਰਾਏ ਕਰੇ ਆਪਿ ਜੀਉ ,ਆਪੇ ਸਬਦਿ ਸਵਾਰੇ ॥ ਆਪੇ ਸਤਿਗੁਰ ਆਪਿ ਸਬਦੁ ਜੀਉ ,ਜੁਗੁ ਜੁਗੁ ਭਗਤ ਪਿਆਰੇ ॥ ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ, ਆਪੇ ਭਗਤੀ ਲਾਏ ॥ ਆਪੇ ਦਾਨਾ ਆਪੇ ਬੀਨਾ, ਆਪੇ ਸੇਵ ਕਰਾਏ ॥ ਆਪੇ ਗੁਣ ਦਾਤਾ ਅਵਗੁਣ ਕਾਟੇ, ਹਿਰਦੈ ਨਾਮੁ ਵਸਾਏ ॥ ਨਾਨਕ ਸਦ ਬਲਿਹਾਰੀ ਸਚੇ ਵਿਟਹੁ ,ਆਪੇ ਕਰੇ ਕਰਾਏ ॥੪॥੪॥ (ਪ੍ਰਮਾਤਮਾ ਸਭ ਕੁਛ) ਆਪ ਹੀ ਕਰਦਾ ਹੈ ਅਤੇ ਆਪ ਹੀ (ਜੀਵ ਦੇ ਅੰਦਰ ਹੋਣ ਕਰਕੇ) ਕਰਦਾ ਹੈ ਜੀ; ਜੀਵਾਂ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਜੀਵਾਂ ਤੋਂ ਕਰਮ ਕਰਾਉਂਦਾ ਹੈ (ਸੰ.ਸ.; ਫ.ਸ.), ਆਪੇ ਸ਼ਬਦ ਦੁਆਰਾ ਸੁਧਾਰਦਾ ਹੈ।(ਪ੍ਰਭੂ) ਆਪੇ ਸਤਿਗੁਰੂ ਰੂਪ ਹੈ ਤੇ ਆਪ ਹੀ ਸ਼ਬਦ ਰੂਪ ਹੈ ਜੀ, ਹਰੇਕ ਜੁਗ ਤੋਂ (ਉਸ ਨੂੰ) ਭਗਤ ਪਿਆਰੇ ਹਨ।ਹਰੇਕ ਜੁਗ ਤੋਂ (ਪ੍ਰਭੂ ਨੂੰ) ਭਗਤ ਪਿਆਰੇ ਹਨ, ਹਰੀ ਆਪ ਹੀ (ਭਗਤਾਂ ਨੂੰ) ਸੁਆਰਦਾ ਹੈ ਅਤੇ ਆਪ ਹੀ ਭਗਤੀ ਵਿਚ ਲਾਉਂਦਾ ਆਇਆ ਹੈ।(ਉਹ ਪ੍ਰਭੂ) ਆਪ ਹੀ (ਸਭ ਦੇ ਦਿਲਾਂ ਦੀ) ਜਾਨਣ ਵਾਲਾ ਹੈ ਤੇ ਆਪ ਹੀ (ਸਭ ਦੇ ਕਰਮ) ਵੇਖਣ ਵਾਲਾ ਹੈ ਅਤੇ ਆਪ ਹੀ (ਸੇਵਕਾਂ ਤੋਂ) ਸੇਵਾ ਕਰਾਉਂਦਾ ਹੈ।ਆਪੇ ਗੁਣਾਂ ਦਾ ਦਾਤਾ ਹੈ, (ਸੇਵਕਾਂ ਦੇ) ਹਿਰਦੇ ਵਿਚ ਨਾਮ ਵਸਾ ਕੇ (ਸੇਵਕਾਂ ਦੇ) ਔਗੁਣ ਕਟਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸੱਚੇ ਪ੍ਰਭੂ ਤੋਂ ਸਦਾ ਕੁਰਬਾਨ ਜਾਂਦਾ ਹਾਂ, (ਜੋ ਸਭ ਕੁਛ) ਆਪੇ ਕਰਦਾ ਤੇ (ਜੀਵਾਂ ਤੋਂ ਕਰਮ) ਕਰਵਾਉਂਦਾ ਹੈ।੪।੪।
ਪਦਾਰਥ = ਕੋ–ਕੋਈ ਵੀ।ਥਿਰੁ–ਅਚੱਲ; ਅਟੱਲ।ਬਾਜੀ–ਤਮਾਸ਼ਾ; ਖੇਡ।ਦ੍ਰਿੜੁ–ਪੱਕੀ ਕਰ।ਅਗਮ–ਅਪਹੁੰਚ।ਅਪਾਰਾ–ਬੇਅੰਤ; ਪਾਰ ਰਹਿਤ।ਆਪੁ–ਆਪਾ ਭਾਵ।ਮੁਗਧ–ਮਹਾਂ ਮੂਰਖ।ਸੁਹਾਵੇ–ਸੋਹਣੇ।ਅਨਦਿਨੁ–ਹਰ ਰੋਜ।੩।ਕਰੇ–ਪੈਦਾ ਕਰਦਾ ਹੈ।ਕਰਾਏ–(ਜੀਵਾਂ ਤੋਂ ਕਰਮ) ਕਰਾਉਂਦਾ ਹੈ।ਸਵਾਰੇ–ਸੁਆਰਦਾ ਹੈ।ਜੁਗੁ ਜੁਗੁ–ਹਰੇਕ ਜੁਗ ਵਿਚ (ਦਰਪਣ)।ਦਾਨਾ–ਸਿਆਣਾ; ਜਾਨਣ ਵਾਲਾ।ਬੀਨਾ–ਦੇਖਣ ਵਾਲਾ।ਸਦ–ਸਦਾ।ਬਲਿਹਾਰੀ–ਕੁਰਬਾਨ ਜਾਂਦਾ ਹਾਂ।ਵਿਟਹੁ–ਤੋਂ।੪।੪।
ਗਉੜੀ ਮਹਲਾ ੩ ॥ ਗੁਰ ਕੀ ਸੇਵਾ ਕਰਿ ਪਿਰਾ ਜੀਉ ,ਹਰਿ ਨਾਮੁ ਧਿਆਏ ॥ ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ,ਘਰਿ ਬੈਠਿਆ ਹਰਿ ਪਾਏ ॥ ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ, ਸਹਜੇ ਸਤਿ ਸੁਭਾਏ ॥ ਗੁਰ ਕੀ ਸੇਵਾ ਖਰੀ ਸੁਖਾਲੀ, ਜਿਸ ਨੋ ਆਪਿ ਕਰਾਏ ॥ ਨਾਮੋ ਬੀਜੇ ਨਾਮੋ ਜੰਮੈ, ਨਾਮੋ ਮੰਨਿ ਵਸਾਏ ॥ ਨਾਨਕ ਸਚਿ ਨਾਮਿ ਵਡਿਆਈ, ਪੂਰਬਿ ਲਿਖਿਆ ਪਾਏ ॥੧॥ (ਉਤਮ ਬੁੱਧੀ ਜੀਵਾਤਮਾ ਨੂੰ ਪਤੀ ਜਾਣ ਕੇ ਉਪਦੇਸ਼ ਦਿੰਦੀ ਹੈ) ਹੇ ਪਿਆਰੇ ਜੀਵ! ਗੁਰੂ ਦੀ ਸੇਵਾ ਕਰ ਅਤੇ ਹਰੀ ਦਾ ਨਾਮ ਸਿਮਰ।ਹੇ ਪਿਆਰੇ ਜੀਵ! ਮੈਥੋਂ ਦੂਰ ਨਾ ਜਾਹ (ਬਿਰਤੀ ਅੰਤਰ ਮੁਖੀ ਕਰ, ਕੁਬੁੱਧੀ ਵਿਚ ਨਾ ਫਸ), ਘਰ ਵਿਚ ਬੈਠਿਆਂ ਹੀ ਹਰੀ ਨੂੰ ਪਾ ਲਵੇਂਗਾ।ਘਰੇ ਬੈਠਿਆਂ ਹਰੀ ਨੂੰ ਪਾ ਲਵੇਂਗਾ, ਜੇ ਸਹਜੇ ਹੀ ਸੱਚੀ ਤੇ ਸ਼ੁੱਭ ਭਾਵਨਾ ਨਾਲ ਹਰੀ ਵਿਚ ਚਿਤ ਜੋੜ ਲਵੇਂ।ਗੁਰੂ ਦੀ ਸੇਵਾ ਬਹੁਤ ਸੁਖ ਦੇਣ ਵਾਲੀ ਹੈ, (ਪਰ ਸੇਵਾ ਕਰਦਾ ਉਹ ਹੀ ਹੈ) ਜਿਸ ਤੋਂ ਪ੍ਰਭੂ ਆਪ ਕਰਾਵੇ।(ਫਿਰ ਉਹ ਮਨੁੱਖ ਅਪਣੇ ਹਿਰਦੇ ਖੇਤ ਵਿਚ) ਨਾਮ ਹੀ ਬੀਜਦਾ ਹੈ, (ਉਥੇ) ਨਾਮ ਹੀ ਉਗਦਾ ਹੈ ਅਤੇ ਨਾਮ ਨੂੰ ਹੀ ਹਿਰਦੇ ਵਿਚ ਵਸਾਉਂਦਾ ਹੈ।ਹੇ ਨਾਨਕ! ਸੱਚੇ ਨਾਮ ਦੁਆਰਾ (ਮਨੁੱਖ ਨੂੰ) ਵਡਿਆਈ ਮਿਲਦੀ ਹੈ, (ਪਰ ਇਹ ਸਭ) ਤਾਂ ਹੀ ਪ੍ਰਾਪਤ ਹੁੰਦਾ ਹੈ, ਜੇ ਪਹਿਲਾਂ ਤੋਂ ਲੇਖ ਲਿਖਿਆ ਹੋਵੇ।੧।
ਹਰਿ ਕਾ ਨਾਮੁ ਮੀਠਾ ਪਿਰਾ ਜੀਉ ,ਜਾ ਚਾਖਹਿ ਚਿਤੁ ਲਾਏ ॥ ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ,ਅਨ ਰਸ ਸਾਦ ਗਵਾਏ ॥ ਸਦਾ ਹਰਿ ਰਸੁ ਪਾਏ ਜਾ ਹਰਿ ਭਾਏ, ਰਸਨਾ ਸਬਦਿ ਸੁਹਾਏ ॥ ਨਾਮੁ ਧਿਆਏ ਸਦਾ ਸੁਖੁ ਪਾਏ, ਨਾਮਿ ਰਹੈ ਲਿਵ ਲਾਏ ॥ ਨਾਮੇ ਉਪਜੈ ਨਾਮੇ ਬਿਨਸੈ, ਨਾਮੇ ਸਚਿ ਸਮਾਏ ॥ ਨਾਨਕ ਨਾਮੁ ਗੁਰਮਤੀ ਪਾਈਐ, ਆਪੇ ਲਏ ਲਵਾਏ ॥੨॥ ਹੇ ਪਿਆਰੇ ਜੀਵ! ਹਰੀ ਦਾ ਨਾਮ (ਸਾਰੇ ਰਸਾਂ ਨਾਲੋਂ) ਮਿੱਠਾ ਹੈ, (ਪਰ ਤੂੰ) ਜੇ ਚਿਤ ਲਾ ਕੇ ਖਾਵੇਂ (ਜਪੇਂ ਤਾਂ ਹੀ ਇਸਦੇ ਅਨੰਦ ਦਾ ਪਤਾ ਲਗੇਗਾ)।ਹੇ ਪਿਆਰੇ ਜੀਵ!

All Rights Reserved by Harjinder Singh Gyani | www.GuruGranthVakhyaan.org

ਹੋਰ ਰਸਾਂ ਦੇ ਸੁਆਦ ਗੁਆ ਕੇ ਜੀਭ ਨਾਲ ਹਰੀ ਦਾ ਨਾਮ ਰਸ ਛਕ (ਜਪ)। ਜਦ ਹਰੀ ਨੂੰ ਚੰਗਾ ਲਗੇ ਤਾਂ ਹਰਿ ਰਸ ਸਦਾ ਲਈ ਪ੍ਰਾਪਤ ਹੋ ਜਾਂਦਾ ਹੈ ਤੇ ਰਸਨਾ ਸ਼ਬਦ ਦੁਆਰਾ ਸੋਭਨੀਕ ਹੋ ਜਾਂਦੀ ਹੈ। (ਜਿਹੜਾ ਮਨੁੱਖ) ਨਾਮ ਧਿਆਉਂਦਾ ਹੈ ਤੇ ਨਾਮ ਵਿਚ ਲਿਵ ਲਾਈ ਰਖਦਾ ਹੈ, ਉਹ ਸਦਾ ਸੁਖ ਪਾਉਂਦਾ ਹੈ। ਨਾਮ ਦੁਆਰਾ (ਜਗਤ; ਮਨੁੱਖ) ਪੈਦਾ ਹੁੰਦਾ ਹੈ, ਨਾਮ ਦੁਆਰਾ ਹੀ ਬਿਨਸਦਾ ਹੈ ਤੇ ਨਾਮ ਦੁਆਰਾ ਹੀ ਸੱਚ ਸਰੂਪ ਵਿਚ ਲੀਨ ਹੋ ਜਾਂਦਾ ਹੈ; ਨਾਮ ਦੁਆਰਾ (ਸ਼ੁੱਭ ਗੁਣ) ਉਪਜਦੇ ਹਨ, ਨਾਮ ਦੁਆਰਾ (ਔਗੁਣ) ਬਿਨਸਦੇ ਹਨ ਤੇ ਨਾਮ ਦੁਆਰਾ ਹੀ (ਮਨੁੱਖ) ਸੱਚ ਸਰੂਪ ਵਿਚ ਸਮਾ ਜਾਂਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, ਨਾਮ ਗੁਰੂ ਦੀ ਸਿਖਿਆ ਦੁਆਰਾ ਪ੍ਰਾਪਤ ਹੁੰਦਾ ਹੈ, (ਪ੍ਰਭੂ) ਆਪ ਨਾਮ ਜਪਾਉਂਦਾ ਹੈ ਤੇ ਆਪ ਹੀ ਜੀਵ ਰੂਪ ਹੋ ਕੇ ਜਪਦਾ ਹੈ।੨।

ਪਦਾਰਥ = ਪਿਰਾ–(ਬੁੱਧੀ ਦਾ) ਮਾਲਕ ਜੀਵਾਤਮਾ। ਪਿਰਾ ਜੀਉ–ਹੇ ਪਿਆਰੇ ਜੀਵ। ਮੰਞਹੁ–ਮੈਥੋਂ। ਘਰਿ–ਹਿਰਦੇ ਘਰ ਵਿਚ। ਸਹਜੇ ਸਤਿ ਸੁਭਾਏ–ਸਹਜੇ ਹੀ ਸਚੇ ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ; ਸੁਤੇ ਸਿੱਧ ਸੱਚੀ ਤੇ ਸ਼ੁੱਭ ਭਾਵਨਾ ਨਾਲ। ਖਰੀ–ਬਹੁਤ। ਸੁਖਾਲੀ–ਸੁੱਖ ਦੇਣ ਵਾਲੀ। ਮੰਨਿ–ਮਨ ਵਿਚ। ਪੂਰਬਿ–ਪਹਿਲੇ ਜਨਮ ਤੋਂ; ਰੱਬ ਦੀ ਹਜੂਰੀ ਤੋਂ।੧। ਜਾ–ਜਦੋਂ। ਚਾਖਹਿ–ਖਾਏਂਗਾ (ਜਪੇਂਗਾ)। ਲਾਏ–ਲਾ ਕੇ। ਮੁਯੇ–ਹੇ ਮਰੀ ਹੋਈਏ !; ਅਗਿਆਨ ਦਸ਼ਾ ਵਾਲੀਏ (ਮ.ਕੋ.) ;ਹੇ ਪਿਆਰੇ (ਬਾਂਗਰ ਦੀ ਬੋਲੀ–ਫ.ਸ.;ਸੰ.ਸ.)। ਅਨ ਰਸ–ਹੋਰ ਰਸਾਂ ਦੇ। ਸਾਦ–ਸੁਆਦ। ਗਵਾਏ–ਦੂਰ ਕਰਕੇ। ਭਾਏ–ਚੰਗਾ ਲੱਗੇ। ਸੁਹਾਏ–ਸੋਭਨੀਕ; ਸੋਹਣੀ। ਬਿਨਸੈ–ਨਾਸ਼ ਹੁੰਦਾ ਹੈ। ਸਚਿ ਸਮਾਏ–ਸੱਚ ਵਿਚ ਲੀਨ ਹੁੰਦਾ ਹੈ। ਗੁਰਮਤੀ–ਗੁਰੂ ਦੀ ਮੱਤ ਦੁਆਰਾ। ਲਏ–ਲੈਂਦਾ (ਜਪਦਾ) ਹੈ। ਲਵਾਏ–ਜਪਾਉਂਦਾ ਹੈ।੨।

ਏਹ ਵਿਡਾਣੀ ਚਾਕਰੀ ਪਿਰਾ ਜੀਉ ,ਧਨ ਛੋਡਿ ਪਰਦੇਸਿ ਸਿਧਾਏ ॥ ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਓ ,ਬਿਖਿਆ ਲੋਭਿ ਲੁਭਾਏ ॥ ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ, ਓਹੁ ਕਿਉ ਕਰਿ ਸੁਖੁ ਪਾਏ ॥ ਚਾਕਰੀ ਵਿਡਾਣੀ ਖਰੀ ਦੁਖਾਲੀ, ਆਪੁ ਵੇਚਿ ਧਰਮੁ ਗਵਾਏ ॥ ਮਾਇਆ ਬੰਧਨ ਟਿਕੈ ਨਾਹੀ, ਖਿਨੁ ਖਿਨੁ ਦੁਖੁ ਸੰਤਾਏ ॥ ਨਾਨਕ ਮਾਇਆ ਕਾ ਦੁਖੁ ਤਦੇ ਚੂਕੈ, ਜਾ ਗੁਰ ਸਬਦੀ ਚਿਤੁ ਲਾਏ ॥੩॥ ਹੇ ਜੀਵ ! ਇਹ ਪਰਾਈ ਨੌਕਰੀ ਕਰਨੀ (ਚੰਗੀ ਨਹੀਂ, ਤੂੰ ਅਪਨਾ ਘਰ ਬਾਰ ਤੇ) ਇਸਤ੍ਰੀ ਛਡ ਕੇ ਪਰਦੇਸ ਚਲਾ ਜਾਂਦਾ ਹੈਂ (ਇਹ ਦੁਖ ਦਾਈ ਹੈ ਭਾਵ ਬੁਹਰ ਮੁਖੀ ਹੋ ਕੇ ਦੇਵ ਪੂਜਾ ਤੇ ਹੋਰ ਕਰਮ ਕਾਂਡ ਵਿਚ ਲਗਦਾ ਹੈਂ; ਜੀਵ ਇਸਤ੍ਰੀ ਅਪਨਾ ਆਤਮਕ ਟਿਕਾਣਾ ਛਡ ਕੇ ਬਾਹਰ ਭਟਕਦੀ ਫਿਰਦੀ ਹੈ)। ਹੇ ਜੀਵ ! ਦੁਐਤ ਭਾਵ ਵਿਚ ਲੱਗ ਕੇ ਕਿਸੇ (ਮਨੁੱਖ) ਨੇ ਸੁਖ ਨਹੀਂ ਪਾਇਆ, (ਸਗੋਂ ਉਹ) ਮਾਇਆ ਦੇ ਲੋਭ ਵਿਚ ਲੁਭਾਇਮਾਨ ਹੋਇਆ ਫਿਰਦਾ ਹੈ। ਮਾਇਆ ਦੇ ਲੋਭ ਵਿਚ ਲੁਭਾਇਮਾਨ ਹੋ ਕੇ (ਜਿਹੜਾ ਮਨੁੱਖ) ਭਰਮ ਵਿਚ ਭੁੱਲਾ ਹੋਇਆ ਹੈ, ਉਹ ਸੁਖ ਕਿਵੇਂ ਪਾ ਸਕਦਾ ਹੈ ? ਪਰਾਈ ਨੌਕਰੀ (ਪ੍ਰਭੂ ਨੂੰ ਛਡ ਕੇ ਹੋਰਨਾਂ ਦੇਵੀ ਦੇਵਤਿਆਂ ਦੀ ਪੂਜਾ) ਬਹੁਤ ਦੁਖ ਦਾਈ ਹੈ, (ਜਿਸ ਵਿਚ ਮਨੁੱਖ) ਆਪਣਾ ਆਪ ਵੇਚ ਕੇ ਧਰਮ ਗੁਆ ਲੈਂਦਾ ਹੈ (ਪਰਾਏ ਅਧੀਨ ਹੋ ਕੇ ਧਰਮ ਵਿਰੁੱਧ ਕੰਮ ਕਰਦਾ ਹੈ)। ਮਾਇਆ ਦੇ ਬੰਧਨਾਂ ਕਰਕੇ (ਮਨੁੱਖ ਦਾ ਮਨ) ਟਿਕਦਾ ਨਹੀਂ ,(ਇਸ ਨੂੰ) ਪਲ ਪਲ ਦੁਖ ਸਤਾਉਂਦਾ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਮਾਇਆ ਦਾ ਦੁਖ ਤਦ ਹੀ ਦੂਰ ਹੁੰਦਾ ਹੈ, ਜਦ (ਮਨੁੱਖ) ਗੁਰੂ ਦੇ ਸ਼ਬਦ ਵਿਚ ਚਿਤ ਜੋੜਦਾ ਹੈ।੩।

ਅੰਗ ੨੪੭ = ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ,ਸਬਦੁ ਮਨਿ ਨ ਵਸਾਏ ॥ ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ,ਹਰਿ ਮਾਰਗੁ ਕਿਉ ਪਾਏ ॥ ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ, ਮਨਮੁਖਿ ਆਪੁ ਗਣਾਏ ॥ ਹਰਿ ਕੇ ਚਾਕਰ ਸਦਾ ਸੁਹੇਲੇ, ਗੁਰ ਚਰਣੀ ਚਿਤੁ ਲਾਏ ॥ ਜਿਸ ਨੋ ਹਰਿ ਜੀਉ ਕਰੇ ਕਿਰਪਾ, ਸਦਾ ਹਰਿ ਕੇ ਗੁਣ ਗਾਏ ॥ ਨਾਨਕ ਨਾਮੁ ਰਤਨੁ ਜਗਿ ਲਾਹਾ, ਗੁਰਮੁਖਿ ਆਪਿ ਬੁਝਾਏ ॥੪॥੫॥੭॥ ਜੇ ਜੀਵ ! (ਜਿਹੜਾ ਮਨੁੱਖ) ਮਨ ਵਿਚ ਗੁਰੂ ਦਾ ਸ਼ਬਦ ਨਹੀਂ ਵਸਾਉਂਦਾ, (ਉਹ) ਮਨਮੁਖ ਹੈ, ਮੂਰਖ ਹੈ, ਗਵਾਰ ਹੈ। ਹੇ ਪਿਆਰੇ ਜੀਵ ! ਮਾਇਆ ਦਾ ਭਰਮ ਅੰਨ੍ਹਾ ਕਰ ਦੇਣ ਵਾਲਾ ਹੈ, ਹਰੀ (ਨੂੰ ਮਿਲਣ ਦਾ) ਰਸਤਾ ਕਿਵੇਂ ਪਾ ਸਕਦਾ ਹੈ ? ਸਤਿਗੁਰੂ ਨੂੰ ਪਸੰਦ ਆਏ ਬਿਨਾ (ਹਰੀ ਮਿਲਾਪ ਦਾ) ਰਸਤਾ ਕਿਵੇਂ ਪਾ ਸਕਦਾ ਹੈ ? (ਕਿਉਂਕਿ ਉਹ) ਆਪਣੇ ਆਪ ਨੂੰ ਵੱਡਾ ਗਿਣਾਉਂਦਾ ਹੈ। ਹਰੀ ਦੇ ਸੇਵਕ ਸਦ ਹੀ ਸੁਖੀ ਰਹਿੰਦੇ ਹਨ, (ਕਿਉਂਕਿ ਉਹ) ਗੁਰੂ ਦੇ ਚਰਨਾਂ ਵਿਚ ਚਿਤ ਜੋੜਦੇ ਹਨ। ਜਿਸ (ਦਾਸ) ਉਤੇ ਹਰਿ ਜੀ ਕਿਰਪਾ ਕਰਦੇ ਹਨ, ਉਹ ਸਦਾ ਹਰੀ ਦੇ ਗੁਣ ਗਾਉਂਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਨਾਮ ਰਤਨ ਪਰਾਪਤ ਕਰਨਾ ਜਗਤ ਵਿਚ (ਅਸਲੀ) ਲਾਭ ਹੈ, (ਪਰ ਇਹ ਗਲ) ਗੁਰੂ ਦੁਆਰਾ ਹਰੀ ਆਪ ਹੀ ਸਮਝਾਉਂਦਾ ਹੈ।੪।੫।੭।

ਪਦਾਰਥ = ਵਿਡਾਣੀ–ਬਿਗਾਨੀ। ਚਾਕਰੀ–ਨੌਕਰੀ। ਧਨ–ਇਸਤ੍ਰੀ। ਪਰਦੇਸਿ–ਬਿਗਾਨੇ ਦੇਸ਼ ਵਿਚ (ਅਪਣਾ ਆਤਮਕ ਟਿਕਾਣਾ ਛਡ ਕੇ) ਥਾਂ ਥਾਂ। ਦੂਜੈ–ਦੁਐਤ ਭਾਵ। ਬਿਖਿਆ–ਵਿਹੁ ਰੂਪ ਮਾਇਆ। ਦੁਖਾਲੀ–ਦੁਖ ਦਾਈ। ਆਪੁ–ਆਪਣਾ ਆਪ। ਚੂਕੈ–ਦੂਰ ਹੁੰਦਾ ਹੈ। ੩। ਮੁਗਧ–ਮੂਰਖ। ਗਾਵਾਰ–ਉਜੱਡ; ਬੇਸਮਝ। ਅੰਧੁ–ਅੰਨ੍ਹਾ। ਆਪੁ–ਅਪਣੇ ਆਪ ਨੂੰ। ਗਣਾਏ–ਵਡਾ ਗਿਣਾਉਂਦਾ (ਪ੍ਰਗਟ ਕਰਦਾ) ਹੈ। ਚਾਕਰ–ਸੇਵਕ। ਸੁਹੇਲੇ–ਸੁਖੀ। ਜਿਸ ਨੋ–ਜਿਸ ਉਤੇ। ਜਗਿ–ਜਗਤ ਵਿਚ। ਲਾਹਾ–ਲਾਭ। ਆਪਿ–ਪ੍ਰਭੂ ਆਪ।੪।੫।੭।

ਰਾਗੁ ਗਉੜੀ ਛੰਤ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਮੇਰੈ ਮਨਿ ਬੈਰਾਗੁ ਭਇਆ ਜੀਉ ,ਕਿਉ ਦੇਖਾ ਪ੍ਰਭ ਦਾਤੇ ॥ ਮੇਰੇ

All Rights Reserved by Harjinder Singh Gyani | www.GuruGranthVakhyaan.org

ਮੀਤ ਸਖਾ ਹਰਿ ਜੀਉ ,ਗੁਰ ਪੁਰਖ ਬਿਧਾਤੇ ॥ ਪੁਰਖੋ ਬਿਧਾਤਾ ਏਕੁ ਸ੍ਰੀ ਧਰੁ ,ਕਿਉ ਮਿਲਹ ਤੁਝੈ ਉਡੀਣੀਆ ॥ ਕਰ ਕਰਹਿ ਸੇਵਾ ਸੀਸੁ ਚਰਣੀ, ਮਨਿ ਆਸ ਦਰਸ ਨਿਮਾਣੀਆ ॥ ਸਾਸਿ ਸਾਸਿ ਨ ਘੜੀ ਵਿਸਰੈ, ਪਲੁ ਮੂਰਤੁ ਦਿਨੁ ਰਾਤੇ ॥ ਨਾਨਕ ਸਾਰਿੰਗ ਜਿਉ ਪਿਆਸੇ, ਕਿਉ ਮਿਲੀਐ ਪ੍ਰਭ ਦਾਤੇ ॥੧॥ ਹੇ (ਪ੍ਰਭੂ) ਜੀਉ ! ਮੇਰੇ ਮਨ ਵਿਚ ਬੈਰਾਗ ਪੈਦਾ ਹੋ ਗਿਆ ਹੈ, ਹੇ ਪ੍ਰਭੂ ਦਾਤੇ ! ਮੈਂ ਆਪ ਜੀ ਦਾ ਦਰਸ਼ਨ ਕਿਵੇਂ ਕਰਾਂ? ਹੇ ਮੇਰੇ ਪਿਆਰੇ ਮਿਤ੍ਰ ਹਰਿ ਜੀਉ ! ਹੇ ਗੁਰੂ ! ਹੇ ਫਲ ਬਰ ਦਾਤੇ ਅਕਾਲ ਪੁਰਖ !। ਹੇ ਫਲ ਬਰ ਦਾਤੇ ਅਕਾਲ ਪੁਰਖ ! ਇਕ ਤੂੰ ਹੀ ਮਾਇਆ ਦਾ ਮਾਲਕ ਹੈਂ, ਅਸੀਂ ਉਦਾਸ ਹੋਈਆਂ ਇਸਤ੍ਰੀਆਂ ਆਪ ਜੀ ਨੂੰ ਕਿਵੇਂ ਮਿਲੀਏ? (ਅਸੀਂ) ਹੱਥਾਂ ਨਾਲ ਸੇਵਾ ਕਰਦੀਆਂ ਹਾਂ, ਚਰਣਾਂ ਤੇ ਸੀਸ ਝੁਕਾਉਂਦੀਆਂ ਹਾਂ, (ਸਾਡੇ) ਨਿਮਾਣੀਆਂ ਦੇ ਮਨ ਵਿਚ ਦਰਸ਼ਨਾਂ ਦੀ ਆਸ ਹੈ।(ਸਾਡੇ ਤੇ ਕ੍ਰਿਪਾ ਕਰੋ ਕਿ ਅਸੀਂ ਆਪ ਜੀ ਨੂੰ) ਸੁਆਸ ਸੁਆਸ ਜਪਦੇ ਰਹੀਏ, ਇਕ ਘੜੀ, ਪਲ, ਦੋ ਘੜੀਆਂ ਦਿਨ ਰਾਤ ਕਦੇ ਵੀ ਨਾ ਭੁਲੀਏ।ਨਾਨਕ ਗੁਰੂ ਜੀ ਆਖਦੇ ਹਨ, (ਅਸੀਂ) ਪਪੀਹੇ ਵਾਂਗ ਪਿਆਸੇ ਹਾਂ, ਹੇ ਪ੍ਰਭੂ ਦਾਤੇ ! (ਆਪ ਜੀ ਨੂੰ) ਕਿਵੇਂ ਮਿਲੀਏ?।੧।

ਇਕ ਬਿਨਉ ਕਰਉ ਜੀਉ ,ਸੁਣਿ ਕੰਤ ਪਿਆਰੇ ॥ ਮੇਰਾ ਮਨੁ ਤਨੁ ਮੋਹਿ ਲੀਆ ਜੀਉ ,ਦੇਖਿ ਚਲਤ ਤੁਮਾਰੇ ॥ ਚਲਤਾ ਤੁਮਾਰੇ ਦੇਖਿ ਮੋਹੀ, ਉਦਾਸ ਧਨ ਕਿਉ ਧੀਰਏ ॥ ਗੁਣਵੰਤ ਨਾਹ ਦਇਆਲੁ ਬਾਲਾ, ਸਰਬ ਗੁਣ ਭਰਪੂਰਏ ॥ ਪਿਰ ਦੋਸੁ ਨਾਹੀ ਸੁਖਹ ਦਾਤੇ, ਹਉ ਵਿਛੁੜੀ ਬੁਰਿਆਰੇ ॥ ਬਿਨਵੰਤਿ ਨਾਨਕ ਦਇਆ ਧਾਰਹੁ ,ਘਰਿ ਆਵਹੁ ਨਾਹ ਪਿਆਰੇ ॥੨॥ ਹੇ ਮੇਰੇ ਪਿਆਰੇ ਪਤੀ ਜੀਉ ! ਸੁਣੋ, ਮੈਂ ਇਕ ਬੇਨਤੀ ਕਰਦੀ ਹਾਂ।(ਆਪ ਜੀ ਨੇ) ਮੇਰਾ ਮਨ ਤੇ ਤਨ ਮੋਹ ਲਿਆ ਹੈ ਜੀ, ਤੁਹਾਡੇ ਅਸਚਰਜ ਕੌਤਕ ਦੇਖ ਕੇ (ਮੈਂ ਆਪ ਜੀ ਦੀ ਹੋ ਗਈ ਹਾਂ)।ਤੁਹਾਡੇ ਕੌਤਕ ਦੇਖ ਕੇ ਮੈਂ ਮੋਹੀ ਗਈ ਹਾਂ, ਮੈਂ ਉਦਾਸ ਇਸਤ੍ਰੀ ਨੂੰ (ਆਪ ਦੇ ਦਰਸ਼ਨ ਬਿਨਾ) ਧੀਰਜ ਕਿਵੇਂ ਆਵੇ? (ਆਪ ਜੀ) ਗੁਣਾਂ ਵਾਲੇ ਜੁਆਨ (ਮੇਰੇ ਪਤੀ) ਹੋ, ਦਇਆ ਦਾ ਘਰ ਹੋ ਅਤੇ ਸਾਰੇ ਗੁਣਾਂ ਨਾਲ ਭਰਪੂਰ ਹੋ।ਹੇ ਸੁੱਖ ਦੇਣ ਵਾਲੇ ਦਾਤੇ ਪਤੀ ਪ੍ਰਮਾਤਮਾ ! (ਆਪ ਜੀ ਵਿਚ ਕੋਈ) ਦੋਸ਼ ਨਹੀਂ, ਮੈਂ ਬੁਰਿਆਈ ਵਾਲੀ ਹੋਣ ਕਰਕੇ (ਆਪ ਜੀ ਤੋਂ) ਵਿਛੜੀ ਹੋਈ ਹਾਂ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, (ਮੇਰੇ ਤੇ) ਦਇਆ ਕਰੋ, (ਆਪ ਜੀ ਮੇਰੇ) ਹਿਰਦੇ ਘਰ ਵਿਚ ਆ ਵਸੋ।੨।

ਪਦਾਰਥ = ਬੈਰਾਗੁ–ਸਭ ਪਾਸੇ ਤੋਂ ਉਦਾਸ ਹੋ ਕੇ ਪ੍ਰਭੂ ਵਿਚ ਪ੍ਰੇਮ ਹੋਣਾ।ਭਇਆ–ਹੋ ਗਿਆ।ਸਖਾ–ਸਾਥੀ; ਪਿਆਰਾ।ਬਿਧਾਤੇ–ਹੇ ਕਰਮਾਂ ਅਨੁਸਾਰ ਫਲ ਦੇਣ ਵਾਲੇ !; ਹੇ ਸਿਰਜਨਹਾਰ !।ਸ੍ਰੀ–ਲੱਛਮੀ (ਮਾਇਆ) ਦਾ।ਧਰ–ਆਸਰਾ; ਮਾਲਕ।ਉਡੀਣੀਆ–ਉਡੀਕ ਵਿਚ ਉਦਾਸ; ਵਿਆਕੁਲ।ਕਰ–ਹੱਥਾਂ ਨਾਲ।ਮੂਰਤੁ–ਮਹੂਰਤ–ਦੋ ਘੜੀਆਂ ਦਾ ਸਮਾਂ।ਸਾਰਿੰਗ–ਪਪੀਹਾ।੧।ਬਿਨਉ–ਬੇਨਤੀ।ਕਰਉ –ਕਰਦੀ ਹਾਂ।ਕੰਤੁ–ਪਤੀ।ਚਲਤ–ਕੌਤਕ।ਮੋਹੀ–ਠੱਗੀ ਗਈ ਹਾਂ।ਧਨ–ਇਸਤ੍ਰੀ।ਧੀਰਏ–ਧੀਰਜ ਆਵੇ।ਨਾਹ–ਪਤੀ।ਬਾਲਾ–ਸਦਾ ਜਵਾਨ ਰਹਿਣ ਵਾਲਾ।ਪਿਰ–ਪਤੀ।ਹਉ–ਮੈਂ।ਬੁਰਿਆਰੇ–ਬੁਰਿਆਈ ਵਾਲੀ।ਘਰਿ–ਹਿਰਦੇ ਘਰ ਵਿਚ।੨।

ਹਉ ਮਨੁ ਅਰਪੀ ਸਭੁ ਤਨੁ ਅਰਪੀ, ਅਰਪੀ ਸਭਿ ਦੇਸਾ ॥ ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ, ਜੋ ਪ੍ਰਭ ਦੇਇ ਸਦੇਸਾ ॥ ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ, ਸੰਗਿ ਪ੍ਰਭੂ ਦਿਖਾਇਆ ॥ ਖਿਨ ਮਾਹਿ ਸਗਲਾ ਦੂਖੁ ਮਿਟਿਆ, ਮਨਹੁ ਚਿੰਦਿਆ ਪਾਇਆ ॥ ਦਿਨੁ ਰੈਣਿ ਰਲੀਆ ਕਰੈ ਕਾਮਣਿ, ਮਿਟੇ ਸਗਲ ਅੰਦੇਸਾ ॥ ਬਿਨਵੰਤਿ ਨਾਨਕੁ ਕੰਤੁ ਮਿਲਿਆ, ਲੋੜਤੇ ਹਮ ਜੈਸਾ ॥੩॥ (ਜੀਵ ਇਸਤ੍ਰੀ ਆਖਦੀ ਹੈ) ਮੈਂ ਮਨ ਭੇਟ ਕਰ ਦੇਵਾਂ, ਸਾਰਾ ਸਰੀਰ ਭੇਟ ਕਰ ਦੇਵਾਂ ਅਤੇ ਦੇਹ ਦੇ ਸਾਰੇ ਅੰਗ ਭੇਟ ਕਰ ਦੇਵਾਂ।ਮੈਂ ਉਸ ਮਿਤ੍ਰ ਪਿਆਰੇ ਨੂੰ (ਅਪਣਾ) ਸਿਰ ਭੇਟ ਕਰ ਦੇਵਾਂ, ਜੋ ਪ੍ਰਭੂ ਦਾ ਸੁਨੇਹਾ ਦੇਵੇ।(ਅੰਤ ਮੈਂ) ਸੋਹਣੇ ਸਥਾਨ ਸਤ ਸੰਗਤ ਵਿਚ ਜਾ ਕੇ ਗੁਰੂ ਪਾਸ ਸੀਸ ਭੇਟ ਕੀਤਾ, (ਤਾਂ ਗੁਰੂ ਨੇ) ਪ੍ਰਭੂ ਮੇਰੇ ਨਾਲ ਵਸਦਾ ਦਿਖਾ ਦਿਤਾ।(ਜਿਸ ਕਰਕੇ ਮੇਰਾ) ਇਕ ਖਿਨ ਵਿਚ ਸਾਰਾ ਦੁਖ ਮਿਟ ਗਿਆ ਅਤੇ ਮਨ ਬਾਂਛਤ ਫਲ (ਮੈਂ) ਪਾ ਲਿਆ ਹੈ।(ਹੁਣ ਮੈਂ) ਇਸਤ੍ਰੀ ਦਿਨ ਰਾਤ ਮੌਜਾਂ ਮਾਣਦੀ ਹਾਂ ਅਤੇ ਸਾਰੇ ਫਿਕਰ ਮਿਟ ਗਏ ਹਨ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਜੈਸਾ ਪਤੀ ਅਸੀਂ ਚਾਹੁੰਦੇ ਸੀ, (ਸਾਨੂੰ ਵੈਸਾ ਹੀ) ਪਤੀ ਪ੍ਰਭੂ ਮਿਲ ਗਿਆ ਹੈ।੩।

ਮੇਰੈ ਮਨਿ ਅਨਦੁ ਭਇਆ ਜੀਉ ,ਵਜੀ ਵਾਧਾਈ ॥ ਘਰਿ ਲਾਲੁ ਆਇਆ ਪਿਆਰਾ, ਸਭ ਤਿਖਾ ਬੁਝਾਈ ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ, ਸਖੀ ਮੰਗਲੁ ਗਾਇਆ ॥ ਸਭ ਮੀਤ ਬੰਧਪ ਹਰਖੁ ਉਪਜਿਆ, ਦੂਤ ਥਾਉ ਗਵਾਇਆ ॥ ਅਨਹਤ ਵਾਜੇ ਵਜਹਿ ਘਰ ਮਹਿ, ਪਿਰ ਸੰਗਿ ਸੇਜ ਵਿਛਾਈ ॥ ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥ (ਹੇ ਸਖੀ !) ਮੇਰੇ ਮਨ ਵਿਚ ਅਨੰਦ ਪ੍ਰਾਪਤ ਹੋ ਗਿਆ ਹੈ, (ਇਸੀ ਕਰਕੇ) ਖੁਸ਼ੀ ਪ੍ਰਗਟ ਹੋਈ ਹੈ; ਸਿੱਖਾਂ ਵਲੋਂ ਵਧਾਈਆਂ ਮਿਲਣ ਲਗ ਪਈਆਂ; ਸਿਖ ਸੰਗਤਾਂ ਜਸ ਕਰਨ ਲਗ ਪਈਆਂ (ਟਕਸਾਲ)।ਪਿਆਰਾ ਪਤੀ ਹਿਰਦੇ ਘਰ ਵਿਚ ਆ ਗਿਆ ਹੈ, ਸਭ ਪਿਆਸ ਬੁਝ ਗਈ (ਰੱਜ ਗਈ ਹਾਂ)।ਪਿਆਰਾ ਪਤੀ ਗੁਪਾਲ ਮਾਲਕ (ਜਦ) ਮਿਲਿਆ ਤਾਂ ਸਖੀਆਂ (ਇੰਦ੍ਰੀਆਂ) ਨੇ ਖੁਸ਼ੀ ਦਾ ਗੀਤ (ਜਸ) ਗਾਇਆ।ਸਾਰੇ ਮਿਤ੍ਰਾਂ ਸਬੰਧੀਆਂ ਨੂੰ ਅਨੰਦ ਪੈਦਾ ਹੋਇਆ, ਦੂਤਾਂ ਦਾ ਡੇਰਾ ਮਿਟਾ ਦਿਤਾ।(ਹੁਣ ਮੇਰੇ) ਹਿਰਦੇ ਘਰ ਵਿਚ ਅਨਹਦ ਵਾਜੇ ਵਜ ਰਹੇ ਹਨ ਅਤੇ ਮੈਂ ਪਤੀ ਨਾਲ ਸੇਜ ਵਿਛਾ ਲਈ ਹੈ (ਅਭੇਦ ਹੋ ਗਈ ਹਾਂ)।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, (ਹੁਣ ਅਸੀਂ) ਸਹਿਜ

All Rights Reserved by Harjinder Singh Gyani | www.GuruGranthVakhyaan.org

ਅਵਸਥਾ ਵਿਚ ਰਹਿੰਦੇ ਹਾਂ, (ਕਿਉਂਕਿ) ਆਤਮਕ ਸੁਖ ਦੇਣ ਵਾਲਾ ਪਤੀ ਪ੍ਰਮਾਤਮਾ ਮਿਲ ਗਿਆ ਹੈ।੪।੧।
ਪਦਾਰਥ = ਹਉ-ਮੈਂ।ਅਰਪੀ-ਭੇਟ ਕਰ ਦੇਵਾਂ।ਦੇਸਾ-ਦੇਹ ਦੇ ਅੰਗ (ਇੰਦ੍ਰੇ ਤੇ ਪ੍ਰਾਣ ਆਦਿ)।ਸਦੇਸਾ-ਸੁਨੇਹਾ।ਸੁਥਾਨਿ-ਸੁੰਦਰ ਸਥਾਨ (ਸਤ ਸੰਗਤ) ਵਿਚ; ਸੋਹਣੇ ਹਿਰਦੇ ਵਿਚ।ਪਹਿ-ਪਾਸ।ਖਿਨ ਮਾਹਿ-ਖਿਨ ਵਿਚ।ਮਨਹੁ ਚਿੰਦਿਆ-ਮਨ ਤੋਂ ਚਾਹਿਆ; ਮਨ ਇੱਛਤ।ਰੈਣਿ-ਰਾਤ।ਰਲੀਆ-ਮੌਜਾਂ।ਕਾਮਣਿ-ਇਸਤ੍ਰੀ।ਅੰਦੇਸਾ-ਫਿਕਰ।ਲੋੜਤੇ-ਚਾਹੁੰਦੇ ਸੀ।ਹਮ-ਅਸੀਂ।ਜੈਸਾ-ਜਿਹੋ ਜਿਹਾ।੩।ਵਜੀ-ਪਰਗਟ ਹੋਈ।ਵਾਧਾਈ-ਖੁਸ਼ੀ।ਲਾਲ-ਪਿਆਰਾ (ਪਤੀ)।ਤਿਖਾ-ਪਿਆਸ (ਤ੍ਰਿਸ਼ਨਾ)।ਗੁਪਾਲੁ-ਜਗਤ ਨੂੰ ਪਾਲਣ ਵਾਲਾ। ਸਖੀ-ਸਖੀਆਂ ਭਾਵ ਇੰਦ੍ਰੀਆਂ ਨੇ।ਮੰਗਲੁ-ਹਰੀ ਜਸ।ਬੰਧਪ-ਸਬੰਧੀ।ਹਰਖੁ-ਖੁਸ਼ੀ।ਦੂਤ-ਕਾਮਾਦਿਕ।ਥਾਉ-ਟਿਕਾਣਾ।ਅਨਹਤ-ਲਗਾਤਾਰ; ਇਕ ਰਸ।ਵਜਹਿ-ਵਜਦੇ ਹਨ।ਪਿਰ ਸੰਗਿ-ਪਤੀ ਦੇ ਨਾਲ।ਸੁਖਦਾਈ-ਸੁਖ ਦੇਣ ਵਾਲਾ।੪।੧।

ਅੰਗ ੨੪੮ = ਉਥਾਨਕਾ = ਸੰਪ੍ਰਦਾਈ ਵਿਦਵਾਨ ਦਸਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਬਾਬਾ ਮੋਹਨ ਦੀ ਸਿਫਤ ਵਿਚ ਉਚਾਰਿਆ।ਮੋਹਨ ਦੇ ਦੋ ਅਰਥ ਹਨ, ਕਰਤਾਰ ਤੇ ਬਾਬਾ ਮੋਹਨ (ਮ.ਕੋ.)।ਸੰਪ੍ਰਦਾਈ ਵਿਦਵਾਨ ਇਸ ਛੰਤ ਦੇ ਅਰਥ ਕਰਤਾਰ ਤੇ ਵੀ ਲਾਉਂਦੇ ਹਨ ਤੇ ਬਾਬਾ ਮੋਹਨ ਜੀ ਤੇ ਵੀ ਲਾਉਂਦੇ ਹਨ {ਆਵੈ ਸਾਹਿਬ ਚਿਤਿ ਤੇਰਿਆ ਭਗਤਾ ਡਿਠਿਆ ੫੨੦}।ਇਹ ਅਰਥ ਸਲੇਖਾਲੰਕਾਰ ਰਾਹੀਂ ਵਾਹਿਗੁਰੂ ਤੇ ਘਟਾਏ ਜਾਂਦੇ ਹਨ।ਇਹ ਸ਼ਬਦ ਸਲੇਖਾਲੰਕਾਰ ਦਾ ਉਤਮ ਨਮੂਨਾ ਹੈ।ਇਸ ਵਿਚ ਬਾਬਾ ਮੋਹਨ ਜੀ ਰਾਹੀਂ ਵਾਹਿਗੁਰੂ ਦੀ ਉਸਤਤੀ ਕੀਤੀ ਗਈ ਹੈ {ਜੋ ਹਰਿ ਦਾਸਨ ਕੀ ਉਸਤਤਿ ਹੈ, ਸਾ ਹਰਿ ਕੀ ਵਡਿਆਈ ੬੫੨}।
ਹਰਿ ਕਾ ਸੇਵਕੁ ਸੋ ਹਰਿ ਜੇਹਾ।ਭੇਦੁ ਨ ਜਾਣਹੁ ਮਾਣਸ ਦੇਹਾ। (੧੦੭੬); ਰਾਮ ਸੰਤ ਮਹਿ ਭੇਦੁ ਕਿਛੁ ਨਾਹੀ, ਏਕੁ ਜਨੁ ਕਈ ਮਹਿ ਲਾਖ ਕਰੋਰੀ ੨੦੮; ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ, ਜਿਸੁ ਹਿਰਦੈ ਹਰਿ ਨਾਮੁ ਮੁਰਾਰਿ।(੧੧੩੫)।
ਬਾਬਾ ਮੋਹਨ ਜੀ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਸਨ ਅਤੇ ਅਪਣੇ ਚੁਬਾਰੇ ਵਿਚ ਸਮਾਧੀ ਲਾ ਕੇ ਬੈਠੇ ਰਹਿੰਦੇ ਸਨ।ਬਾਬਾ ਮੋਹਨ ਜੀ ਕੋਲ ਪਹਿਲੇ ਤਿੰਨ ਗੁਰੂ ਸਾਹਿਬਾਨਾਂ ਦੀ ਬਾਣੀ ਦੀਆਂ ਪੋਥੀਆਂ ਸਨ।ਉਹ ਪੋਥੀਆਂ ਲੈਣ ਵਾਸਤੇ ਪਹਿਲਾਂ ਭਾਈ ਗੁਰਦਾਸ ਜੀ ਗਏ, ਫਿਰ ਬਾਬਾ ਬੁੱਢਾ ਜੀ ਗਏ।ਜਦ ਸਫਲਤਾ ਨਾ ਮਿਲੀ ਤਾਂ ਗੁਰੂ ਅਰਜਨ ਦੇਵ ਜੀ ਖੁਦ ਗਏ, ਬਾਬਾ ਮੋਹਨ ਜੀ ਦੇ ਚੁਬਾਰੇ ਦੇ ਥੱਲੇ ਬੈਠ ਕੇ ਇਸ ਸ਼ਬਦ ਦਾ ਕੀਰਤਨ ਕੀਤਾ।ਬਾਬਾ ਮੋਹਨ ਜੀ ਜਿਸ ਵਾਹਿਗੁਰੂ ਵਿਚ ਸਮਾਧੀ ਜੋੜੀ ਬੈਠੇ ਸਨ, ਉਸ ਵਾਹਿਗੁਰੂ ਦੀ ਸਿਫਤ ਸੁਣ ਕੇ ਵਿਸਮਾਦੀ ਰੰਗ ਵਿਚ ਆ ਗਏ ਹੋਣੇ ਹਨ।ਜਿਸ ਕਰਕੇ ਬਾਬਾ ਜੀ ਝੁਕ ਗਏ ਅਤੇ ਗੁਰੂ ਅਰਜਨ ਦੇਵ ਜੀ ਦੀ ਵਡੱਪਣ ਵਿਚ ਨਿਸਚਾ ਕਰਕੇ ਚੁਬਾਰੇ ਤੋਂ ਥੱਲੇ ਉਤਰ ਕੇ ਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ।ਤੇ ਸਾਰੀਆਂ ਪੋਥੀਆਂ ਗੁਰੂ ਜੀ ਦੇ ਹਵਾਲੇ ਕਰ ਦਿਤੀਆਂ।ਗੁਰੂ ਜੀ ਇਹ ਪੋਥੀਆਂ ਲੈ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਆ ਗਏ।ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਣ ਤੋਂ ਬਾਦ ਇਹ ਪੋਥੀਆਂ ਵਾਪਸ ਸ਼੍ਰੀ ਗੋਇੰਦਵਾਲ ਸਾਹਿਬ ਬਾਬਾ ਮੋਹਨ ਜੀ ਕੋਲ ਭੇਜ ਦਿਤੀਆਂ ਗਈਆਂ।ਇਹ ਪੋਥੀਆਂ ੧੯੪੦ ਈ. ਤਕ ਸ਼੍ਰੀ ਗੋਇੰਦ ਵਾਲ ਪਈਆਂ ਰਹੀਆਂ।ਇਨ੍ਹਾਂ ਵਿਚੋਂ ਇਕ ਪੋਥੀ ਪਿੰਡ ਅਹੀਆ ਪੁਰ (ਜਿਲ੍ਹਾ ਹੁਸ਼ਿਆਰ ਪੁਰ) ਚਲੀ ਗਈ।ਫਿਰ ੧੯੪੩ ਈ. ਵਿਚ ਦੂਜੀ ਪੋਥੀ ਵੀ ਭੱਲੇ ਵੰਸ਼ ਦਾ ਹੀ ਇਕ ਸੱਜਣ ਗੋਇੰਦ ਵਾਲ ਤੋਂ ਮਰਦਾਨ (ਅਜ ਕਲ੍ਹ ਪਾਕਿਸਤਾਨ ਵਿਚ) ਲੈ ਗਿਆ।ਦੇਸ਼ ਦੀ ਵੰਡ ਤੋਂ ਬਾਦ ਕਿਸੇ ਤਰ੍ਹਾਂ ਇਹ ਪੋਥੀ ਮਰਦਾਨ ਤੋਂ ਪਟਿਆਲੇ ਆ ਗਈ, ਜੋ ਹੁਣ ਤਕ ਸੁਰੱਖਿਅਤ ਪਈ ਦਸੀ ਜਾਂਦੀ ਹੈ।
ਨੋਟ = ਸੰਪ੍ਰਦਾਈ ਵਿਦਵਾਨਾਂ ਨੇ ਦੋਵੇਂ ਤਰ੍ਹਾਂ ਨਾਲ ਅਰਥ ਕੀਤੇ ਹਨ, ਮੋਹਨ ਤੇ ਘਟਾ ਕੇ ਵੀ ਤੇ ਵਾਹਿਗੁਰੂ ਤੇ ਘਟਾ ਕੇ ਵੀ।
ਗਉੜੀ ਮਹਲਾ ੫ ॥ ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ਮੋਹਨ ਤੇਰੇ ਸੋਹਨਿ ਦੁਆਰ ਜੀਉ ,ਸੰਤ ਧਰਮਸਾਲਾ ॥ ਧਰਮਸਾਲ ਅਪਾਰ ਦੈਆਰ ਠਾਕੁਰ, ਸਦਾ ਕੀਰਤਨੁ ਗਾਵਹੇ ॥ ਜਹ ਸਾਧ ਸੰਤ ਇਕਤ੍ਰ ਹੋਵਹਿ, ਤਹਾ ਤੁਝਹਿ ਧਿਆਵਹੇ ॥ ਕਰਿ ਦਇਆ ਮਇਆ ਦਇਆਲ ਸੁਆਮੀ, ਹੋਹੁ ਦੀਨ ਕ੍ਰਿਪਾਰਾ ॥ ਬਿਨਵੰਤਿ ਨਾਨਕ ਦਰਸ ਪਿਆਸੇ, ਮਿਲਿ ਦਰਸਨ ਸੁਖੁ ਸਾਰਾ ॥੧॥ ਹੇ ਮਨ ਨੂੰ ਮੋਹ ਲੈਣ ਵਾਲੇ ਵਾਹਿਗੁਰੂ! ਤੇਰੇ ਮੰਦਰ ਉਚੇ ਹਨ (ਤੇ ਤੇਰੇ) ਮਹਲ ਬੇਅੰਤ ਹਨ {ਮੈ ਪੇਖਿਓ ਰੀ, ਊਚਾ ਮੋਹਨੁ ਸਭ ਤੇ ਊਚਾ ੫੩੪}।ਹੇ ਮੋਹਨ! ਤੇਰੇ ਮਹਿਲਾਂ ਦੇ ਦਰਵਾਜੇ ਤੇ ਸੰਤਾਂ ਲਈਆਂ ਬਣੀਆਂ ਧਰਮਸ਼ਾਲਾ ਸੁੰਦਰ ਹਨ; ਤੇਰੇ ਦੁਆਰੇ ਤੇ, ਤੇਰੇ ਧਰਮ ਅਸਥਾਨਾਂ ਵਿਚ ਸੰਤ ਸੋਭ ਰਹੇ ਹਨ (ਫ.ਸ.)।ਹੇ ਦਇਆ ਕਰਨ ਵਾਲੇ ਬੇਅੰਤ ਸੁਆਮੀ! (ਤੇਰੇ) ਧਰਮ ਸਥਾਨਾਂ ਵਿਚ (ਸੰਤ ਜਨ) ਸਦਾ ਹੀ ਕੀਰਤਨ ਗਾਉਂਦੇ ਹਨ।ਜਿੱਥੇ ਵੀ ਸਾਧੂ ਸੰਤ ਇਕੱਠੇ ਹੁੰਦੇ ਹਨ, ਉਥੇ (ਉਹ) ਤੈਨੂੰ ਹੀ ਧਿਆਉਂਦੇ ਹਨ।ਹੇ ਦਇਆ ਦੇ ਘਰ ਮਾਲਕ ਵਾਹਿਗੁਰੂ! ਦਇਆ ਕਰ, ਮੇਹਰ ਕਰ, ਗਰੀਬਾਂ ਉਪਰ ਕਿਰਪਾਲੂ ਹੋਵੋ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, (ਹੇ ਮੋਹਨ! ਅਸੀਂ ਤੇਰੇ) ਦਰਸ਼ਨ ਦੇ ਪਿਆਸੇ ਹਾਂ, (ਆਪ ਜੀ ਨੂੰ) ਮਿਲ ਕੇ, ਦਰਸ਼ਨ ਕਰਕੇ ਸ੍ਰੇਸਟ ਸੁਖ ਪ੍ਰਾਪਤ ਹੁੰਦਾ ਹੈ।੧।
ਮੋਹਨ ਤੇਰੇ ਬਚਨ ਅਨੂਪ, ਚਾਲ ਨਿਰਾਲੀ ॥ ਮੋਹਨ ਤੂੰ ਮਾਨਹਿ ਏਕੁ ਜੀ, ਅਵਰ ਸਭ ਰਾਲੀ ॥ ਮਾਨਹਿ ਏਕੁ ਅਲੇਖੁ ਠਾਕੁਰੁ, ਜਿਨਹਿ ਸਭ ਕਲ ਧਾਰੀਆ ॥ ਤੁਧੁ ਬਚਨਿ ਗੁਰ ਕੈ ਵਸਿ ਕੀਆ, ਆਦਿ ਪੁਰਖੁ ਬਨਵਾਰੀਆ ॥ ਤੂੰ ਆਪਿ ਚਲਿਆ ਆਪਿ ਰਹਿਆ,

All Rights Reserved by Harjinder Singh Gyani | www.GuruGranthVakhyaan.org

ਆਪਿ ਸਭ ਕਲ ਧਾਰੀਆ ॥ ਬਿਨਵੰਤਿ ਨਾਨਕ ਪੈਜ ਰਾਖਹੁ ,ਸਭ ਸੇਵਕ ਸਰਨਿ ਤੁਹਾਰੀਆ ॥੨॥ ਹੇ ਮੋਹ ਲੈਣ ਵਾਲੇ ਵਾਹਿਗੁਰੂ! ਤੇਰੇ ਵਾਕ ਉਪਮਾ ਤੋਂ ਪਰੇ (ਬਹੁਤ ਸੁੰਦਰ) ਹਨ ਤੇ (ਜਗਤ ਨੂੰ ਤਾਰਨ ਦਾ) ਤਰੀਕਾ ਵੀ ਵੱਖਰਾ ਹੈ {ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ੫੬੭}।ਹੇ ਮੋਹਨ! ਸਾਰੇ ਜੀਵ ਇਕ ਤੈਨੂੰ ਹੀ ਮੰਨਦੇ ਹਨ, ਹੋਰ ਸਾਰੇ (ਤੇਰੇ ਮੁਕਾਬਲੇ) ਮਿੱਟੀ ਹਨ; ਹੇ ਮੋਹਨ ਜੀ! (ਸੰਤ ਜਨ) ਮੰਨਦੇ ਹਨ ਕਿ ਇਕ ਤੂੰ ਹੀ ਸਦਾ ਥਿਰ ਹੈਂ, ਹੋਰ ਸਾਰਾ ਜਗਤ ਮਿੱਟੀ ਹੋ ਜਾਣ ਵਾਲਾ (ਨਾਸ਼ਵੰਤ) ਹੈ (ਮੇਰਾ ਖਿਆਲ।ਸੰਤ ਜਨ) ਮੰਨਦੇ ਹਨ ਕਿ ਇਕ ਤੂੰ ਹੀ ਲੇਖ ਰਹਿਤ ਮਾਲਕ ਹੈਂ, ਜਿਸ ਇਕ ਨੇ ਸਾਰੇ ਜਗਤ ਵਿਚ ਗੁੱਝੀ ਸ਼ਕਤੀ ਟਿਕਾ ਰਖੀ ਹੈ।ਹੇ ਸ੍ਰਿਸਟੀ ਦੇ ਆਦਿ ਪੁਰਖ! ਹੇ ਸੰਸਾਰ ਬਨ ਦੇ ਮਾਲਕ! (ਸੰਤ ਜਨਾਂ ਨੇ) ਤੈਨੂੰ ਗੁਰੂ ਦੇ ਬਚਨਾਂ ਨਾਲ ਵਸ ਕੀਤਾ ਹੈ।(ਹੇ ਮੋਹਨ! ਸਾਰੇ ਜੀਵਾਂ ਵਿਚ ਮੌਜੂਦ ਹੋਣ ਕਰਕੇ) ਤੂੰ ਆਪ ਹੀ (ਉਮਰ ਭੋਗ ਕੇ) ਜਗਤ ਤੋਂ ਚਲਿਆ ਜਾਣ ਵਾਲਾ ਹੈਂ, ਆਪ ਹੀ (ਜਗਤ ਵਿਚ) ਟਿਕ ਰਿਹਾ (ਅਚੱਲ) ਹੈਂ ਅਤੇ ਤੈਂ ਆਪ ਹੀ ਸਾਰੇ ਜਗਤ ਵਿਚ ਅਪਣੀ ਸੱਤਾ ਟਿਕਾ ਰੱਖੀ ਹੈ; ਸਾਰੀਆਂ ਤਾਕਤਾਂ ਧਾਰਨ ਕੀਤੀਆਂ ਹੋਈਆਂ ਹਨ (ਸਾਰਾ ਜਗਤ ਤੇਰੀ ਤਾਕਤ ਦੇ ਆਸਰੇ ਹੈ)।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, (ਹੇ ਵਾਹਿਗੁਰੂ! ਸਾਡੀ) ਲਾਜ ਰੱਖੋ, (ਅਸੀਂ) ਸਾਰੇ ਸੇਵਕ ਤੁਹਾਡੀ ਸ਼ਰਨ ਵਿਚ ਆਏ ਹਾਂ।੨।

ਪਦਾਰਥ = ਮੋਹਨ–ਹੇ ਮਨ ਨੂੰ ਮੋਹ ਲੈਣ ਵਾਲੇ ਵਾਹਿਗੁਰੂ!।ਮਹਲ ਅਪਾਰਾ–ਬੇਅੰਤ ਮਹਿਲ; ਮਹਿਲਾਂ ਦਾ ਪਾਰਾਵਾਰ (ਹੱਦ ਬੰਨਾਂ) ਨਹੀਂ।ਸੋਹਨਿ–ਸੋਹਣੇ; ਸੋਭਦੇ ਹਨ।ਦੁਆਰਾ–ਦਰਵਾਜੇ; ਦਰ ਉਤੇ।ਦੈਆਰ–ਦਇਆਲ।ਗਾਵਹੇ–ਗਾਉਂਦੇ ਹਨ।ਜਹ–ਜਿਥੇ।ਤਹਾ–ਉਥੇ।ਤੁਝਹਿ–ਤੈਨੂੰ।ਧਿਆਵਹੇ–ਧਿਆਉਂਦੇ ਹਨ।ਮਇਆ–ਮੇਹਰ।ਹੋਹੁ–ਹੋਵੋ।ਦੀਨ–ਗਰੀਬਾਂ ਉਤੇ।ਕ੍ਰਿਪਾਰਾ–ਕਿਰਪਾਲ।ਸਾਰਾ–ਸ੍ਰੇਸਟ।੧।ਬਚਨ–ਵਾਕ; ਬੋਲ।ਅਨੂਪ–ਉਪਮਾ ਤੋਂ ਪਰੇ (ਜਿਨ੍ਹਾਂ ਦੀ ਤੁਲਨਾ ਨਹੀਂ)।ਨਿਰਾਲੀ–ਵੱਖਰੀ; ਅਨੋਖੀ।ਤੂੰ–ਤੈਨੂੰ।ਮਾਨਹਿ–ਮੰਨਦੇ (ਪੂਜਦੇ) ਹਨ।ਏਕੁ–ਇਕ ਪ੍ਰਭੂ ਨੂੰ।ਜੀ–ਜੀਵ।ਅਵਰ ਸਭ–ਹੋਰ ਸਾਰੇ।ਰਾਲੀ–ਮਿੱਟੀ (ਨਾਸ਼ਵੰਤ)।ਅਲੇਖ–ਮੱਥੇ ਦੇ ਲੇਖ ਤੋਂ ਰਹਿਤ; ਕਰਮ ਬੰਧਨ ਤੋਂ ਮੁਕਤ; ਅਦ੍ਰਿਸਟ।ਜਿਨਹਿ–ਜਿਸ ਨੇ।ਕਲ–ਸੱਤਾ; ਤਾਕਤ।ਧਾਰੀਆ–ਟਿਕਾ ਰੱਖੀ ਹੈ।ਤੁਧੁ–ਤੈਨੂੰ।ਆਦਿ–(ਸਾਰੇ ਜਗਤ ਦਾ) ਮੁੱਢ।ਪੁਰਖੁ–ਸਰਬ ਵਿਆਪਕ।ਬਨਵਾਰੀਆ–ਸੰਸਾਰ ਰੂਪ ਬਨ ਦਾ ਮਾਲਕ।ਪੈਜ–ਲਾਜ; ਇੱਜਤ।੨।

ਮੋਹਨ ਤੁਧੁ ਸਤ ਸੰਗਤਿ ਧਿਆਵੈ, ਦਰਸ ਧਿਆਨਾ ॥ ਮੋਹਨ ਜਮੁ ਨੇੜਿ ਨ ਆਵੈ, ਤੁਧੁ ਜਪਹਿ ਨਿਦਾਨਾ ॥ ਜਮਕਾਲੁ ਤਿਨ ਕਉ ਲਗੈ ਨਾਹੀ, ਜੋ ਇਕ ਮਨਿ ਧਿਆਵਹੇ ॥ ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ, ਸੇ ਸਭੇ ਫਲ ਪਾਵਹੇ ॥ ਮਲ ਮੂਤ ਮੂੜ ਜਿ ਮੁਗਧ ਹੋਤੇ, ਸਿ ਦੇਖਿ ਦਰਸੁ ਸੁਗਿਆਨਾ ॥ ਬਿਨਵੰਤਿ ਨਾਨਕ ਰਾਜੁ ਨਿਹਚਲੁ ,ਪੂਰਨ ਪੁਰਖ ਭਗਵਾਨਾ ॥੩॥ ਹੇ ਮੋਹ ਲੈਣ ਵਾਲੇ ਵਾਹਿਗੁਰੂ! ਤੈਨੂੰ ਸਤ ਸੰਗਤ ਧਿਆਉਂਦੀ ਹੈ, ਜੋ ਤੇਰੇ ਦਰਸ਼ਨ ਕਰਨ ਵਾਸਤੇ ਧਿਆਨ ਧਰਦੀ ਹੈ।ਹੇ ਮੋਹਨ! ਜਿਹੜੇ (ਪੁਰਖ) ਅੰਤ ਸਮੇਂ ਤੈਨੂੰ ਜਪਦੇ ਹਨ, ਉਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ।ਕਾਲ ਕਰਨ ਵਾਲਾ ਜਮ ਉਨ੍ਹਾਂ (ਪੁਰਖਾਂ) ਨੂੰ ਨਹੀਂ ਲਗਦਾ, ਜਿਹੜੇ ਇਕ ਮਨ ਹੋ ਕੇ (ਤੈਨੂੰ) ਸਿਮਰਦੇ ਹਨ।ਮਨ ਕਰਕੇ, ਬਚਨਾਂ ਕਰਕੇ ਅਤੇ ਕਰਮ ਕਰਕੇ ਜਿਹੜੇ (ਪੁਰਖ) ਤੈਨੂੰ ਜਪਦੇ ਹਨ, ਉਹ (ਧਰਮ ਅਰਥ ਕਾਮ ਮੋਖਸ਼) ਸਾਰੇ ਫਲ ਪਾ ਲੈਂਦੇ ਹਨ।ਜਿਹੜੇ ਮਨੁੱਖ ਮਲ ਮੂਤ੍ਰ ਦੀ ਤਰ੍ਹਾਂ ਗੰਦੇ ਅਤੇ ਮੂਰਖ ਤੇ ਬੇਸਮਝ ਹੁੰਦੇ ਸਨ, ਉਹ ਦਰਸ਼ਨ ਦੇਖ ਕੇ ਚੰਗੇ ਗਿਆਨਵਾਨ ਬਣ ਗਏ ਹਨ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਹੇ ਪਰੀ ਪੂਰਨ ਸਰਬ ਵਿਆਪਕ ਭਗਵਾਨ! ਆਪ ਜੀ ਦਾ ਰਾਜ ਅਚੱਲ (ਸਦਾ ਰਹਿਣਾ ਵਾਲਾ) ਹੈ।੩। ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ, ਨਾ ਆਵੈ ਨ ਜਾਈ। (੫੯੨)

ਮੋਹਨ ਤੂੰ ਸੁਫਲੁ ਫਲਿਆ, ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ ਤਾਰਿਆ ਜਹਾਨੁ ਲਹਿਆ ਅਭਿਮਾਨੁ ,ਜਿਨੀ ਦਰਸਨੁ ਪਾਇਆ ॥ ਜਿਨੀ ਤੁਧਨੋ ਧੰਨੁ ਕਹਿਆ, ਤਿਨ ਜਮੁ ਨੇੜਿ ਨ ਆਇਆ ॥ ਬੇਅੰਤ ਗੁਣ ਤੇਰੇ ਕਥੇ ਨ ਜਾਹੀ, ਸਤਿਗੁਰ ਪੁਰਖ ਮੁਰਾਰੇ ॥ ਬਿਨਵੰਤਿ ਨਾਨਕ ਟੇਕ ਰਾਖੀ, ਜਿਤੁ ਲਗਿ ਤਰਿਆ ਸੰਸਾਰੇ ॥੪॥੨॥ ਹੇ ਮੋਹ ਲੈਣ ਵਾਲੇ ਵਾਹਿਗੁਰੂ! ਤੂੰ ਸਮੇਤ ਪ੍ਰਵਾਰ ਦੇ ਸੋਹਣੇ ਫਲਾਂ ਨਾਲ ਫਲਿਆ ਹੈਂ।ਹੇ ਮੋਹਨ! (ਆਪ ਜੀ ਨੇ) ਪੁਤ੍ਰਾਂ, ਮਿਤ੍ਰਾਂ ਤੇ ਭਰਾਵਾਂ ਵਾਲੇ ਸਭ ਪ੍ਰਵਾਰ (ਸੰਸਾਰ ਸਮੁੰਦਰ ਤੋਂ) ਤਾਰ ਦਿਤੇ ਹਨ।ਜਿਨ੍ਹਾਂ (ਪੁਰਖਾਂ) ਨੇ ਤੇਰਾ ਦਰਸ਼ਨ ਪਾਇਆ ਹੈ, ਉਨ੍ਹਾਂ ਦਾ ਅਭਿਮਾਨ ਉਤਰ ਗਿਆ, (ਤੇਰਾ ਦਰਸ਼ਨ ਕਰਨ ਵਾਲਿਆਂ ਨੇ; ਪ੍ਰਭੂ ਨੇ ਸਾਰਾ) ਜਹਾਨ ਤਾਰ ਦਿਤਾ ਹੈ।ਜਿਨ੍ਹਾਂ (ਪੁਰਖਾਂ) ਨੇ ਤੈਨੂੰ ਧੰਨ ਕਿਹਾ (ਸਿਫਤ ਸਲਾਹ ਕੀਤੀ) ਹੈ, ਉਨ੍ਹਾਂ ਦੇ ਜਮ ਨੇੜੇ ਨਹੀਂ ਆਇਆ।ਹੇ ਸਤਿਗੁਰੂ! ਹੇ ਸਰਬ ਵਿਆਪਕ ਪ੍ਰਭੂ! ਤੇਰੇ ਗੁਣ ਬੇਅੰਤ ਹਨ, ਜੋ ਕਹੇ ਨਹੀਂ ਜਾ ਸਕਦੇ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, (ਅਸੀਂ ਤੇਰੀ) ਟੇਕ ਧਾਰ ਰੱਖੀ ਹੈ, ਜਿਸ (ਪ੍ਰਭੂ) ਨਾਲ ਲਗ ਕੇ ਸੰਸਾਰ ਤਰ ਗਿਆ ਹੈ।੪।੨।

ਪਦਾਰਥ = ਨਿਦਾਨਾ–ਅੰਤ ਨੂੰ।ਜਮਕਾਲੁ–ਕਾਲ ਕਰਨ ਵਾਲਾ ਜਮ।ਜੋ–ਜਿਹੜੇ।ਇਕ ਮਨਿ–ਮਨ ਦੀ ਇਕਾਗਤਾ ਨਾਲ।ਮਨਿ–ਮਨ ਰਾਹੀਂ।ਬਚਨਿ–ਬਚਨਾਂ ਰਾਹੀਂ।ਕਰਮਿ–ਕਰਮ ਰਾਹੀਂ।ਸੇ–ਉਹ।ਪਾਵਹੇ–ਪਾਉਂਦੇ ਹਨ।ਮਲ ਮੂਤ ਮੂੜ–ਜੋ ਮਲ ਮੂਤ੍ਰ ਕਰਨ ਵੀ ਨਹੀਂ ਜਾਣਦਾ; ਬੱਚਾ; ਮਹਾਂ ਅਗਿਆਨੀ; ਧਰਮ ਤੇ ਸਮਾਜ ਦੀ ਮਰਿਆਦਾ ਤੋਂ ਅਣਜਾਣ (ਇਹ ਅਰਥ ਮ.ਕੋ. ਦੇ ਹਨ)।ਜਿ–ਜਿਹੜੇ।

All Rights Reserved by Harjinder Singh Gyani | www.GuruGranthVakhyaan.org

ਮੁਗਧ–ਬੇਸਮਝ। ਸਿ–ਉਹ। ਸੁਗਿਆਨਾ–ਚੰਗੇ ਗਿਆਨੀ। ਨਿਹਚਲੁ–ਅਚੱਲ। ੩। ਸੁਫਲ ਫਲਿਆ–ਉਤਮ ਫਲ ਨਾਲ ਫਲਿਆ ਹੈਂ (ਜੋ (ਸੰਤ ਭਗਤ ਰੱਬ ਦੇ ਹੋ ਗਏ, ਉਹ ਰੱਬ ਦੇ ਸਫਲ ਫਲ ਹਨ)। ਸਣੁ ਪਰਵਾਰੇ–ਸਮੇਤ ਪ੍ਰਵਾਰ ਦੇ (ਖੰਡਾਂ ਬ੍ਰਹਮੰਡਾਂ ਦੇ ਜੀਵਾਂ ਦਾ ਪਿਤਾ ਵੱਡੇ ਪ੍ਰਵਾਰ ਵਾਲਾ ਹੈ)। ਭਾਈ–ਭਰਾ। ਕੁਟੰਬ–ਪ੍ਰਵਾਰ। ਲਹਿਆ–ਦੂਰ ਹੋ ਗਿਆ। ਮੁਰਾਰੇ–ਵਾਹਿਗੁਰੂ। ਟੇਕ–ਆਸਰਾ। ੪। ੨।

ਗਉੜੀ ਮਹਲਾ ੫ ॥ ਸਲੋਕੁ ॥ ਪਤਿਤ ਅਸੰਖ ਪੁਨੀਤ ਕਰਿ, ਪੁਨਹ ਪੁਨਹ ਬਲਿਹਾਰ ॥ ਨਾਨਕ ਰਾਮ ਨਾਮੁ ਜਪਿ ਪਾਵਕੋ, ਤਿਨ ਕਿਲਬਿਖ ਦਾਹਨਹਾਰ ॥੧॥ (ਜਿਸ ਪ੍ਰਭੂ ਨੇ) ਧਰਮ ਤੋ ਗਿਰੇ ਹੋਏ ਅਣਗਿਣਤ ਲੋਕਾਂ ਨੂੰ ਪਵਿਤ੍ਰ ਕਰ ਦਿਤਾ ਹੈ, (ਮੈਂ ਉਸ ਪ੍ਰਭੂ ਤੋਂ) ਵਾਰ ਵਾਰ ਕੁਰਬਾਨ ਹਾਂ। ਹੇ ਨਾਨਕ! ਵਾਹਿਗੁਰੂ ਦਾ ਨਾਮ ਜਪ, ਜੋ ਤਿਨਕਿਆਂ ਰੂਪ ਪਾਪਾਂ ਨੂੰ ਸਾੜਨ ਵਾਲੀ ਅੱਗ ਹੈ। ੧।

ਉਪਰਲੇ ਸਲੋਕ ਦਾ ਅੱਗੇ ਛੰਤ ਵਿਚ ਵਿਸਥਾਰ ਸਹਿਤ ਟੀਕਾ ਕੀਤਾ ਹੈ, ਜਿਸ ਵਿਚ ਪ੍ਰਭੂ ਦੇ ਵੱਖ ਵੱਖ ਗੁਣ ਵਾਚਕ ਨਾਮ ਹਨ।

ਛੰਤ ॥ ਜਪਿ ਮਨਾ ਤੂੰ ਰਾਮ ਨਰਾਇਣੁ ,ਗੋਵਿੰਦਾ ਹਰਿ ਮਾਧੋ ॥ ਧਿਆਇ ਮਨਾ ਮੁਰਾਰਿ ਮੁਕੰਦੇ, ਕਟੀਐ ਕਾਲ ਦੁਖ ਫਾਧੋ ॥ ਦੁਖ ਹਰਣ ਦੀਨ ਸਰਣ ਸ੍ਰੀ ਧਰ, ਚਰਨ ਕਮਲ ਅਰਾਧੀਐ ॥ ਜਮ ਪੰਥੁ ਬਿਖੜਾ ਅਗਨਿ ਸਾਗਰੁ ,ਨਿਮਖ ਸਿਮਰਤ ਸਾਧੀਐ ॥ ਕਲਿਮਲਹ ਦਹਤਾ ਸੁਧੁ ਕਰਤਾ, ਦਿਨਸੁ ਰੈਣਿ ਅਰਾਧੋ ॥ ਬਿਨਵੰਤਿ ਨਾਨਕ ਕਰਹੁ ਕਿਰਪਾ, ਗੋਪਾਲ ਗੋਬਿੰਦ ਮਾਧੋ ॥੧॥ ਹੇ ਮਨ! ਤੂੰ ਰਾਮ, ਨਰਾਇਣ, ਗੋਵਿੰਦ, ਹਰੀ ਮਾਧੋ ਨੂੰ ਜਪ। ਹੇ ਮਨ! ਮੁਰਾਰੀ, ਮੁਕੰਦ ਨੂੰ ਸਿਮਰ, (ਜਿਸ ਦੇ ਜਪਣ ਨਾਲ) ਕਾਲ ਦੇ ਦੁੱਖਾਂ ਦੀ ਫਾਹੀ ਕੱਟੀ ਜਾਂਦੀ ਹੈ। ਜੋ ਦੁਖ ਨਾਸ ਕਰਨ ਵਾਲਾ ਹੈ, ਗਰੀਬਾਂ ਨੂੰ ਸ਼ਰਣ ਦੇਣ ਵਾਲਾ ਹੈ ਤੇ ਮਾਇਆ ਦਾ ਮਾਲਕ ਹੈ, (ਉਸ ਦੇ) ਚਰਨ ਕਮਲ ਅਰਾਧਣੇ ਚਾਹੀਦੇ ਹਨ। ਜਮਾਂ ਦਾ ਰਸਤਾ ਬਹੁਤ ਕਠਨ ਹੈ ਤੇ ਸੰਸਾਰ ਅੱਗ ਦਾ ਸਮੁੰਦਰ ਹੈ; ਜਮਾਂ ਦਾ ਰਸਤਾ ਅੱਗ ਦਾ ਸਮੁੰਦਰ (ਬੈ ਤਰਨੀ ਨਦੀ) ਹੈ, ਜਿਸ ਨੂੰ ਤਰਨਾ ਕਠਨ ਹੈ, ਨਿਮਖ ਮਾਤ੍ਰ ਪ੍ਰਭੂ ਦੇ ਨਾਮ ਸਿਮਰਨ ਨਾਲ (ਇਹ) ਸਾਧ ਲਈਦਾ ਹੈ (ਤਰ ਜਾਈਦਾ ਹੈ। ਜੋ ਨਾਮ) ਪਾਪਾਂ ਨੂੰ ਸਾੜਨ ਵਾਲਾ ਹੈ ਅਤੇ ਪਵਿਤ੍ਰ ਕਰਨ ਵਾਲਾ ਹੈ ,ਦਿਨ ਰਾਤ ਉਸਦੀ ਅਰਾਧਨਾ ਕਰੋ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਹੇ ਗੋਪਾਲ! ਹੇ ਮਾਇਆ ਦੇ ਪਤੀ ਗੋਬਿੰਦ! (ਸਾਡੇ ਤੇ) ਕਿਰਪਾ ਕਰੋ (ਅਸੀਂ ਤੇਰਾ ਨਾਮ ਜਪੀਏ)। ੧।

ਸਿਮਰਿ ਮਨਾ ਦਾਮੋਦਰੁ ਦੁਖਹਰੁ ,ਭੈ ਭੰਜਨੁ ਹਰਿ ਰਾਇਆ ॥ ਸ੍ਰੀਰੰਗੋ ਦਇਆਲ ਮਨੋਹਰੁ ,ਭਗਤਿ ਵਛਲੁ ਬਿਰਦਾਇਆ ॥ ਹੇ ਮਨ! (ਤੂੰ) ਦਮੋਦਰ ਨੂੰ ,ਦੁਖ ਨਾਸ ਕਰਨ ਵਾਲੇ ਨੂੰ ,ਡਰ ਨਾਸ਼ ਕਰਨ ਵਾਲੇ ਹਰੀ ਰਾਜੇ ਨੂੰ ਸਿਮਰ। (ਉਹ ਪ੍ਰਭੂ) ਮਾਇਆ ਦਾ ਪਤੀ, ਦਇਆ ਕਰਨ ਵਾਲਾ, ਮਨ ਨੂੰ ਹਰਨ ਵਾਲਾ ਤੇ ਭਗਤੀ ਨੂੰ ਪਿਆਰ ਕਰਨ ਵਾਲਾ ਜਿਸਦਾ ਮੁੱਢ ਤੋਂ ਹੀ ਸੁਭਾਵ ਹੈ।

ਅੰਗ ੨੪੯ = ਭਗਤ ਵਛਲ ਪੁਰਖ ਪੂਰਨ, ਮਨਹਿ ਚਿੰਦਿਆ ਪਾਈਐ ॥ ਤਮ ਅੰਧ ਕੂਪ ਤੇ ਉਧਾਰੈ, ਨਾਮੁ ਮੰਨਿ ਵਸਾਈਐ ॥ ਸੁਰ ਸਿਧ ਗਣ ਗੰਧਰਬ ਮੁਨਿ ਜਨ, ਗੁਣ ਅਨਿਕ ਭਗਤੀ ਗਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ, ਪਾਰਬ੍ਰਹਮ ਹਰਿ ਰਾਇਆ ॥੨॥ (ਉਹ ਪ੍ਰਭੂ) ਭਗਤਾਂ ਦਾ ਪਿਆਰਾ, ਪਰੀ ਪੂਰਨ ਤੇ ਸਰਬ ਵਿਆਪਕ ਹੈ, (ਉਸ ਤੋਂ) ਮਨ ਬਾਂਛਤ ਫਲ ਪਾ ਲਈਦਾ ਹੈ। (ਜੇ ਪ੍ਰਭੂ ਦਾ) ਨਾਮ ਮਨ ਵਿਚ ਵਸਾ ਲਈਏ (ਤਾਂ ਉਹ ਸੰਸਾਰ ਰੂਪ) ਅੰਨ੍ਹੇ ਖੂਹ ਦੇ ਹਨ੍ਹੇਰੇ ਤੋਂ ਬਾਹਰ ਕੱਢ ਲੈਂਦਾ ਹੈ। ਦੇਵਤੇ, ਸਿੱਧ ਪੁਰਖ, (ਸ਼ਿਵਾਂ ਦੇ) ਗਣ, ਦੇਵਤਿਆਂ ਦੇ ਰਾਗੀ, ਰਿਸ਼ੀ ਮੁਨੀ ਜਨ ਅਤੇ ਅਨੇਕ ਭਗਤਾਂ ਨੇ ਹਰੀ ਦੇ ਗੁਣ ਗਾਏ ਹਨ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਹੇ ਪਾਰਬ੍ਰਹਮ! ਹੇ ਹਰੀ ਪਾਤਸ਼ਾਹ! (ਸਾਡੇ ਤੇ) ਕਿਰਪਾ ਕਰੋ (ਤਾਂ ਜੋ ਆਪ ਜੀ ਦਾ ਨਾਮ ਜਪਦੇ ਰਹੀਏ)। ੨।

ਪਦਾਰਥ = ਪਤਿਤ–ਧਰਮ ਤੋਂ ਗਿਰੇ ਹੋਏ ਮਨੁੱਖ। ਅਸੰਖ–ਅਣਗਿਣਤ। ਪੁਨੀਤ–ਪਵਿਤ੍ਰ। ਕਰਿ–ਕਰਦਾ ਹੈ। ਪੁਨਹ ਪੁਨਹ–ਬਾਰ ਬਾਰ। ਪਾਵਕੋ–ਅੱਗ। ਤਿਨ–ਤੀਲੇ; ਫੂਸ। ਕਿਲਵਿਖ–ਪਾਪ। ੧। ਛੰਤ। ਮਨਾ–ਹੇ ਮਨ!। ਮਾਧੋ–ਮਾਇਆ ਦਾ ਪਤੀ। ਮੁਰਾਰਿ–(ਮੁਰ ਦੈਂਤ ਦਾ ਵੈਰੀ) ਪ੍ਰਭੂ। ਮੁਕੰਦੇ–ਹੇ ਮੁਕਤੀ ਦਾਤਾ। ਫਾਧੋ–ਫਾਹੀ। ਹਰਣ–ਨਾਸ਼ ਕਰਨ ਵਾਲਾ। ਦੀਨ–ਗਰੀਬ। ਸ੍ਰੀ ਧਰ–ਮਾਇਆ ਦਾ ਆਸਰਾ। ਪੰਥੁ–ਰਸਤਾ। ਬਿਖੜਾ–ਔਖਾ। ਅਗਨਿ ਸਾਗਰ–ਅੱਗ ਦਾ ਸਮੁੰਦਰ; ਬੈਤਰਨੀ ਵਾਲਾ ਅੱਗ ਦਾ ਸਮੁੰਦਰ; ਦੁੱਖਾਂ ਦਾ ਸਮੁੰਦਰ ਸੰਸਾਰ (ਮ.ਕੋ.)। ਨਿਮਖ–ਅੱਖ ਝਮਕਣ ਜਿਤਨਾ ਸਮਾਂ। ਸਾਧੀਐ–ਪਾਰ ਲੰਘ ਜਾਈਦਾ ਹੈ। ਕਲਮਲਹ–ਪਾਪਾਂ ਨੂੰ। ਦਹਤਾ–ਸਾੜਨ ਵਾਲਾ। ਸੁਧੁ–ਪਵਿਤ੍ਰ। ਕਰਤਾ–ਕਰਨ ਵਾਲਾ। ਰੈਣਿ–ਰਾਤ। ਅਰਾਧੋ–ਸਿਮਰੋ। ਗੋਪਾਲ–ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ। ੧। ਦਾਮੋਦਰ–ਜਿਸਦੇ ਪੇਟ ਦੁਆਲੇ ਰੱਸੀ ਹੈ ਕ੍ਰਿਸ਼ਨ (ਵਾਹਿਗੁਰੂ ਜਿਸਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ)। ਦੁਖਹਰ–ਦੁੱਖ ਦੂਰ ਕਰਨ ਵਾਲਾ। ਭੈ ਭੰਜਨ–ਡਰ ਨਾਸ ਕਰਨ ਵਾਲਾ। ਸ੍ਰੀ ਰੰਗੋ–ਮਾਇਆ ਤੋਂ ਸੰਸਾਰ ਵਿਚ ਖੇਲ ਕਰਾਉਣ ਵਾਲਾ। ਮਨੋਹਰੁ–ਸੁੰਦਰ। ਭਗਤਿ ਵਛਲ–ਭਗਤੀ ਨੂੰ ਪਿਆਰ ਕਰਨ ਵਾਲਾ। ਬਿਰਦਾਇਆ–ਮੁੱਢ ਕਦੀਮੀ ਸੁਭਾਵ। ਮਨਹਿ–ਮਨ ਵਿਚ। ਚਿੰਦਿਆ–ਚਾਹਿਆ ਹੋਇਆ। ਤਮ–ਹਨ੍ਹੇਰਾ। ਅੰਧ ਕੂਪ–ਅੰਨ੍ਹਾ ਖੂਹ; ਅੰਧਕਾਰ ਜਗਤ। ਤੇ–ਤੋਂ। ਸੁਰ–ਦੇਵਤੇ। ਸਿਧ–ਕਰਾਮਾਤੀ–ਜੋਗੀ। ਗਣ–ਸ਼ਿਵ ਦੇ ਦਾਸ। ਗੰਧਰਬ–ਦੇਵਤਿਆਂ ਦੇ ਰਾਗੀ। ਮੁਨਿ ਜਨ–ਰਿਸ਼ੀ ਲੋਕ। ਭਗਤੀ–ਭਗਤਾਂ ਨੇ। ਬਿਨਵੰਤਿ–ਬੇਨਤੀ ਕਰਦਾ ਹੈ। ਰਾਇਆ–ਰਾਜਾ। ੨।

ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ,ਸਰਬ ਕਲਾ ਜਿਨਿ ਧਾਰੀ ॥ ਕਰੁਣਾਮੈ ਸਮਰਥੁ ਸੁਆਮੀ, ਘਟ ਘਟ ਪ੍ਰਾਣ ਅਧਾਰੀ ॥ ਪ੍ਰਾਣ ਮਨ

All Rights Reserved by Harjinder Singh Gyani | www.GuruGranthVakhyaan.org

ਤਨ ਜੀਅ ਦਾਤਾ, ਬੇਅੰਤ ਅਗਮ ਅਪਾਰੋ ॥ ਸਰਣਿ ਜੋਗੁ ਸਮਰਥੁ ਮੋਹਨੁ ,ਸਰਬ ਦੋਖ ਬਿਦਾਰੋ ॥ ਰੋਗ ਸੋਗ ਸਭਿ ਦੋਖ ਬਿਨਸਹਿ, ਜਪਤ ਨਾਮੁ ਮੁਰਾਰੀ ॥ ਬਿਨਵੰਤਿ ਨਾਨਕ ਕਰਹੁ ਕਿਰਪਾ, ਸਮਰਥ ਸਭ ਕਲ ਧਾਰੀ ॥੩॥ ਹੇ ਮਨ! ਪਾਰਬ੍ਰਹਮ ਪ੍ਰਮੇਸਰ ਨੂੰ ਚੇਤੇ ਕਰ, ਜਿਸ ਨੇ ਸਭ ਵਿਚ ਅਪਣੀ ਸ਼ਕਤੀ ਟਿਕਾਈ ਹੋਈ ਹੈ।(ਉਹ) ਦਇਆ ਦਾ ਸਰੂਪ ਹੈ, ਸਰਬ ਸ਼ਕਤੀਮਾਨ ਮਾਲਕ ਹੈ ਅਤੇ ਹਰ ਇਕ ਜੀਵ ਦੇ ਪ੍ਰਾਣਾਂ ਦਾ ਆਸਰਾ ਹੈ।(ਜੋ) ਪ੍ਰਾਣ, ਮਨ, ਤਨ ਤੇ ਆਤਮਾ ਦਾ ਦਾਤਾ ਹੈ ਅਤੇ ਬੇਅੰਤ ਹੈ, ਅਪਹੁੰਚ ਤੇ ਪਾਰ ਰਹਿਤ ਹੈ।(ਉਹ ਪ੍ਰਭੂ) ਸ਼ਰਣ ਵਿਚ ਆਏ ਜੀਵਾਂ ਦੀ ਰੱਖਿਆ ਕਰਨ ਦੇ ਯੋਗ ਹੈ ਤੇ ਸਮਰੱਥ ਹੈ, ਮੋਹ ਲੈਣ ਵਾਲਾ ਹੈ ਅਤੇ ਸਾਰੇ ਦੁੱਖ ਨਾਸ਼ ਕਰਨ ਵਾਲਾ ਹੈ।ਮੁਰਾਰੀ ਦਾ ਨਾਮ ਜਪਣ ਨਾਲ ਸਾਰੇ ਰੋਗ, ਸੋਗ ਤੇ ਪਾਪ ਨਾਸ਼ ਹੋ ਜਾਂਦੇ ਹਨ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਹੇ ਸਾਰੀ ਸ਼ਕਤੀ ਧਾਰਨ ਕਰਨ ਵਾਲੇ ਸਮਰੱਥ ਪ੍ਰਭੂ! ਸਾਡੇ ਤੇ ਕ੍ਰਿਪਾ ਕਰੋ (ਅਸੀਂ ਵੀ ਨਾਮ ਜਪਦੇ ਰਹੀਏ)।੩।

ਗੁਣ ਗਾਉ ਮਨਾ ਅਚੁਤ ਅਬਿਨਾਸੀ, ਸਭ ਤੇ ਊਚ ਦਇਆਲਾ ॥ ਬਿਸੰਭਰੁ ਦੇਵਨ ਕਉ ਏਕੈ, ਸਰਬ ਕਰੈ ਪ੍ਰਤਿਪਾਲਾ ॥ ਪ੍ਰਤਿਪਾਲ ਮਹਾ ਦਇਆਲ ਦਾਨਾ, ਦਇਆ ਧਾਰੇ ਸਭ ਕਿਸੈ ॥ ਕਾਲੁ ਕੰਟਕੁ ਲੋਭੁ ਮੋਹੁ ਨਾਸੈ, ਜੀਅ ਜਾ ਕੈ ਪ੍ਰਭੁ ਬਸੈ ॥ ਸੁਪ੍ਰਸੰਨ ਦੇਵਾ ਸਫਲ ਸੇਵਾ, ਭਈ ਪੂਰਨ ਘਾਲਾ ॥ ਬਿਨਵੰਤਿ ਨਾਨਕ ਇਛ ਪੁਨੀ, ਜਪਤ ਦੀਨ ਦੈਆਲਾ ॥੪॥੩॥ ਹੇ ਮਨ! ਸਦਾ ਥਿਰ ਤੇ ਨਾਸ਼ ਰਹਿਤ ਪ੍ਰਭੂ ਦੇ ਗੁਣ ਗਾ, ਜੋ ਸਭ ਤੋਂ ਉਚਾ ਹੈ ਤੇ ਦਿਆਲੂ ਹੈ।(ਉਹ) ਸੰਸਾਰ ਨੂੰ ਪਾਲਣ ਵਾਲਾ, ਇਕੋ ਪ੍ਰਭੂ ਹੀ ਸਭ ਕੁਝ ਦੇਣ ਵਾਲਾ ਹੈ ਤੇ ਸਭ ਦੀ ਪਾਲਣਾ ਕਰਦਾ ਹੈ।(ਉਹ ਸਭ ਦੀ) ਪਾਲਣਾ ਕਰਦਾ ਹੈ, ਮਹਾਂ ਦਿਆਲੂ ਹੈ, ਸਭ ਕੁਛ ਜਾਨਣ ਵਾਲਾ ਹੈ ਅਤੇ ਸਭ ਕਿਸੇ ਤੇ ਦਇਆ ਕਰਦਾ ਹੈ।(ਐਸਾ) ਪ੍ਰਭੂ ਜਿਸ ਕਿਸੇ ਮਨੁੱਖ ਦੇ ਮਨ ਵਿਚ ਵਸ ਜਾਂਦਾ ਹੈ, ਉਸਦੇ ਕਾਲ ਰੂਪ ਕੰਡਾ, ਲੋਭ ਤੇ ਮੋਹ ਆਦਿ ਨੱਸ ਜਾਂਦੇ ਹਨ।(ਜਦ ਮੇਰੇ ਉਤੇ) ਪ੍ਰਭੂ ਅਤੀ ਪ੍ਰਸੰਨ ਹੋਇਆ, (ਤਾਂ ਕੀਤੀ) ਸੇਵਾ ਸਫਲ ਹੋ ਗਈ ਤੇ ਘਾਲ ਵੀ ਪੂਰੀ ਹੋ ਗਈ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ, ਦੀਨ ਦਿਆਲ ਪ੍ਰਭੂ ਦਾ ਨਾਮ ਜਪਣ ਨਾਲ (ਮੇਰੀ ਹਰੇਕ) ਇੱਛਾ ਪੂਰੀ ਹੋ ਗਈ ਹੈ।੪।੩।

ਪਦਾਰਥ = ਚੇਤਿ–ਯਾਦ ਕਰ।ਸਰਬ–ਸਭ ਵਿਚ।ਕਲਾ–ਸ਼ਕਤੀ।ਧਾਰੀ–ਟਿਕਾ ਰੱਖੀ ਹੈ।ਕਰੁਣਾਮੈ–ਦਇਆ ਸਰੂਪ।ਘਟ ਘਟ–ਹਰ ਇਕ ਜੀਵ ਦਾ।ਅਧਾਰੀ–ਆਸਰਾ।ਜੀਅ–ਜੀਵਾਤਮਾ।ਅਗਮ–ਅਪਹੁੰਚ।ਦੋਖ–ਦੁਖ; ਦੋਸ਼; ਪਾਪ।ਬਿਦਾਰੋ–ਨਾਸ਼ ਕਰਨ ਵਾਲਾ।ਸਭ ਕਲ ਧਾਰੀ–ਸਾਰੀਆਂ ਸ਼ਕਤੀਆਂ ਧਾਰਨ ਕਰਨ ਵਾਲਾ ਭਾਵ ਸਾਰੀਆਂ ਸ਼ਕਤੀਆਂ ਦਾ ਸੋਮਾ; ਸਾਰੀ ਰਚਨਾ ਨੂੰ ਅਪਣੀ ਤਾਕਤ ਨਾਲ ਟਿਕਾ ਕੇ ਰੱਖਣ ਵਾਲਾ।੩।ਅਚੁਤ–ਸਦਾ ਥਿਰ; ਅਟੱਲ।ਅਬਿਨਾਸੀ–ਨਾਸ਼ ਰਹਿਤ।ਬਿਸੰਭਰ–ਵਿਸ਼ਵ ਨੂੰ ਪਾਲਣ ਵਾਲਾ।ਦੇਵਨ ਕਉ–ਦੇਣ ਵਾਲਾ।ਦਾਨਾ–ਜਾਨਣ ਵਾਲਾ।ਸਭ ਕਿਸੈ–ਸਭ ਕਿਸੇ ਉਤੇ।ਕੰਟਕੁ–ਕੰਡਾ।ਕਾਲੁ–ਮੌਤ।ਨਾਸੈ–ਦੌੜ ਜਾਂਦਾ ਹੈ।ਜੀਅ–ਮਨ ਵਿਚ।ਦੇਵਾ–ਪ੍ਰਮਾਤਮ ਦੇਵ।ਭਈ ਪੂਰਨ–ਪੂਰੀ ਹੋਈ; ਸਿਰੇ ਚੜ੍ਹ ਗਈ।ਘਾਲਾ–ਮਿਹਨਤ।ਇਛ ਪੁਨੀ–ਇੱਛਾ ਪੂਰੀ ਹੋ ਗਈ।ਦੀਨ ਦੈਆਲਾ–ਗਰੀਬਾਂ ਉਪਰ ਦਇਆ ਕਰਨ ਵਾਲਾ।੪।੩।

ਗਉੜੀ ਮਹਲਾ ੫ ॥ ਸੁਣਿ ਸਖੀਏ ਮਿਲਿ ਉਦਮੁ ਕਰੇਹਾ, ਮਨਾਇ ਲੈਹਿ ਹਰਿ ਕੰਤੈ ॥ ਮਾਨੁ ਤਿਆਗਿ ਕਰਿ ਭਗਤਿ ਠਗਉਰੀ, ਮੋਹਹ ਸਾਧੂ ਮੰਤੈ ॥ ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ, ਇਹ ਰੀਤਿ ਭਲੀ ਭਗਵੰਤੈ ॥ ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ,ਪੁਨੀਤ ਕਰੈ ਤਿਸੁ ਜੰਤੈ ॥੧॥ ਹੇ ਸਖੀਏ! ਸੁਣ, (ਆਪਾਂ) ਮਿਲ ਕੇ ਉਦਮ ਕਰੀਏ ਅਤੇ ਹਰੀ ਕੰਤ ਨੂੰ ਮਨਾ (ਪ੍ਰਸੰਨ ਕਰ) ਲਈਏ। ਹੰਕਾਰ ਛਡ ਕੇ ਭਗਤੀ ਕਰੀਏ, (ਇਹੋ ਹੀ ਪ੍ਰਭੂ ਕੰਤ ਨੂੰ ਵਸ ਕਰਨ ਵਾਲੀ) ਠਗਬੂਟੀ ਹੈ, ਗੁਰੂ ਦੇ ਉਪਦੇਸ਼ ਨਾਲ (ਉਪਦੇਸ਼ ਤੇ ਅਮਲ ਕਰਕੇ ਹਰੀ ਕੰਤ ਨੂੰ) ਮੋਹ ਲਈਏ {ਪ੍ਰੇਮ ਠਗਉਰੀ ਜਿਨ ਕਉ ਪਾਈ, ਤਿਨ ਰਸੁ ਪੀਅਉ ਭਾਰੀ ੭੦੨}; ਭਗਤੀ ਦੀ ਠਗਬੂਟੀ ਬਣਾ ਕੇ ਗੁਰੂ ਦੀ ਸਲਾਹ ਨਾਲ ਹਰੀ ਨੂੰ ਮੋਹ ਲਈਏ (ਸ਼ਬਦਾਰਥ)।ਹੇ ਸਖੀ! (ਹਰੀ ਕੰਤ) ਇਕ ਵਾਰ ਵਸ ਆਇਆ ਹੋਇਆ ਫਿਰ ਛਡ ਕੇ ਨਹੀਂ ਜਾਂਦਾ, ਇਹ ਭਗਵੰਤ ਦੀ ਚੰਗੀ ਰੀਤ ਹੈ।ਨਾਨਕ ਗੁਰੂ ਜੀ ਆਖਦੇ ਹਨ, (ਜਿਸ ਮਨੁੱਖ ਦੇ ਵਸ ਵਿਚ ਪ੍ਰਭੂ ਕੰਤ ਆ ਜਾਂਦਾ ਹੈ, ਉਸਦਾ) ਬੁਢੇਪੇ, ਮੌਤ ਤੇ ਨਰਕ ਦਾ ਡਰ ਦੂਰ ਕਰ ਦੇਂਦਾ ਹੈ ਅਤੇ ਉਸ ਜੀਵ ਨੂੰ ਪਵਿਤ੍ਰ ਕਰ ਦੇਂਦਾ ਹੈ।੧।

ਸੁਣਿ ਸਖੀਏ ਇਹ ਭਲੀ ਬਿਨੰਤੀ, ਏਹੁ ਮਤਾਂਤੁ ਪਕਾਈਐ ॥ ਸਹਜਿ ਸੁਭਾਇ ਉਪਾਧਿ ਰਹਤ ਹੋਇ, ਗੀਤ ਗੋਵਿੰਦਹਿ ਗਾਈਐ ॥ ਕਲਿ ਕਲੇਸ ਮਿਟਹਿ ਭ੍ਰਮ ਨਾਸਹਿ, ਮਨਿ ਚਿੰਦਿਆ ਫਲੁ ਪਾਈਐ ॥ ਪਾਰਬ੍ਰਹਮ ਪੂਰਨ ਪਰਮੇਸਰ, ਨਾਨਕ ਨਾਮੁ ਧਿਆਈਐ ॥੨॥ ਹੇ ਸਖੀਏ (ਸੰਤ ਜੀ)! ਮੇਰੀ ਇਕ ਨੇਕ ਬੇਨਤੀ ਸੁਣ, ਅਸੀਂ ਇਹ ਸਲਾਹ ਪੱਕੀ (ਦ੍ਰਿੜ ਸੰਕਲਪ) ਕਰੀਏ।(ਆਪਾਂ) ਛਲ ਰਹਿਤ ਹੋ ਕੇ ਸਰਲ ਸੁਭਾਵ ਨਾਲ ਗੋਬਿੰਦ (ਦੀ ਸਿਫਤ ਸਲਾਹ) ਦੇ ਗੀਤ ਗਾਈਏ।(ਸਿਫਤ ਸਲਾਹ ਕਰਨ ਨਾਲ) ਕਲਜੁਗ ਦੇ ਕਲੇਸ਼ ਮਿਟ ਜਾਂਦੇ ਹਨ ਤੇ ਭਰਮ ਵੀ ਨਾਸ਼ ਹੋ ਜਾਂਦਾ ਹੈ ਅਤੇ ਮਨ ਇੱਛਤ ਫਲ ਪਾ ਲਈਦਾ ਹੈ।ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਸਾਨੂੰ ਸਦਾ) ਪਾਰਬ੍ਰਹਮ ਪੂਰਨ ਪ੍ਰਮੇਸਰ ਦਾ ਨਾਮ ਧਿਆਉਣਾ ਚਾਹੀਦਾ ਹੈ।੨।

ਸਖੀ ਇਛ ਕਰੀ ਨਿਤ ਸੁਖ ਮਨਾਈ, ਪ੍ਰਭ ਮੇਰੀ ਆਸ ਪੁਜਾਏ ॥ ਚਰਨ ਪਿਆਸੀ ਦਰਸ ਬੈਰਾਗਨਿ, ਪੇਖਉ ਥਾਨ ਸਬਾਏ ॥ ਖੋਜਿ

All Rights Reserved by Harjinder Singh Gyani | www.GuruGranthVakhyaan.org

ਲਹਉ ਹਰਿ ਸੰਤ ਜਨਾ ਸੰਗੁ ,ਸੰਮ੍ਰਿਥ ਪੁਰਖ ਮਿਲਾਏ ॥ ਨਾਨਕ ਤਿਨ ਮਿਲਿਆ ਸੁਰਿਜਨੁ ਸੁਖ ਦਾਤਾ, ਸੇ ਵਡਭਾਗੀ ਮਾਏ ॥੩॥ ਹੇ ਸਹੇਲੀਏ! (ਮੈਂ ਇਹੋ) ਇਛਾ ਕਰਦੀ ਹਾਂ ਤੇ ਸੁਖ ਮਨਾਉਂਦੀ ਹਾਂ ਕਿ ਪ੍ਰਭੂ ਮੇਰੀ ਆਸ ਪੂਰੀ ਕਰ ਦੇਵੇ।(ਮੈਂ ਪ੍ਰਭੂ ਦੇ) ਚਰਨਾਂ ਦੀ ਪਿਆਸੀ ਹਾਂ, ਦਰਸ਼ਨਾਂ ਲਈ ਬੈਰਾਗਵਾਨ ਹਾਂ (ਕੁਛ ਚੰਗਾ ਨਹੀਂ ਲਗਦਾ) ਅਤੇ ਸਾਰੇ ਥਾਵਾਂ ਤੇ ਦੇਖਦੀ (ਢੂੰਢਦੀ) ਫਿਰਦੀ ਹਾਂ।ਹਰੀ ਦੇ ਸੰਤ ਜਨਾਂ ਨੂੰ ਲੱਭ ਲਵਾਂ ,ਜਿਨ੍ਹਾ ਦਾ ਸੰਗ ਮੈਨੂੰ ਸਮਰੱਥ ਪੁਰਖ ਮਿਲਾ ਦੇਵੇ।ਨਾਨਕ ਗੁਰੂ ਜੀ ਆਖਦੇ ਹਨ, ਹੇ ਮਾਂ (ਰੂਪ ਸਖੀਏ)! ਉਹ ਵੱਡੇ ਭਾਗਾਂ ਵਾਲੇ ਪੁਰਖ ਹਨ (ਕਿਉਂਕਿ) ਉਨ੍ਹਾਂ ਨੂੰ ਸੁੱਖਾਂ ਦਾ ਦਾਤਾ ਦੇਵ ਪੁਰਖ ਪ੍ਰਮਾਤਮਾ ਮਿਲ ਗਿਆ ਹੈ।੩।

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ, ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ ਸੁਣਿ ਸਖੀਏ ਮੇਰੀ ਨੀਦ ਭਲੀ, ਮੈ ਆਪਨੜਾ ਪਿਰੁ ਮਿਲਿਆ ॥ ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ, ਪਰਗਾਸੁ ਭਇਆ ਕਉਲੁ ਖਿਲਿਆ ॥ ਵਰੁ ਪਾਇਆ ਪ੍ਰਭੁ ਅੰਤਰਜਾਮੀ, ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥ ਹੇ ਸਖੀ! ਮੈਂ ਅਪਣੇ ਪਿਆਰੇ ਪ੍ਰਭੂ ਪਤੀ ਨਾਲ ਵਸਦੀ ਹਾਂ, ਮੇਰਾ ਮਨ ਤੇ ਤਨ ਹਰੀ ਨਾਲ ਗਿੱਝ ਗਿਆ ਹੈ।ਹੇ ਸਖੀ! ਸੁਣ, ਮੇਰੀ (ਸ਼ਾਂਤੀ ਰੂਪ) ਨੀਂਦ ਚੰਗੀ ਹੈ, (ਕਿਉਂਕਿ) ਮੈਨੂੰ ਅਪਣਾ ਪਤੀ ਪ੍ਰਮੇਸਰ ਮਿਲ ਗਿਆ ਹੈ।(ਜਿਸ ਦੇ ਮਿਲਣ ਨਾਲ) ਭਰਮ ਦੂਰ ਹੋ ਗਿਆ, ਸਹਜੇ ਹੀ ਸ਼ਾਂਤੀ ਪ੍ਰਾਪਤ ਹੋ ਗਈ, (ਜਿਵੇਂ ਸੂਰਜ ਦੇ ਪ੍ਰਕਾਸ਼ ਨਾਲ ਕਮਲ ਖਿੜ ਜਾਂਦਾ ਹੈ, ਤਿਵੇਂ ਮੇਰੇ ਅੰਦਰ ਵਾਹਿਗੁਰੂ ਦੀ ਜੋਤ ਦਾ) ਪ੍ਰਕਾਸ਼ ਹੋ ਗਿਆ ਤੇ ਹਿਰਦਾ ਕਮਲ ਖਿੜ ਪਿਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਮੈਂ ਅੰਤ੍ਰਜਾਮੀ ਪ੍ਰਭੂ ਪਤੀ ਪਾ ਲਿਆ ਹੈ, ਹੁਣ ਮੇਰਾ ਸੁਹਾਗ (ਵਿਆਹ ਵਾਲਾ ਜੀਵਨ) ਟਲ ਨਹੀਂ ਸਕਦਾ (ਹੁਣ ਮੈਨੂੰ ਸਦਾ ਰਹਿਣ ਵਾਲਾ ਸੁਹਾਗ ਮਿਲ ਗਿਆ ਹੈ, ਕਿਉਂਕਿ ਮੇਰਾ ਪਤੀ ਪ੍ਰਮੇਸਰ ਕਦੇ ਮਰਦਾ ਨਹੀਂ)।੪।੪।੨।੫।੧੧।

ਪਦਾਰਥ =ਸਖੀ–ਹੇ ਸਹੇਲੀਏ! (ਹੇ ਗੁਰਮੁਖ ਮਿਤ੍ਰ!)।ਮਿਲਿ–ਮਿਲ ਕੇ।ਕਰੇਹਾ–ਕਰੀਏ।ਮਨਾਇ ਲੈਹਿ–ਮਨਾ (ਰਾਜੀ ਕਰ) ਲਈਏ।ਕੰਤੈ–ਕੰਤ ਨੂੰ।ਮਾਨੁ–ਹੰਕਾਰ।ਤਿਆਗਿ–ਛਡ ਕੇ।ਕਰਿ–ਕਰ ਕੇ; ਬਣਾ ਕੇ।ਠਗਉਰੀ–ਬੇਹੋਸ਼ ਕਰਨ ਵਾਲੀ ਨਸ਼ੀਲੀ ਬੂਟੀ; ਪ੍ਰੇਮ ਸ਼ਰਧਾ ਆਦਿ ਸ਼ੁੱਭ ਗੁਣਾਂ ਨਾਲ ਅਪਣੇ ਪ੍ਰੀਤਮ ਦਾ ਮਨ ਚੁਰਾਉਣ ਰੂਪ ਸਾਧਨ (ਮ.ਕੋ.)।ਮੋਹਹ–ਮੋਹ ਲਈਏ।ਸਾਧੂ ਮੰਤੈ–ਸਾਧ ਗੁਰੂ ਦੇ ਦਿਤੇ ਨਾਮ ਮੰਤ੍ਰ ਨਾਲ; ਗੁਰੂ ਦੇ ਉਪਦੇਸ਼ ਨਾਲ।ਫਿਰਿ–ਮੁੜ ਦੁਬਾਰਾ।ਰੀਤਿ–ਮਰਿਆਦਾ।ਭਗਵੰਤੈ–ਭਗਵਾਨ ਦੀ।ਜਰਾ–ਬੁਢੇਪਾ।ਮਰਣ–ਮੌਤ।ਨਿਵਾਰੈ–ਦੂਰ ਕਰਦਾ ਹੈ।ਪੁਨੀਤ–ਪਵਿਤ੍ਰ।ਤਿਸੁ–ਉਸ।ਜੰਤੈ–ਜੀਵ ਨੂੰ।੧।ਮਤਾਂਤੁ–ਸਲਾਹ।ਪਕਾਈਐ–ਪੱਕੀ ਕਰ ਲਈਏ; ਦ੍ਰਿੜ ਸੰਕਲਪ ਕਰੀਏ।ਸਹਜਿ ਸੁਭਾਇ–ਸਰਲ ਸੁਭਾਵ ਨਾਲ।ਉਪਾਧਿ–ਛਲ; ਵਿਕਾਰ।ਗੋਵਿੰਦਹਿ–ਗੋਵਿੰਦ ਦੇ।ਕਲਿ–ਝਗੜਾ ;ਕਲਜੁਗ ਦੇ।ਚਿੰਦਿਆ–ਚਾਹਿਆ ਹੋਇਆ।੨।ਇਛ–ਇੱਛਾ।ਕਰੀ–ਕਰਦੀ ਹਾਂ।ਸੁਖ ਮਨਾਈ–ਸੁੱਖਾਂ ਸੁਖਦੀ ਹਾਂ; ਅਰਾਧਨਾ ਕਰਦੀ ਹਾਂ (ਮ.ਕੋ.)।ਪੁਜਾਇ–ਪੂਰੀ ਕਰੇ।ਬੈਰਾਗਨਿ–ਉਦਾਸਣ; ਵਿਆਕੁਲ।ਪੇਖਉ–ਦੇਖਦੀ ਹਾਂ।ਸਬਾਏ–ਸਾਰੇ।ਖੋਜਿ ਲਹਉ–ਖੋਜ ਲਵਾਂ। ਸੰਗੁ–ਸਾਥ।ਸੰਮ੍ਰਿਥ–ਸਰਬ ਸ਼ਕਤੀਵਾਨ।ਪੁਰਖ–ਸਰਬ ਵਿਆਪਕ।ਤਿਨ–ਉਨ੍ਹਾਂ ਨੂੰ।ਸੁਰਿਜਨ–ਦੇਵ ਪੁਰਖ ਪ੍ਰਭੂ।ਸੇ–ਉਹ।ਮਾਏ–ਹੇ ਮਾਂ!।੩।ਵਸਾ–ਵਸਦੀ ਹਾਂ।ਨਾਹ ਨਾਲਿ–ਪਤੀ ਨਾਲ।ਹਿਲਿਆ–ਗਿੱਝ ਗਿਆ।ਸਹਜੇ–ਸੌਖੇ ਹੀ।ਭਇਆ–ਹੋਇਆ।ਕਉਲੁ–ਹਿਰਦਾ ਕਮਲ।ਖਿਲਿਆ–ਖਿੜ ਗਿਆ।ਵਰੁ–ਪਤੀ।ਨ ਟਲਿਆ–ਟਲਦਾ ਨਹੀ; ਦੂਰ ਨਹੀਂ ਹੋਇਆ; ਅਟੱਲ।੪।੪।੨।੫।੧੧।

ਵਿਆਖਿਆ = ਇਸ ਛੰਤ ਦੇ ਚਾਰ ਚਾਰ ਸਤਰਾਂ ਵਾਲੇ ਚਾਰ ਪਦੇ ਹਨ।ਪਤੀ ਪ੍ਰਮੇਸਰ ਕਿਵੇਂ ਮਿਲੇ, ਇਸ ਵਾਰੇ ਦੋ ਸਖੀਆਂ ਦਾ ਆਪੋ ਵਿਚ ਸੰਬਾਦ ਹੈ।ਕੁਝ ਬੀਬੀਆਂ ਪਤੀ ਨੂੰ ਵਸ ਕਰਨ ਲਈ ਤਾਂਤਰਿਕਾਂ ਕੋਲੋਂ ਮੰਤ੍ਰ ਕਰਾਉਂਦੀਆਂ ਹਨ, ਬੂਟੀ ਘੋਲ ਕੇ ਪਿਲਾਉਂਦੀਆਂ ਹਨ।ਇਥੇ ਮੰਤ੍ਰ ਦੀ ਜਗ੍ਹਾ ਗੁਰੂ ਦਾ ਨਾਮ ਮੰਤ੍ਰ ਲਿਆ ਹੈ, ਬੂਟੀ ਦੀ ਥਾਵੇਂ ਭਗਤੀ ਨੂੰ ਲਿਆ ਹੈ, ਜੋ ਹੰਕਾਰ ਛੱਡ ਕੇ ਕੀਤੀ ਜਾਵੇ। ਕਈ ਵਾਰੀ ਕਿਸੇ ਗੱਲੋਂ ਗੁੱਸੇ ਹੋ ਕੇ ਪਤਨੀ ਨੂੰ ਪਤੀ ਛਡ ਕੇ ਚਲੇ ਜਾਂਦਾ ਹੈ, ਪਰ ਇਕ ਵਾਰ ਮਿਲਿਆ ਹੋਇਆ ਪ੍ਰਭੂ ਪਤੀ ਛਡ ਕੇ ਨਹੀਂ ਜਾਂਦਾ।ਅੰਕ ੨ ਵਿਚ ਦਸਿਆ ਹੈ ਕਿ ਛਲ ਫਰੇਬ ਛਡ ਕੇ ਸਰਲ ਸੁਭਾਵ ਧਾਰ ਕੇ ਰੱਬ ਦੇ ਗੁਣ ਗਾਏ ਜਾਣ।ਇਸ ਨਾਲ ਭਰਮ ਕਲੇਸ ਦੂਰ ਹੋ ਜਾਣਗੇ ਅਤੇ ਮਨ ਬਾਂਛਤ ਫਲ ਮਿਲ ਜਾਏਗਾ।ਅੰਕ ੩ ਵਿਚ ਸੰਤਾਂ ਦੀ ਮੱਦਦ ਨਾਲ ਪਤੀ ਪ੍ਰਭੂ ਨੂੰ ਮਿਲਣ ਦਾ ਜਿਕਰ ਹੈ।ਉਹ ਸੰਤ ਜਿਨ੍ਹਾਂ ਨੂੰ ਪ੍ਰਭੂ ਮਿਲਿਆ ਹੋਇਆ ਹੈ, ਉਹ ਸੰਤ ਦੂਜਿਆਂ ਨੂੰ ਵੀ ਮਿਲਾ ਕੇ ਖੁਸ਼ ਹੋਵੇ।ਐਸਾ ਨ ਹੋਵੇ ਕਿ ਉਹ ਦੂਜਿਆਂ ਨੂੰ ਮਿਲਣ ਹੀ ਨਾ ਦੇਵੇ।ਅੰਕ ੪ ਵਿਚ ਦਸਿਆ ਹੈ ਕਿ ਪਤੀ ਦੇ ਵਿਛੋੜੇ ਵਿਚ ਪਹਿਲਾਂ ਨੀਂਦ ਨਹੀਂ ਸੀ ਆਉਂਦੀ, ਹੁਣ ਮਿਲਣ ਤੋਂ ਬਾਦ ਸਹਜੇ ਸੁਖ ਸੁੱਤੀ ਵਾਲੀ ਨੀਂਦ ਆ ਜਾਂਦੀ ਹੈ ਭਾਵ ਸ਼ਾਂਤੀ ਵਾਲਾ ਸਹਜ ਸੁਖ ਮਿਲ ਗਿਆ ਹੈ।ਅਗਿਆਨ, ਭਰਮ ਆਦਿ ਵਿਕਾਰ ਦੂਰ ਹੋ ਗਏ, ਅੰਦਰ ਪਿਆਰੇ ਦਾ ਪ੍ਰਕਾਸ਼ ਹੋ ਗਿਆ ਤੇ ਹਿਰਦਾ ਕਮਲ ਖਿੜ ਗਿਆ।ਜਿਸਦਾ ਮੇਲ ਹੋਇਆ, ਉਹ ਬਾਹਰ ਨਹੀਂ, ਅੰਦਰ ਹੀ ਹੈ।ਵਿਆਹ ਵਾਲਾ ਐਸਾ ਜੀਵਨ ਖਤਮ ਨਹੀਂ ਹੋਵੇਗਾ, ਸਦਾ ਕਾਇਮ ਰਹਿਣ ਵਾਲਾ ਪਤੀ ਪ੍ਰਮੇਸਰ ਮਿਲ ਗਿਆ ਹੈ।

ਮਹਲਾ ੫ ਦੇ ੪ ਛੰਤ, ਮਹਲਾ ੧ ਦੇ ੨ ਛੰਤ, ਮਹਲਾ ੩ ਦੇ ੫ ਛੰਤ, ਕੁਲ ਜੋੜ = ੧੧ ॥ ਛੰਤ ਸਮਾਪਤ ॥

All Rights Reserved by Harjinder Singh Gyani | www.GuruGranthVakhyaan.org

ਅੰਗ ੨੫੦ = ੴ ਸਤਿਗੁਰ ਪ੍ਰਸਾਦਿ ॥ ਗਉੜੀ ਬਾਵਨ ਅਖਰੀ ਮਹਲਾ ੫ ॥

ਉਥਾਨਕਾ = ਬਾਵਨ ਅਖਰੀ ਦਾ ਅਰਥ ਹੈ = ਬਵੰਜਾ ਅੱਖਰਾਂ ਵਾਲੀ ਬਾਣੀ। ਬਾਵਨ ਅਖਰ ਭਾਵ ਬਵੰਜਾ ਅੱਖਰ, ਵਰਣਮਾਲਾ, ਸੰਸਕ੍ਰਿਤ ਵਾਲੇ ਅਪਣੀ ਵਰਣਮਾਲਾ ਦੇ ੫੨ ਅੱਖਰ ਗਿਣਦੇ ਹਨ, ਤੇ ਸੰਸਕ੍ਰਿਤ ਵਰਣਮਾਲਾ ਨੂੰ ਦੇਵਨਾਗਰੀ ਵੀ ਕਿਹਾ ਜਾਂਦਾ ਹੈ। ਇਨ੍ਹਾਂ ਅੱਖਰਾਂ ਵਿਚ ਹਿੰਦੀ ਵੀ ਲਿਖੀ ਜਾਂਦੀ ਹੈ, ਜਿਵੇਂ ਉਰਦੂ ਵਾਸਤੇ ਫਾਰਸੀ ਦੇ ਅੱਖਰ ਵਰਤੇ ਜਾਂਦੇ ਹਨ। ਅਰਬੀ ਅਤੇ ਫਾਰਸੀ ਦੇ ੩੦ ਅੱਖਰਾਂ ਦੀ ਵਰਣਮਾਲਾ ਨੂੰ ਸਿਹਰਫੀ ਆਖਦੇ ਹਨ। ਗੁਰਮੁਖੀ ਦੇ ੩੫ ਅੱਖਰ ਹਨ, ਇਸ ਕਰਕੇ ਗੁਰਮੁਖੀ ਦੀ ਵਰਣਮਾਲਾ ਨੂੰ ਪੈਂਤੀ ਆਖਦੇ ਹਨ। ਗਉੜੀ ਰਾਗ ਵਿਚ ਕਬੀਰ ਸਾਹਿਬ ਦੀ ਉਚਾਰੀ ਹੋਈ ਬਾਵਨ ਅਖਰੀ ਵੀ ਹੈ, ਪਰ ਉਸ ਵਿਚ ੩੪ ਅੱਖਰਾਂ ਦਾ ਵੇਰਵਾ ਹੈ। ਸੰਸਕ੍ਰਿਤ ਵਿਚ ੜਾੜਾ ਅੱਖਰ ਨਹੀਂ ਹੈ, ਇਸ ਕਰਕੇ ਕਬੀਰ ਸਾਹਿਬ ਦੀ ਬਾਵਨ ਅੱਖਰੀ ਵਿਚ ਵੀ ੜਾੜਾ ਨਹੀਂ ਹੈ। ੜਾੜਾ ਅੱਖਰ ਕੇਵਲ ਪੰਜਾਬੀ ਵਿਚ ਹੀ ਹੈ। ਸੰਪ੍ਰਦਾਈ ਵਿਦਵਾਨਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਬਾਵਨ ਅਖਰੀ ਉਚਾਰ ਕੇ ਅਪਣੇ ਮਹਿਲ ਮਾਤਾ ਗੰਗਾ ਜੀ ਨੂੰ ਬਤੌਰ ਆਤਮ ਭੂਸ਼ਣਾਂ ਦੀ ਬਖਸ਼ਿਸ਼ ਕੀਤੀ ਸੀ, ਜਦ ਉਨ੍ਹਾਂ ਨੇ ਗੁਰੂ ਜੀ ਤੋਂ ਸੋਨੇ ਦੇ ਗਹਿਣਿਆਂ ਦੀ ਮੰਗ ਕੀਤੀ ਸੀ। ਮਨ ਨਹੀਂ ਮੰਨਦਾ ਕਿ ਉਨ੍ਹਾਂ ਨੇ ਸੋਨੇ ਦੇ ਗਹਿਣਿਆਂ ਦੀ ਮੰਗ ਕੀਤੀ ਹੋਵੇ। ਉਹ ਨਾਮ ਸਿਮਰਨ ਦੇ ਬਹੁਤ ਪ੍ਰੇਮੀ ਸਨ, ਨਾਮ ਦੇ ਰਸੀਆਂ ਨੂੰ ਦੁਨਿਆਵੀ ਰਸਾਂ ਕਸਾਂ ਦੀ ਕੋਈ ਭੁੱਖ ਨਹੀ ਹੋਇਆ ਕਰਦੀ। ਮਾਤਾ ਜੀ ਇਸ ਬਾਣੀ ਦਾ ਹਰ ਰੋਜ ਨੇਮ ਸਹਿਤ ਪਾਠ ਕਰਿਆ ਕਰਦੇ ਸਨ। ਮਾਤਾ ਜੀ ਦਾ ਇਸ ਬਾਣੀ ਨੂੰ ਅਪਣੇ ਨਿਤਨੇਮ ਦੇ ਪਾਠ ਵਿਚ ਸ਼ਾਮਲ ਕਰ ਲੈਣਾ, ਉਨ੍ਹਾਂ ਦੀ ਸ਼ਰਧਾ ਭਗਤੀ ਨੂੰ ਪ੍ਰਗਟਾਉਂਦਾ ਹੈ। ਸੂਰਜ ਪ੍ਰਕਾਸ਼ ਅਨੁਸਾਰ ਮਾਤਾ ਜੀ ਦੀ ਮੰਗ ਗਹਿਣਿਆਂ ਦੀ ਨਹੀਂ ਸੀ, ਉਥੇ ਪਰਸੰਗ ਇਉਂ ਵਰਨਣ ਹੈ ঃ–

ਇਕ ਦਿਨ ਭਾਨੁ ਆਏ ਮਧਯਾਨਾ। ਸ੍ਰੀ ਗੁਰ ਗਏ ਸੁਧਾਸਰ ਥਾਨਾ। ਦੇ ਦਰਸਨ ਬਹੁਰੋ ਮੁਰ ਆਏ।
ਜਾਮ ਦਿਵਸ ਬੈਠੇ ਹਰਖਾਏ।੨੯। ਬਾਵਨ ਅਖਰੀ ਕਰੀ ਬਨਾਵਨਿ। ਉਚਰਤ ਮੁਖ ਤੇ ਹੇਤ ਲਿਖਾਵਨਿ।
ਆਦਿ ਅੰਤ ਧਰਿ ਏਕ ਸਲੋਕ। ਮਹਿਮਾ ਸਤਿਗੁਰ ਕੀ ਸੁਖ ਓਕ।੩੦। ਲਿਖਿ ਪਠਿ ਕੈ ਪ੍ਰਸੰਨ ਭਾ ਭਾਈ।
ਕਹਿਨਿ ਲਗਯੋ ਬਹੁ ਰੁਚਿਰ ਬਨਾਈ। ਸੁੰਦਰ ਪਾਠ ਅਰਥ ਜਹ ਰਾਖਾ। ਸੁਨਿ ਸ੍ਰੀ ਅਰਜਨ ਪੁਨਿ ਭਾਖਾ।੩੧।
ਸ੍ਰੀ ਪਰਮੇਸਰ ਕੀਰਤਿ ਠਾਨੀ। ਰੁਚਿਰ ਬਿਭੂਖਨ ਤਿਸੁ ਗੁਰਬਾਨੀ। ਜੋ ਇਹੁ ਬਾਵਨ ਬਰਨੀ ਬਨੀ।
ਸੁਭਿਤ ਜਰਾਊ ਹੀਰਨਿ ਮਨੀ।੩੨। ਜੇਬ ਜਵਾਹਰ ਜਰਯੋ ਜਰਾਊ। ਤਿਹ ਜੇਵਰ ਕੇ ਸਮ ਛਬਿ ਪਾਊ।
ਪਾਠਕ ਭੁਗਤਿ ਮੁਕਤਿ ਕੀ ਦਾਤਾ। ਹਲਤਿ ਪਲਤਿ ਸੁਖ ਜਿਨ ਰਸ ਜਾਤਾ।੩੩। **ਸੂਰਜ ਪ੍ਰਕਾਸ, ਰਾਸ ੩, ਅੰਸੂ ੪੨**

ਦੂਜਾ ਮੱਤ ਇਹ ਵੀ ਹੈ ਕਿ ਇਹ ਬਾਣੀ ਕਿਸੇ ਪੰਡਤ ਪ੍ਰਤੀ ਉਪਦੇਸ਼ ਵਜੋਂ ਉਚਾਰਣ ਕੀਤੀ ਹੈ। ਕਿਸੇ ਪਾਂਧੇ ਨੂੰ ਸੰਸਕ੍ਰਿਤ ਅੱਖਰਾਂ ਦੀ ਮੁਹਾਰਨੀ ਦੀ ਜਗ੍ਹਾ ਇਹ ਪਰਮਾਰਥ ਵਾਲੀ ਬਾਣੀ ਰਚ ਕੇ ਬਖਸ਼ੀ। ਜਾਂ ਪਾਂਧੇ ਨਾਲ ਜੋ ਵਿਚਾਰ ਹੋਈ ਹੋਣੀ ਹੈ ਤੇ ਉਸ ਨੂੰ ਜੋ ਉਪਦੇਸ਼ ਦਿਤਾ, ਉਹ ਸੰਸਕ੍ਰਿਤ ਦੇ ੫੨ ਅੱਖਰਾਂ ਦਾ ਕ੍ਰਮਵਾਰ ਉਚਾਰਣ ਕੀਤਾ। ਗੁਰੂ ਜੀ ਨੇ ਬਾਵਨ ਅੱਖਰੀ ਬਾਣੀ ਵਿਚ ਅੱਖਰਾਂ ਦਾ ਕ੍ਰਮ ਸੰਸਕ੍ਰਿਤ ਲਿਪੀ ਦੇ ਅੱਖਰਾਂ ਅਨੁਸਾਰ ਨਹੀਂ ਰੱਖਿਆ, ਅੱਖਰਾਂ ਦਾ ਕ੍ਰਮ ਭੁਲਾਵੇਂ ਅੱਖਰਾਂ ਵਾਂਗ ਰੱਖਿਆ ਹੈ।

ਬਾਵਨ ਅਖਰੀ ਦੇ ਅਖੀਰਲੇ ਸਲੋਕ ਦੇ ਅੰਤ ਵਿਚ ਇਹ ਹਦਾਇਤ ਹੈ ਕਿ 'ਇਹੁ ਸਲੋਕੁ ਆਦਿ ਅੰਤਿ ਪੜਣਾ'। ਇਹ ਮੰਗਲ ਦਾ ਸਲੋਕ ਹੈ, ਕਵੀ ਜਨ ਆਦਿ ਅੰਤ ਵਿਚ ਦੋ ਮੰਗਲ ਕਰਿਆ ਕਰਦੇ ਹਨ। ਸਤਿਗੁਰੂ ਜੀ ਨੇ ਇਸ ਬਾਣੀ ਵਿਚ ਆਦਿ ਅੰਤ ਦੋਹਾਂ ਥਾਈਂ ਪੜ੍ਹਨ ਲਈ ਲਿਖ ਦਿਤਾ ਹੈ। ਮਰਨ ਵੇਲੇ ਜੇ ਪ੍ਰਾਣੀ ਬਹੁਤ ਔਖਾ ਹੋਵੇ ਤਾਂ ਕੋਲ ਬੈਠਕੇ ਇਸ ਬਾਣੀ ਦਾ ਪਾਠ ਸੁਣਾਇਆ ਜਾਂਦਾ ਹੈ, ਤਾਂ ਕਿ ਮਰਨ ਸਮੇਂ ਪ੍ਰਾਣੀ ਦੇ ਮਨ ਤੇ ਇਸ ਬਾਣੀ ਦਾ ਪ੍ਰਭਾਵ ਪਵੇ। ਧਿਆਨ ਰੱਬ ਵਾਲੇ ਪਾਸੇ ਜਾਵੇ ਤੇ ਮੌਤ ਸੌਖੀ ਹੋ ਜਾਵੇ।

ਇਸ ਬਾਣੀ ਦੀਆਂ ਕੁਲ ਪਉੜੀਆਂ ੫੫ ਹਨ, ਜੋ ਕ੍ਰਮ ਅਨੁਸਾਰ ਇਕ ਇਕ ਅੱਖਰ ਨੂੰ ਲੈ ਕੇ ਸ਼ੁਰੂ ਹੁੰਦੀਆਂ ਹਨ। ਪਰ ਕੱਕੇ ਤੋਂ ਪਹਿਲਾਂ ਤੇ ੜਾੜੇ ਤੋਂ ਪਿਛੋਂ ਅੱਖਰਾਂ ਦਾ ਕ੍ਰਮ ਪੂਰਾ ਨਹੀਂ, ਕਿਉਂਕਿ ਇਨ੍ਹਾਂ ਵਿਚੋਂ ਕਈ ਅੱਖਰ ਗੁਰਮੁਖੀ ਵਿਚ ਆ ਨਹੀਂ ਸਕਦੇ ਸਨ। ਪਾਂਧੇ ਦੇ ਮੰਗਲ ਰੂਪ ਅੱਖਰ 'ਓਅੰ ਸਿਧੰਙਾਯ' ਹੁੰਦੇ ਸਨ, ਗੁਰੂ ਜੀ ਨੇ ਪਾਂਧੇ ਨੂੰ ਉਪਦੇਸ਼ ਦੇ ਸਮੇਂ ਇਹੋ ਰੀਤੀ ਅਪਣਾਈ ਹੈ। ਇਸ ਬਾਵਨ ਅੱਖਰੀ ਵਿਚ ਅੱਖਰਾਂ ਦਾ ਕ੍ਰਮ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ = ਓਅੰ (ਪਹਿਲੀ ਤੇ ਦੂਜੀ ਪਉੜੀ ਵਿਚ)। ਸਿ = ਸੇਈ ਸਾਹ... (ਸਲੋਕ ਤੇ ਤੀਜੀ ਪਉੜੀ)। ਧੰ = ਧਨੁ ਧਨੁ ਕਹਾ...(ਸਲੋਕ ਤੇ ਚੌਥੀ ਪਉੜੀ)। ਙਾ = ਙੰਙਾ ਙਿਆਨੁ ਨਹੀ...(ਪੰਜਵੀਂ ਪਉੜੀ)। ਯ = ਯਾ ਜੁਗ ਮਹਿ...(ਪਉੜੀ ਛੇਵੀਂ)। ਆ = ਆਵਤ ਹੁਕਮਿ... (ਸੱਤਵੀਂ ਪਉੜੀ ਦਾ ਸਲੋਕ)। ਏ = ਏਊ ਜੀਅ... (ਸੱਤਵੀਂ ਪਉੜੀ)। ਰਿ (ਰਾਰੇ ਦੇ ਰੂਪ ਵਿਚ) = ਰਾਚਿ ਰਹੇ...(ਸਲੋਕ ਤੇ ਨੌਵੀਂ ਪਉੜੀ)। ਰੀ (ਰਾਰੇ ਦੇ ਰੂਪ ਵਿਚ) ਰਾਰਾ ਰੰਗਹੁ...(ਸਲੋਕ ਤੇ ਦਸਵੀਂ ਪਉੜੀ। ਲ੍ਰਿ (ਲੱਲੇ ਦੇ ਰੂਪ ਵਿਚ) ਲਾਲਚ ਝੂਠ...(ਸਲੋਕ ਤੇ ੧੧ ਵੀਂ ਪਉੜੀ)। ਲ੍ਰੀ (ਲੱਲੇ ਦੇ ਰੂਪ ਵਿਚ) ਲਲਾ ਤਾ ਕੈ... (ਸਲੋਕ ਤੇ ੧੨ ਵੀਂ ਪਉੜੀ)। ਇਸੇ ਤਰ੍ਹਾਂ ਬਾਕੀ ਅੱਖਰਾਂ ਦੁਆਰਾ ਸਲੋਕ ਤੇ ਪਉੜੀਆਂ ਉਚਾਰਨ ਕੀਤੀਆਂ ਹੋਈਆਂ ਹਨ। ਹਰ ਇਕ

All Rights Reserved by Harjinder Singh Gyani | www.GuruGranthVakhyaan.org

ਸਲੋਕ ਦਾ ਭਾਵ, ਉਸ ਤੋਂ ਪਿਛੋਂ ਆਉਣ ਵਾਲੀ ਪਉੜੀ ਵਿਚ ਦਿਤਾ ਹੋਇਆ ਹੈ। ਬਾਣੀ ਦੇ ਪਹਿਲੇ ਮੰਗਲ ਵਾਲੇ ਸਲੋਕ ਨਾਲ ॥੧॥ ਅੰਕ ਹੈ ਅਤੇ ਇਸ ਤੋਂ ਅਗਲੇ ਸਲੋਕ ਨਾਲ ਫਿਰ ॥੧॥ ਅੰਕ ਹੈ। ਇਸਦਾ ਭਾਵ ਹੈ ਕਿ ਪਹਿਲਾ ਸਲੋਕ ਮੰਗਲ ਰੂਪ ਹੈ, ਜੋ ਬਾਣੀ ਦੇ ਅੰਕਾਂ ਦੀ ਗਿਣਤੀ ਵਿਚ ਸ਼ਾਮਲ ਨਹੀਂ ਹੈ। ਇਸ ਤੋਂ ਅਗਲੇ ਸਲੋਕ ਤੇ ਪਉੜੀ ਤੋਂ ਗਿਣਤੀ ਸ਼ੁਰੂ ਹੁੰਦੀ ਹੈ, ਜੋ ੫੫ ਤਕ ਹੈ। ਅਖੀਰ ਦੇ ਸਲੋਕ ਨਾਲ ਵੀ ॥੧॥ ਅੰਕ ਹੈ, ਜੋ ਬਾਣੀ ਦੇ ਆਦਿ ਵਾਲਾ ਸਲੋਕ ਹੀ ਅਖੀਰ ਵਿਚ ਦਿਤਾ ਹੋਇਆ ਹੈ। (ਸੰ.ਪੋ. ਦਾ ਸਾਰੰਸ਼)

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ,ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ, ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ, ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ,ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ, ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ,ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ, ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ,ਗੁਰਦੇਵ ਨਾਨਕ ਹਰਿ ਨਮਸਕਰਾ ॥੧॥ ਗੁਰਦੇਵ (ਸਾਡੀ) ਮਾਤਾ ਹੈ, ਗੁਰਦੇਵ ਹੀ (ਸਾਡਾ) ਪਿਤਾ ਹਨ, ਗੁਰਦੇਵ ਹੀ (ਸਾਡਾ) ਮਾਲਕ ਹੈ ਤੇ ਪ੍ਰਮੇਸਰ ਰੂਪ ਹੈ। ਗੁਰਦੇਵ ਹੀ (ਸਾਡਾ) ਅਗਿਆਨ ਦੂਰ ਕਰਨ ਵਾਲਾ ਮਿਤ੍ਰ ਹੈ, ਗੁਰਦੇਵ (ਹੀ ਸਾਡਾ) ਸਬੰਧੀ ਤੇ ਸਕਾ ਭਰਾ ਹੈ। ਗੁਰਦੇਵ ਦਾਤਾ ਹੈ, ਜੋ ਹਰੀ ਦਾ ਨਾਮ ਉਪਦੇਸ਼ ਵੱਜੋਂ ਦੇਂਦਾ ਹੈ, ਗੁਰਦੇਵ ਦਾ ਨਾਮ ਮੰਤ੍ਰ ਕਿਸੇ ਦੂਜੇ ਮੰਤ੍ਰ ਨਾਲ ਬੇਅਸਰ ਨਹੀਂ ਹੁੰਦਾ। ਗੁਰਦੇਵ ਸ਼ਾਂਤੀ, ਸੱਚ ਤੇ ਬੁੱਧੀ ਦੀ ਮੂਰਤ ਹੈ (ਗੁਰਦੇਵ ਵਿਚ ਸ਼ਾਂਤੀ, ਸੱਚ ਤੇ ਬੁਧੀ ਪੂਰਨ ਰੂਪ ਵਿਚ ਹਨ, ਜੋ ਸਿੱਖ ਨੂੰ ਪ੍ਰਾਪਤ ਹੁੰਦੀਆਂ ਹਨ), ਗੁਰਦੇਵ ਉਹ ਪਾਰਸ ਹੈ ਜਿਸ ਦੀ ਛੋਹ ਪਾਰਸ ਤੋਂ ਵੀ ਪਰੇ ਹੈ (ਪਾਰਸ ਸੋਨੇ ਨੂੰ ਲੋਹਾ ਬਣਾ ਦੇਂਦਾ ਹੈ, ਪਰ ਪਾਰਸ ਨਹੀਂ ਬਣਾ ਸਕਦਾ, ਪਰ ਗੁਰੂ ਜੀ ਅਪਣੇ ਚਰਨਾਂ ਦੀ ਛੋਹ ਨਾਲ ਸਿੱਖ ਨੂੰ ਅਪਣੇ ਵਰਗਾ ਬਣਾ ਲੈਂਦੇ ਹਨ, ਇਸ ਲਈ ਪਾਰਸ ਤੋਂ ਉਪਰ ਹਨ) {ਪਾਰਸੁ ਭੇਟਿ ਭਏ ਭਏ ਸੇ ਪਾਰਸ, ਨਾਨਕ ਹਰਿ ਗੁਰ ਸੰਗਿ ਥੀਏ ੧੧੭੨}। ਗੁਰਦੇਵ ਤੀਰਥ ਹੈ ਤੇ ਅੰਮ੍ਰਿਤ ਦਾ ਸਰੋਵਰ ਹੈ, ਗੁਰੂ ਦਾ ਗਿਆਨ ਉਹ ਤੀਰਥ ਇਸ਼ਨਾਨ ਹੈ ਜੋ ਅਪਰੰਪਰ ਪ੍ਰਭੂ ਦੀ ਪ੍ਰਾਪਤੀ ਕਰਾ ਦੇਂਦਾ ਹੈ। (ਕਰਤਾਰ ਰੂਪ ਹੋਣ ਕਰਕੇ) ਗੁਰਦੇਵ ਸ੍ਰਿਸਟੀ ਦਾ ਕਰਤਾ ਹੈ; ਗੁਰਦੇਵ ਪ੍ਰਭੂ ਰੂਪ ਹੈ ਤੇ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ, ਗੁਰਦੇਵ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ। (ਪ੍ਰਭੂ ਦਾ ਰੂਪ ਹੋਣ ਕਰਕੇ) ਗੁਰਦੇਵ ਸ੍ਰਿਸਟੀ ਦੇ ਆਦਿ ਤੋਂ ਹੈ, ਜੁਗਾਂ ਦੇ ਅਰੰਭ ਤੋਂ ਹੈ ਅਤੇ ਜੁਗੋ ਜੁਗ ਹੈ, ਗੁਰਦੇਵ ਦਾ ਹਰਿ ਮੰਤ੍ਰ ਜਪ ਕੇ ਉਧਾਰ ਹੋ ਜਾਂਦਾ ਹੈ। ਹੇ ਪ੍ਰਭੂ! ਕਿਰਪਾ ਕਰਕੇ ਗੁਰਦੇਵ ਦੀ ਸੰਗਤ ਨਾਲ (ਸਾਨੂੰ) ਮੇਲ ਲਵੋ, ਜਿਸ (ਗੁਰੂ ਦੇ ਚਰਨੀਂ) ਲਗ ਕੇ ਅਸੀਂ ਮੂਰਖ ਪਾਪੀ ਵੀ ਤਰ ਜਾਈਏ। ਗੁਰਦੇਵ ਸਤਿਗੁਰੂ ਹੈ, ਪਾਰਬ੍ਰਹਮ ਰੂਪ ਹੈ, ਪ੍ਰਮੇਸਰ ਰੂਪ ਹੈ, ਨਾਨਕ ਦੀ ਹਰੀ ਰੂਪ ਗੁਰਦੇਵ ਨੂੰ ਨਮਸ਼ਕਾਰ ਹੈ।੧।

ਪਦਾਰਥ = ਸਖਾ–ਮਿਤ੍ਰ। ਭੰਜਨੁ–ਨਾਸ਼ ਕਰਨ ਵਾਲਾ। ਬੰਧਿਪ–ਰਿਸਤੇਦਾਰ। ਸਹੋਦਰਾ–ਸਹ+ਉਦਰਾ (ਇਕੋ ਮਾਂ ਦੇ ਪੇਟੋਂ ਜੰਮੇ ਹੋਏ) –ਸਕਾ ਭਰਾ। ਮੰਤੁ–ਉਪਦੇਸ਼; ਨਾਮ ਮੰਤ੍ਰ। ਸਤਿ–ਸੱਚ। ਬੁਧਿ–ਅਕਲ। ਮੂਰਤਿ–ਸਰੂਪ। ਪਾਰਸ ਪਰਸ ਪਰਾ–ਪਾਰਸ ਦੀ ਛੋਹ ਤੋਂ ਪਰੇ; ਉਤਮ। ਮਜਨੁ–ਚੁੱਭੀ; ਇਸ਼ਨਾਨ। ਅਪਰੰਪਰਾ–ਪਰੇ ਤੋਂ ਪਰੇ; ਵੰਸ਼ ਰਹਿਤ ਪ੍ਰਭੂ। ਹਰਤਾ–ਨਾਸ਼ ਕਰਨ ਵਾਲਾ। ਪਤਿਤ–ਧਰਮ ਤੋਂ ਡਿੱਗੇ ਹੋਏ; ਪਾਪੀ। ਪਵਿਤ ਕਰਾ–ਪਵਿਤ੍ਰ ਕਰਨ ਵਾਲਾ। ਜੁਗ ਜੁਗੁ–ਜੁਗੋ ਜੁਗ; ਹਰੇਕ ਜੁਗ ਵਿਚ। ਉਧਰਾ–ਤਰ ਜਾਈਦਾ ਹੈ। ਹਮ–ਅਸੀਂ। ਮੂੜ–ਮੂਰਖ। ਜਿਤੁ ਲਗਿ–ਜਿਸ (ਗੁਰੂ ਦੇ ਚਰਨੀਂ) ਲਗ ਕੇ। ਤਰਾ–ਤਰ ਜਾਈਏ।੧।

ਮੰਤੁ ਨਿਰੋਧਰਾ = ਜਿਸ ਮੰਤ੍ਰ ਨੂੰ ਰੋਕਿਆ ਨਾ ਜਾ ਸਕੇ; ਜਿਸ ਮੰਤ੍ਰ ਦਾ ਅਸਰ ਖਤਮ ਨਾ ਕੀਤਾ ਜਾ ਸਕੇ। ਜੋ ਮੰਤ੍ਰ ਕਿਸੇ ਹੋਰ ਮੰਤ੍ਰ ਦੇ ਅਸਰ ਨਾਲ ਬੇ ਅਸਰ ਨਾ ਹੋਵੇ, ਉਸ ਨੂੰ ਤੰਤ੍ਰ ਵਿਦਿਆ ਵਾਲੇ ਨਿਰੁੱਧਾਰ ਮੰਤ੍ਰ ਆਖਦੇ ਹਨ। ਗ੍ਰਹਾਂ ਦੇ ਅਸਰ ਨੂੰ ਬੇ ਅਸਰ ਕਰਨ ਵਾਲੇ ਮੰਤ੍ਰ ਹੁੰਦੇ ਹਨ। ਰੋਗ ਪੈਦਾ ਕਰਨ ਵਾਲੇ ਮੰਤ੍ਰਾਂ ਨੂੰ ਰੱਦ ਕਰਨ ਵਾਲੇ ਅਰੋਗਕਰਤਾ ਮੰਤ੍ਰ ਹਨ (ਮ.ਕੋ.)।

ਗੁਰਦੇਵ = ਗੁਰੂ ਨਾਨਕ ਦੇਵ ਜੀ (ਟਕਸਾਲ)। ਉਹ ਗੁਰੂ ਜੋ ਪ੍ਰਮੇਸਰ ਦੀ ਜਾਤ ਵਿਚੋਂ ਆਇਆ ਹੈ, ਅਵਤਾਰ ਗੁਰੂ। ਦਸੇ ਗੁਰੂ ਜੀ ਦੇਵ ਗੁਰੂ ਭਾਵ ਗੁਰਦੇਵ ਹਨ। {ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ ੮੧੭; ਧਰਮ ਹੇਤ ਗੁਰਦੇਵਿ ਪਠਾਏ, ਪਾ.੧੦}। ਸੰ.ਪੋ.

ਸਲੋਕੁ ॥ ਆਪਹਿ ਕੀਆ ਕਰਾਇਆ, ਆਪਹਿ ਕਰਨੈ ਜੋਗੁ ॥ ਨਾਨਕ ਏਕੋ ਰਵਿ ਰਹਿਆ, ਦੂਸਰ ਹੋਆ ਨ ਹੋਗੁ ॥੧॥ ਪ੍ਰਭੂ ਨੇ ਆਪ ਹੀ (ਜਗਤ ਨੂੰ) ਪੈਦਾ ਕੀਤਾ ਹੈ, (ਜਗਤ ਵਿਚ ਪੈਦਾ ਕੀਤੇ ਜੀਵਾਂ ਤੋਂ ਆਪ ਹੀ ਸਭ ਕੁਛ) ਕਰਵਾ ਰਿਹਾ ਹੈ ਅਤੇ ਆਪ ਹੀ ਸਭ ਕੁਝ ਕਰਨ ਜੋਗ ਹੈ। ਹੇ ਨਾਨਕ! ਇਕੋ ਪ੍ਰਭੂ ਸਾਰੇ ਵਿਆਪਕ ਹੋ ਰਿਹਾ ਹੈ, ਦੂਜਾ ਨਾ ਕੋਈ ਹੋਇਆ ਹੈ, ਨਾ ਹੋਵੇਗਾ।੧।

ਪਉੜੀ ॥ ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥ ਅਪਹਿ ਸੁੰਨ ਆਪਹਿ ਸੁਖ ਆਸਨ ॥ ਆਪ ਹੀ ਸੁਨਤ ਆਪ ਹੀ ਜਾਸਨ ॥ਆਪਨਿ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥੧॥ (ਮੇਰੀ) ਓਅੰਕਾਰ ਨੂੰ, ਸਾਧੂਆਂ ਨੂੰ ਤੇ ਸਤਿਗੁਰੂ ਨੂੰ ਨਮਸ਼ਕਾਰ ਹੈ। ਆਦਿ ਮੱਧ ਤੇ

All Rights Reserved by Harjinder Singh Gyani | www.GuruGranthVakhyaan.org

ਅੰਤ (ਤਿੰਨਾਂ ਕਾਲਾਂ) ਵਿਚ ਨਿਰੰਕਾਰ ਸੱਤ ਸਰੂਪ ਹੈ। ਆਪ ਹੀ ਅਫੁਰ (ਨਿਰਗੁਣ ਰੂਪ) ਹੈ, ਆਪ ਹੀ ਵੈਰਾਟ ਰੂਪ ਹੋ ਕੇ ਅਨੰਦ ਦੇ ਆਸਨ ਤੇ ਬੈਠਾ ਹੈ (ਸਰਗੁਣ ਸਰੂਪ ਹੈ)। ਆਪ ਹੀ ਜਸ ਕਰਨ ਵਾਲਾ (ਗੁਰੂ ਰੂਪ) ਹੈ ਤੇ ਆਪ ਹੀ (ਸਿੱਖ ਰੂਪ ਹੋ ਕੇ ਜਸ) ਸੁਣਨ ਵਾਲਾ ਹੈ। ਉਸ ਨੇ ਅਪਣੇ ਆਪ ਨੂੰ ਆਪ ਹੀ ਪੈਦਾ ਕੀਤਾ ਹੈ (ਨਿਰਗੁਣ ਤੋਂ ਸਰਗੁਣ ਹੋਇਆ। ਅਪਣੇ ਆਪ ਦਾ ਉਹ) ਆਪ ਹੀ ਪਿਤਾ ਹੈ ਤੇ ਆਪ ਹੀ ਮਾਤਾ ਹੈ। ਆਪ ਹੀ ਸੂਖਮ ਹੈ ਤੇ ਆਪ ਹੀ ਸਥੂਲ ਹੈ। ਹੇ ਨਾਨਕ! (ਉਸ ਦੀ ਜਗਤ ਰਚਨਾ ਵਾਲੀ) ਖੇਡ ਜਾਣੀ ਨਹੀਂ ਜਾਂਦੀ।੧।

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ਰਹਾਉ॥ (ਅਰਦਾਸ ਕਰਦੇ ਹਨ) ਹੇ ਗਰੀਬਾਂ ਉਪਰ ਦਇਆ ਕਰਨ ਵਾਲੇ ਪ੍ਰਭੂ! ਮੇਰੇ ਤੇ ਕਿਰਪਾ ਕਰ। ਮੇਰਾ ਮਨ ਤੇਰੇ ਸੰਤਾਂ ਦੇ ਚਰਨਾਂ ਦੀ ਧੂੜ ਹੋਇਆ ਰਹੇ। ਰਹਾਉ।

ਪਦਾਰਥ = ਆਪਹਿ–ਆਪ ਹੀ। ਕੀਆ–ਪੈਦਾ ਕੀਤਾ। ਕਰਨੈ–ਕਰਨ ਨੂੰ। ਜੋਗੁ–ਸਮਰੱਥ। ਰਵਿ–ਵਿਆਪਕ। ਨ ਹੋਗੁ–ਨਹੀ ਹੋਵੇਗਾ।੧। ਪਉੜੀ। ਓਅੰ–ਓਅੰਕਾਰ (ਪ੍ਰਭੂ)। ਆਦਿ–ਜਗਤ ਦੇ ਸ਼ੁਰੂ ਵਿਚ। ਮਧਿ–ਵਿਚਕਾਰ (ਵਰਤਮਾਨ ਸਮੇਂ ਵਿਚ)। ਅੰਤਿ–ਜਗਤ ਦਾ ਅੰਤ ਹੋ ਜਾਣ ਤੋਂ ਬਾਦ ਵਿਚ ਵੀ। ਸੁੰਨ–ਅਫੁਰ (ਨਿਰਗੁਣ ਪ੍ਰਭੂ)। ਸੁਨਤ–ਸੁਣਨ ਵਾਲਾ। ਜਾਸਨ–ਜਸ ਕਰਨ ਵਾਲਾ। ਆਪੁ–ਅਪਣੇ ਆਪ ਨੂੰ। ਮਾਇਓ–ਮਾਂ। ਸੂਖਮ–ਅਦ੍ਰਿਸ਼ਟ (ਨਿਰਗੁਣ ਰੂਪ)। ਅਸਥੂਲਾ–ਵਿਸਥਾਰ ਵਾਲਾ; ਸਰਗੁਣ ਰੂਪ। ਲੀਲਾ–ਖੇਡ।੧। ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!। ਸੰਤਨ ਕੀ–ਸੰਤਾਂ ਦੀ। ਰਵਾਲਾ–ਚਰਨ ਧੂੜ। ਰਹਾਉ।

ਸਲੋਕੁ ॥ ਨਿਰੰਕਾਰ ਆਕਾਰ ਆਪਿ, ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ, ਨਾਨਕ ਏਕ ਅਨੇਕ ॥੧॥ ਆਪ ਹੀ ਅਕਾਰ ਰਹਿਤ ਹੈ ਤੇ ਆਪ ਹੀ ਅਕਾਰ ਵਾਲਾ ਹੈ, (ਉਹ) ਇਕ ਪ੍ਰਮਾਤਮਾ ਹੀ ਨਿਰਗੁਣ ਸਰੂਪ ਹੈ ਤੇ ਇਕ ਹੀ ਸਰਗੁਣ ਸਰੂਪ ਹੈ। ਇਕ ਪ੍ਰਭੂ ਨੂੰ ਇਕ ਕਰਕੇ ਹੀ ਵਰਨਣ ਕਰਦਾ ਹਾਂ, ਉਹ ਇਕ (ਵਾਹਿਗੁਰੂ) ਹੀ ਅਨੇਕ ਰੂਪ ਹੈ; ਇਕ ਵੀ ਹੈ ਤੇ ਅਨੇਕ ਵੀ ਹੈ।੧।

ਪਉੜੀ ॥ ਓਅੰ ਗੁਰਮੁਖਿ ਕੀਓ ਅਕਾਰਾ ॥ ਏਕਹਿ ਸੂਤਿ ਪਰੋਵਨਹਾਰਾ ॥ ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ ਸਗਲ ਭਾਤਿ ਕਰਿ ਕਰਹਿ ਉਪਾਇਓ ॥ ਜਨਮ ਮਰਨ ਮਨ ਮੋਹੁ ਬਢਾਇਓ ॥ ਦੁਹੂ ਭਾਤਿ ਤੇ ਆਪਿ ਨਿਰਾਰਾ ॥ ਨਾਨਕ ਅੰਤੁ ਨ ਪਾਰਾਵਾਰਾ ॥੨॥ ਓਅੰ ਦੁਆਰਾ ਦਸਦੇ ਹਨ ਕਿ ਵਾਹਿਗੁਰੂ ਨੇ ਹੀ (ਜਗਤ ਦਾ) ਅਕਾਰ ਪੈਦਾ ਕੀਤਾ; ਗੁਰਮੁਖਾਂ ਨੇ ਜਾਣਿਆ ਹੈ ਕਿ ਓਅੰਕਾਰ ਨੇ (ਜਗਤ ਦਾ) ਅਕਾਰ ਪੈਦਾ ਕੀਤਾ ਹੈ (ਟਕਸਾਲ; ਸੰ.ਸ.; ਫ.ਸ.)। ਤੇ ਇਕ ਵਾਹਿਗੁਰੂ ਹੀ (ਹੁਕਮ ਰੂਪ ਜਾਂ ਚੇਤਨ ਸੱਤਾ ਰੂਪ) ਧਾਗੇ ਵਿਚ (ਅਕਾਰ ਰੂਪ ਮਣਕਿਆਂ ਨੂੰ) ਪਰੋਣ ਵਾਲਾ ਹੈ। ਫਿਰ (ਉਸ ਨੇ) ਤਿੰਨਾਂ ਗੁਣਾਂ ਦਾ ਵੱਖ ਵੱਖ ਵਿਸਥਾਰ ਕੀਤਾ (ਤਿੰਨਾਂ ਗੁਣਾਂ ਵਾਲੇ ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕੀਤੇ)। ਨਿਰਗੁਣ ਰੂਪ ਤੋਂ ਸਰਗੁਣ ਰੂਪ ਦਿਸ ਰਿਹਾ ਹੈ (ਅਦ੍ਰਿਸ਼ਟ ਰੂਪ ਤੋਂ ਦ੍ਰਿਸਟਮਾਨ ਜਗਤ ਦੇ ਰੂਪ ਦਿਸਿਆ। ਫਿਰ) ਸਾਰੀਆਂ ਕਿਸਮਾਂ (ਚਾਰ ਖਾਣੀਆਂ) ਬਣਾ ਕਰ ਕੇ ਜਗਤ ਪੈਦਾ ਕੀਤਾ ਹੈ। (ਇਸ ਤਰ੍ਹਾਂ) ਮਨ ਦਾ ਮੋਹ ਵਧਾ ਦਿਤਾ, (ਜਿਸ ਤੋਂ) ਜਨਮ ਮਰਨ ਹੁੰਦਾ ਰਹਿੰਦਾ ਹੈ। (ਪਰ ਵਾਹਿਗੁਰੂ) ਆਪ ਦੋਹਾਂ ਕਿਸਮਾਂ (ਜਨਮ ਮਰਨ) ਤੋਂ ਨਿਰਲੇਪ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਉਰਾਰ ਪਾਰ ਦਾ ਕੋਈ ਅੰਤ ਨਹੀਂ।੨।

ਨਿਰਗੁਣ ਸਰਗੁਣ = ਬਾਣੀ ਵਿਚ ਵਾਹਿਗੁਰੂ ਦੇ ਦੋ ਰੂਪ ਦਸੇ ਹਨ। ਇਕ ਉਹ ਜਦ ਉਸ ਨੇ ਰਚਨਾ ਨਹੀਂ ਸੀ ਰਚੀ, ਕੇਵਲ ਆਪ ਹੀ ਆਪ ਸੀ। ਉਸਦੇ ਕਰਤਾ ਜਾਂ ਅਸੂਲੀ ਆਦਿਕ ਗੁਣ ਉਸ ਤੇ ਨਹੀਂ ਘਟ ਸਕਦੇ, ਇਹ ਉਸਦਾ ਨਿਰਗੁਣ ਰੂਪ ਹੈ। ਫਿਰ ਉਸ ਨੇ ਰਚਨਾ ਰਚੀ ਤੇ ਅਪਣੇ ਆਪ ਨੂੰ ਕੁਦਰਤ ਵਿਚ ਦਰਸਾਇਆ। ਜਿਤਨੇ ਗੁਣ ਜਾਂ ਸਿਫਤਾਂ ਉਸ ਦੀਆਂ ਬਿਆਨ ਕੀਤੀਆਂ ਜਾਂਦੀਆਂ ਹਨ, ਉਹ ਸਭ ਸਰਗੁਣ ਰੂਪ ਬ੍ਰਹਮ ਦੀਆਂ ਹਨ। ਇਹ ਦੋਵੇਂ ਰੂਪ ਇਕੋ ਅਕਾਲ ਪੁਰਖ ਦੇ ਹਨ। (ਸ਼ਬਦਰਾਥ)

ਪਦਾਰਥ = ਨਿਰੰਕਾਰ–ਅਕਾਰ ਰਹਿਤ ਵਾਹਿਗੁਰੂ। ਨਿਰਗੁਨ–ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ ਵਾਹਿਗੁਰੂ। ਸਰਗੁਨ–ਸਰਬ ਗੁਣ ਸੰਪੰਨ; ਰੱਬ ਦਾ ਦਿਸਣ ਵਾਲਾ ਸਰੂਪ। ਬਖਾਨਨੋ–ਬਿਆਨ ਕਰਦਾ ਹਾਂ।੧। ਪਉੜੀ। ਗੁਰਮੁਖਿ–(ਆਦਿ ਗੁਰੂ) ਵਾਹਿਗੁਰੂ ਨੇ। ਕੀਓ–ਪੈਦਾ ਕੀਤਾ। ਆਕਾਰਾ–ਜਗਤ ਦਾ ਵਜੂਦ। ਸੂਤਿ–ਹੁਕਮ ਜਾਂ ਚੇਤਨ ਸੱਤਾ ਰੂਪ ਧਾਗੇ ਵਿਚ। ਭਿੰਨ ਭਿੰਨ–ਵੱਖ ਵੱਖ। ਬਿਸਥਾਰੰ–ਵਿਸਥਾਰ ਕੀਤਾ। ਦ੍ਰਿਸਟਾਰੰ–ਦਿਸਦਾ ਹੈ। ਉਪਾਇਓ–ਪੈਦਾ ਕੀਤਾ। ਦੁਹੂ ਭਾਤਿ–ਦੋਹਾਂ ਕਿਸਮਾਂ ਤੋਂ। ਨਿਰਾਰਾ–ਨਿਰਲੇਪ। ਪਾਰਾਵਾਰਾ–ਉਰਲਾ ਪਾਸਾ ਤੇ ਪਾਰਲਾ ਪਾਸਾ।੨।

ਸਲੋਕੁ ॥ ਸੇਈ ਸਾਹ ਭਗਵੰਤ ਸੇ, ਸਚੁ ਸੰਪੈ ਹਰਿ ਰਾਸਿ ॥ ਨਾਨਕ ਸਚੁ ਸੁਚਿ ਪਾਈਐ, ਤਿਹ ਸੰਤਨ ਕੈ ਪਾਸਿ ॥੧॥ (ਜੀਵ ਜਗਤ ਵਿਚ ਹਰੀ ਦੇ ਨਾਮ ਦਾ ਵਪਾਰ ਕਰਨ ਆਏ ਹਨ) ਉਹ ਪੁਰਖ ਹੀ ਸ਼ਾਹ ਹਨ, ਉਹ ਹੀ ਧਨ ਵਾਲੇ; ਭਗਵੰਤ ਦਾ ਰੂਪ (ਜਾਂ ਭਾਗਾਂ ਵਾਲੇ) ਹਨ, ਜਿਨ੍ਹਾਂ ਪਾਸ ਸੱਚਾ ਨਾਮ ਧਨ ਤੇ (ਵਪਾਰ ਕਰਨ ਲਈ) ਹਰੀ ਦੇ ਨਾਮ ਦੀ ਪੂੰਜੀ ਹੈ। ਗੁਰੂ ਜੀ ਆਖਦੇ ਹਨ, (ਅਜੇਹੇ) ਉਨ੍ਹਾਂ ਸੰਤਾਂ ਪਾਸੋਂ ਸੱਚਾ ਨਾਮ ਧਨ ਤੇ ਆਤਮਕ ਪਵਿਤ੍ਰਤਾ ਪ੍ਰਾਪਤ ਹੁੰਦੀ ਹੈ।੧।

All Rights Reserved by Harjinder Singh Gyani | www.GuruGranthVakhyaan.org

ਪਵੜੀ ॥ ਸਸਾ ਸਤਿ ਸਤਿ ਸਤਿ ਸੋਊ ॥ ਸਤਿ ਪੁਰਖ ਤੇ ਭਿੰਨ ਨ ਕੋਊ ॥ ਸੋਊ ਸਰਨਿ ਪਰੈ ਜਿਹ ਪਾਯੰ ॥ ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ ਸੰਸੈ ਭਰਮੁ ਨਹੀ ਕਛੁ ਬਿਆਪਤ ॥ ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ ਸੋ ਸਾਧੂ ਇਹ ਪਹੁਚਨਹਾਰਾ ॥ ਨਾਨਕ ਤਾ ਕੈ ਸਦ ਬਲਿਹਾਰਾ ॥੩॥ ਸੱਸੇ ਦੁਆਰਾ (ਗੁਰੂ ਜੀ) ਕਥਨ ਕਰਦੇ ਹਨ ਕਿ ਪ੍ਰਭੂ ਪਿੱਛੇ ਵੀ ਸੱਚ ਸੀ, ਹੁਣ ਵੀ ਸੱਚ ਹੈ ਤੇ ਅੱਗੋਂ ਵੀ ਸੱਚ ਸਰੂਪ ਹੋਵੇਗਾ। ਸੱਚ ਸਰੂਪ ਵਿਆਪਕ ਪ੍ਰਭੂ ਤੋਂ ਵਖਰੀ ਹਸਤੀ ਹੋਰ ਕੋਈ ਨਹੀਂ। ਉਹ ਪੁਰਖ ਹੀ ਉਸ ਦੇ ਚਰਨਾਂ ਦੀ ਸ਼ਰਨ ਵਿਚ ਪੈਂਦਾ ਹੈ (ਸੰ.ਸ.); ਉਹ ਹੀ ਉਸਦੀ ਸ਼ਰਨ ਵਿਚ ਪੈਂਦਾ ਹੈ, ਜਿਸ ਨੂੰ (ਉਹ ਆਪ ਸ਼ਰਨ ਵਿਚ) ਪਾਉਂਦਾ ਹੈ। (ਫਿਰ ਉਹ ਮਨ ਨਾਲ) ਸਿਮਰ ਸਿਮਰ ਕੇ (ਰਸਨਾ ਨਾਲ) ਗੁਣ ਗਾ ਕੇ (ਹੋਰਨਾਂ ਨੂੰ ਵੀ) ਸੁਣਾਉਂਦਾ ਹੈ। (ਉਸ ਪੁਰਖ ਨੂੰ) ਸੰਸਾ ਤੇ ਭਰਮ ਕੁਛ ਨਹੀਂ ਲਗਦਾ। (ਕਿਉਂਕਿ ਉਸ ਨੂੰ ਵਾਹਿਗੁਰੂ ਦਾ) ਪ੍ਰਤਾਪ ਪ੍ਰਤੱਖ ਦਿਖਾਈ ਦੇਂਦਾ ਹੈ। ਉਹ ਸਾਧੂ ਹੈ, ਜੋ ਇਸ (ਅਵਸਥਾ) ਤਕ ਪਹੁੰਚਣ ਵਾਲਾ ਹੈ। ਨਾਨਕ ਉਸ ਤੋਂ ਸਦਾ ਬਲਹਾਰ ਜਾਂਦਾ ਹੈ।੩।

ਪਦਾਰਥ =ਸੇਈ–ਉਹ ਹੀ ਪੁਰਖ। ਭਗਵੰਤ–ਧਨ ਵਾਲੇ (ਮ.ਕੋ.); ਪ੍ਰਭੂ ਰੂਪ। ਸੇ–ਉਹ। ਸੰਪੈ–ਧਨ। ਰਾਸਿ–ਪੂੰਜੀ। ਸੁਚਿ–ਪਵਿਤਰਤਾ। ਤਿਹ–ਉਨ੍ਹਾਂ।੧। ਪਵੜੀ। ਸਤਿ–ਸਦਾ ਥਿਰ ਰਹਿਣ ਵਾਲਾ ਪ੍ਰਭੂ। ਸੋਊ–ਉਹ ਹੀ। ਪੁਰਖ–ਸਰਬ ਵਿਆਪਕ। ਤੇ–ਤੋਂ। ਭਿੰਨ–ਵਖਰੀ (ਹਸਤੀ)। ਪਰੈ–ਪੈਂਦਾ ਹੈ। ਪਾਯੰ (ਪਾਇਅੰ ਬੋਲੋ)–ਪਾਉਂਦਾ ਹੈ। ਸੁਨਾਯੰ (ਸੁਨਾਇਅੰ ਬੋਲੋ)–ਸੁਣਾਉਂਦਾ ਹੈ। ਸੰਸੈ–ਸ਼ੱਕ। ਬਿਆਪਤ–ਲਗਦਾ। ਪ੍ਰਗਟ–ਪ੍ਰਤੱਖ। ਪ੍ਰਤਾਪੁ–ਤੇਜ ਪ੍ਰਤਾਪ। ਤਾਹੂ–ਉਸ ਦਾ। ਜਾਪਤ–ਦਿਸਦਾ (ਪ੍ਰਤੀਤ ਹੁੰਦਾ) ਹੈ। ਸੋ–ਉਹ। ਤਾ ਕੈ–ਉਸ ਦੇ।੩।

ਸਲੋਕੁ ॥ ਧਨੁ ਧਨੁ ਕਹਾ ਪੁਕਾਰਤੇ, ਮਾਇਆ ਮੋਹ ਸਭ ਕੂਰ ॥ ਨਾਮ ਬਿਹੂਨੇ ਨਾਨਕਾ, ਹੋਤ ਜਾਤ ਸਭੁ ਧੂਰ ॥੧॥ (ਹੇ ਭਾਈ!) ਮਾਇਆ ਮਿਲ ਜਾਵੇ, ਮਾਇਆ ਮਿਲ ਜਾਵੇ ਕਿਉਂ ਚੀਕਦੇ ਹੋ, ਮਾਇਆ ਦੇ ਮੋਹ ਸਾਰੇ ਝੂਠੇ ਹਨ (ਮਾਇਆ ਸਾਥ ਨਿਭਾਉਣ ਵਾਲੀ ਨਹੀਂ ਹੈ)। ਨਾਨਕ ਗੁਰੂ ਜੀ ਫੁਰਮਾਉਂਦੇ ਹਨ, ਨਾਮ ਬਿਹੂਣੇ ਸਭ ਲੋਕ ਮਿੱਟੀ (ਨਾਸ਼) ਹੋ ਜਾਂਦੇ ਹਨ।੧।

ਅੰਗ ੨੫੧ = ਪਵੜੀ ॥ ਧਧਾ ਧੂਰਿ ਪੁਨੀਤ ਤੇਰੇ ਜਨੂਆ ॥ ਧਨਿ ਤੇਊ ਜਿਹ ਰੁਚ ਇਆ ਮਨੂਆ ॥ ਧਨੁ ਨਹੀ ਬਾਛਹਿ, ਸੁਰਗ ਨ ਆਛਹਿ ॥ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ ਧੰਧੇ ਕਹਾ ਬਿਆਪਹਿ ਤਾਹੂ ॥ ਜੋ ਏਕ ਛਾਡਿ, ਅਨ ਕਤਹਿ ਨ ਜਾਹੂ ॥ ਜਾ ਕੈ ਹੀਐ ਦੀਓ ਪ੍ਰਭ ਨਾਮ ॥ ਨਾਨਕ ਸਾਧ ਪੂਰਨ ਭਗਵਾਨ ॥੪॥ (ਧੱਧੇ ਦੁਆਰਾ ਉਪਦੇਸ਼ ਦੇਂਦੇ ਹਨ, ਹੇ ਪ੍ਰਭੂ!) ਤੇਰੇ ਭਗਤ ਜਨਾਂ ਦੇ ਚਰਨਾਂ ਦੀ ਧੂੜ ਪਵਿਤ੍ਰ ਹੈ (ਮਨੁੱਖ ਨੂੰ ਪੁਨੀਤ ਕਰਨ ਵਾਲੀ ਹੈ)। ਉਹ ਪੁਰਖ ਧੰਨ ਹਨ, ਜਿਨ੍ਹਾਂ ਦਾ ਮਨ ਇਸ (ਧੂੜੀ ਵਿਚ) ਲਗਾ ਹੋਇਆ ਹੈ। (ਉਹ ਪੁਰਖ) ਦੁਨਿਆਵੀ ਧਨ ਨਹੀਂ ਚਾਹੁੰਦੇ ਤੇ ਸਵੱਰਗ ਦਾ ਸੁਖ ਵੀ ਨਹੀਂ ਚਾਹੁੰਦੇ। (ਉਹ) ਅੱਤ ਪਿਆਰੇ ਦੀ ਪ੍ਰੀਤ ਵਿਚ ਅਤੇ ਸਾਧੂਆਂ ਦੀ ਧੂੜੀ ਵਿਚ ਰਚੇ (ਮਗਨ) ਰਹਿੰਦੇ ਹਨ; (ਉਹ) ਅੱਤ ਪਿਆਰੇ ਪ੍ਰਭੂ ਦੀ ਪ੍ਰੀਤ (ਪ੍ਰਾਪਤ ਕਰਨ) ਲਈ ਸੰਤਾਂ ਦੀ ਚਰਨ ਧੂੜੀ ਵਿਚ ਰਚੇ ਰਹਿੰਦੇ ਹਨ (ਸੰ.ਸ.; ਫ.ਸ.; ਸੰ.ਪੋ.। ਉਨ੍ਹਾਂ ਪੁਰਖਾਂ ਨੂੰ ਸੰਸਾਰ ਦੇ) ਧੰਦੇ ਕਿਥੇ ਚਿੰਬੜਦੇ ਹਨ? (ਧੰਧਿਆਂ ਤੋਂ ਨਿਰਲੇਪ ਹਨ) ਜਿਹੜੇ ਇਕ ਪ੍ਰਭੂ ਨੂੰ ਛਡ ਕੇ ਹੋਰ ਕਿਸੇ ਪਾਸੇ ਨਹੀਂ ਜਾਂਦੇ। ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਨੇ ਅਪਣਾ ਨਾਮ ਵਸਾ ਦਿਤਾ ਹੈ। ਗੁਰੂ ਜੀ ਆਖਦੇ ਹਨ ਕਿ ਉਹ ਸਾਧੂ ਪੂਰਨ ਭਗਵਾਨ ਦਾ ਰੂਪ ਹਨ; ਉਹ ਵੱਡੇ ਭਾਗਾਂ ਵਾਲੇ ਪੂਰਨ ਸਾਧੂ ਹਨ।੪।

ਪਦਾਰਥ = ਧਨੁ–ਮਾਇਆ। ਕਹਾ–ਕਿਉਂ। ਪੁਕਾਰਤੇ–ਕੂਕਦੇ ਹੋ। ਕੂਰ–ਕੂੜ (ਨਾਸ਼ਵੰਤ)। ਹੋਤ ਜਾਤ–ਹੋ ਜਾਂਦੇ ਹਨ। ਬਿਹੂਨੇ–ਖਾਲੀ। ਧੂਰ–ਮਿੱਟੀ।੧। ਪਵੜੀ। ਪੁਨੀਤ–ਪਵਿਤ੍ਰ। ਜਨੂਆ–ਦਾਸਾਂ ਦੀ। ਧਨਿ–ਧੰਨਤਾ ਯੋਗ। ਤੇਊ–ਉਹ। ਜਿਹ–ਜਿਨ੍ਹਾਂ ਦਾ। ਰੁਚ–ਰੁਚੀ; ਇੱਛਾ। ਇਆ–ਇਸ ਦੀ। ਬਾਛਹਿ–ਚਾਹੁੰਦੇ; ਮੰਗਦੇ। ਆਛਹਿ–ਚਾਹੁੰਦੇ। ਅਤਿ–ਬਹੁਤ। ਰਜ–ਚਰਨ ਧੂੜ। ਰਾਚਹਿ–ਮਗਨ ਹੁੰਦੇ ਹਨ। ਧੰਧੇ–ਜੰਜਾਲ। ਬਿਆਪਹਿ–ਚਿੰਬੜਦੇ ਹਨ। ਤਾਹੂ–ਉਨ੍ਹਾਂ ਨੂੰ। ਅਨ–ਹੋਰ। ਕਤਹਿ–ਕਿਤੇ। ਜਾਹੂ–ਜਾਂਦੇ ਹਨ। ਹੀਐ–ਹਿਰਦੇ ਵਿਚ।੪।

ਸਲੋਕੁ ॥ ਅਨਿਕ ਭੇਖ ਅਰੁ ਙਿਆਨ ਧਿਆਨ, ਮਨ ਹਠਿ ਮਿਲਿਅਉ ਨ ਕੋਇ ॥ ਕਹੁ ਨਾਨਕ ਕਿਰਪਾ ਭਈ, ਭਗਤੁ ਙਿਆਨੀ ਸੋਇ ॥੧॥ ਅਨੇਕ ਪ੍ਰਕਾਰ ਦੇ ਭੇਖ ਧਾਰਨ, ਗਿਆਨ ਚਰਚਾ, ਸਮਾਧੀਆਂ ਲਾਉਣ ਤੇ ਮਨ ਦੇ ਹਠ ਨਾਲ ਕੋਈ ਵੀ (ਮਨੁੱਖ ਰੱਬ ਨੂੰ) ਨਹੀਂ ਮਿਲਿਆ। ਨਾਨਕ ਗੁਰੂ ਜੀ ਆਖਦੇ ਹਨ, (ਜਿਸ ਮਨੁੱਖ ਉਤੇ ਪ੍ਰਭੂ ਦੀ) ਕ੍ਰਿਪਾ ਹੋਈ ਹੈ, ਉਹ ਭਗਤ ਹੈ, ਉਹ ਹੀ ਗਿਆਨੀ ਹੈ।੧।

ਪਉੜੀ ॥ ਙੰਙਾ ਙਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥ ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ਕਹਤ ਸੁਨਤ ਕਛੁ ਜੋਗੁ ਨ ਹੋਊ ॥ ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ ਉਸਨ ਸੀਤ ਸਮਸਰਿ ਸਭ ਤਾ ਕੈ ॥ ਙਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾ ਕਉ ਕਿਰਪਾ ਧਾਰੀ ॥੫॥ (ਗੁਰੂ ਜੀ) ਙੰਙੇ ਅੱਖਰ ਦੁਆਰਾ ਕਥਨ ਕਰਦੇ ਹਨ, ਮੂੰਹ ਦੀਆਂ ਗੱਲਾਂ ਕਰਨ ਨਾਲ ਗਿਆਨ ਪ੍ਰਾਪਤ ਨਹੀਂ ਹੁੰਦਾ। ਅਤੇ ਨਾ ਹੀ ਸ਼ਾਸਤ੍ਰ ਦੀਆਂ ਅਨੇਕ ਤਰ੍ਹਾਂ ਦੀਆਂ ਜੁਗਤੀਆਂ ਬਿਆਨ ਕਰਨ ਨਾਲ (ਗਿਆਨ ਪ੍ਰਾਪਤ ਹੁੰਦਾ ਹੈ)। ਗਿਆਨੀ ਉਹ ਹੈ, ਜਿਸਦੇ ਹਿਰਦੇ ਵਿਚ ਉਹ ਪ੍ਰਭੂ ਦ੍ਰਿੜ ਹੈ। (ਕੇਵਲ ਮੂੰਹ ਨਾਲ) ਕਹਿਣ ਤੇ (ਕੰਨਾਂ ਨਾਲ) ਸੁਣਨ ਕਰਕੇ (ਗਿਆਨ ਦੇ) ਯੋਗ ਨਹੀਂ ਹੋਈਦਾ; ਪ੍ਰਭੂ ਦੇ ਨਾਲ ਮਿਲਾਪ ਨਹੀਂ ਹੁੰਦਾ (ਫ.ਸ.; ਸੰ.ਸ.)। ਗਿਆਨੀ ਉਹ ਹੈ, ਜਿਸਦੇ ਹਿਰਦੇ

ਵਿਚ ਪ੍ਰਭੂ ਦੀ ਆਗਿਆ ਦ੍ਰਿੜ ਰਹਿੰਦੀ ਹੈ।ਉਸ ਦੇ ਲਈ ਗਰਮੀ ਸਰਦੀ (ਸੁਖ ਦੁਖ) ਸਭ ਇਕੋ ਜਿਹੇ ਹਨ।ਹੇ ਨਾਨਕ! ਜਿਸ ਮਨੁੱਖ ਉਪਰ ਵਾਹਿਗੁਰੂ ਨੇ ਕ੍ਰਿਪਾ ਕੀਤੀ ਹੈ, (ਉਹ ਪੁਰਖ) ਗੁਰੂ ਦੁਆਰਾ ਤੱਤ ਰੂਪ ਪ੍ਰਭੂ ਨੂੰ ਵਿਚਾਰਨ ਵਾਲਾ ਗਿਆਨੀ ਹੈ।੫।

ਪਦਾਰਥ = ਗ੍ਹਿਆਨ-ਗਿਆਨ ਚਰਚਾ।ਹਠਿ-ਅਪਣੇ ਜੋਰ ਨਾਲ।ਸੋਇ-ਉਹ ਹੀ।੧।ਮੁਖ ਬਾਤਉ-ਮੂੰਹ ਦੀਆਂ ਗੱਲਾਂ ਨਾਲ।ਕਰਿ -ਕਰਨ ਨਾਲ।ਭਾਤਉ-ਕਿਸਮਾਂ; ਭਾਂਤ ਦੀਆਂ।ਸੋਇ-ਉਹ।ਜਾ ਕੈ-ਜਿਸ ਦੇ।ਦ੍ਰਿੜ-ਇਸਥਿਤ।ਜੋਗੁ-ਮਿਲਾਪ; ਯੋਗ (ਲਾਇਕ)। ਰਹਤ-ਰਹਿੰਦੀ ਹੈ।ਉਸਨ-ਗਰਮੀ (ਦੁੱਖ)।ਸੀਤ-ਸਰਦੀ (ਸੁਖ)।ਸਮਸਰਿ-ਬਰਾਬਰ।ਤਾ ਕੈ-ਉਸ ਦੇ।੫।

ਸਲੋਕੁ ॥ ਆਵਨ ਆਏ ਸ੍ਰਿਸਟਿ ਮਹਿ, ਬਿਨੁ ਬੂਝੇ ਪਸੁ ਢੋਰ ॥ ਨਾਨਕ ਗੁਰਮੁਖਿ ਸੋ ਬੁਝੈ, ਜਾ ਕੈ ਭਾਗ ਮਥੋਰ ॥੧॥ (ਜੀਵ) ਸੰਸਾਰ ਵਿਚ ਆਉਣ ਮਾਤ੍ਰ ਹੀ ਆਏ ਹਨ, (ਕਿਉਂਕਿ ਪ੍ਰਭੂ ਨੂੰ) ਸਮਝੇ ਬਿਨਾ ਭਾਰ ਢੋਣ ਵਾਲੇ ਪਸ਼ੂ ਵਾਂਗ ਹਨ (ਪ੍ਰਵਾਰ ਲਈ ਕੰਮ ਕਰਦੇ ਹਨ)।ਹੇ ਨਾਨਕ! ਉਹ ਗੁਰਮੁਖ (ਸੰਸਾਰ ਵਿਚ ਆਉਣ ਦੇ ਮਨੋਰਥ ਨੂੰ) ਸਮਝਦਾ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹਨ।੧।

ਪਉੜੀ ॥ ਯਾ ਜੁਗ ਮਹਿ ਏਕਹਿ ਕਉ ਆਇਆ ॥ ਜਨਮਤ ਮੋਹਿਓ ਮੋਹਨੀ ਮਾਇਆ ॥ ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥ ਧਾਰਹੁ ਕਿਰਪਾ ਜਿਸਹਿ ਗੁਸਾਈ ॥ ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥੬॥ (ਮਨੁੱਖ) ਇਸ ਜੁਗ ਵਿਚ ਇਕ ਵਾਹਿਗੁਰੂ ਨੂੰ (ਪ੍ਰਾਪਤ ਕਰਨ ਲਈ) ਆਇਆ ਹੈ।ਜੰਮਦਿਆਂ ਹੀ (ਇਸ ਨੂੰ) ਮੋਹ ਲੈਣ ਵਾਲੀ ਮਾਇਆ ਨੇ ਮੋਹ ਲਿਆ ਹੈ।(ਮਨੁੱਖ ਮਾਂ ਦੇ) ਗਰਭ ਕੁੰਡ ਵਿਚ ਪੁੱਠੇ ਲਟਕ ਕੇ ਤਪ ਕਰਦੇ ਸਨ।(ਉਥੇ) ਸੁਆਸ ਸੁਆਸ ਪ੍ਰਭੂ ਦਾ ਨਾਮ ਜਪਦੇ ਰਹਿੰਦੇ ਸਨ।(ਪਰ ਜੰਮ ਕੇ ਉਸ ਮਾਇਆ ਵਿਚ) ਫਸ ਪਏ ਹਨ, ਜਿਸ ਨੂੰ (ਮਨੁੱਖ) ਛਡ ਕੇ ਚਲੇ ਜਾਣ ਵਾਲਾ ਹੈ; ਜਿਸ ਨੂੰ ਅਸੀਂ ਛਡ ਜਾਣਾ ਹੈ ਤੇ ਜਿਸ ਤੋਂ ਮੌਤ ਨੇ ਸਾਨੂੰ ਛੁਡਾ ਲੈਣਾ ਹੈ; ਪਿੱਛੇ ਛਡ ਆਏ ਹਾਂ ਤੇ ਅੱਗੋਂ ਛਡ ਜਾਣਾ ਹੈ।ਦੇਵਨਹਾਰ (ਦਾਤੇ) ਪ੍ਰਭੂ ਨੂੰ ਮਨ ਵਿਚੋਂ ਭੁਲਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਹੇ ਵਾਹਿਗੁਰੂ! ਜਿਸ ਮਨੁੱਖ ਉਤੇ ਆਪ ਜੀ ਕਿਰਪਾ ਕਰਦੇ ਹੋ, ਉਸ ਨੂੰ (ਆਪ ਜੀ) ਲੋਕ ਪ੍ਰਲੋਕ ਵਿਖੇ ਭੁਲਦੇ ਨਹੀਂ ਹੋ।੬।

ਪਦਾਰਥ = ਆਵਨ ਆਏ-ਆਉਣ; ਕਹਿਣ ਮਾਤ੍ਰ ਹੀ ਆਏ (ਜਨਮੇ) ਹਨ।ਪਸੁ ਢੋਰ-ਭਾਰ ਢੋਣ ਵਾਲਾ ਪਸ਼ੂ (ਪ੍ਰਵਾਰ ਲਈ ਕੰਮ ਕਰਨ ਵਾਲਾ); ਮਹਾਂ ਮੂਰਖ।ਸੋ-ਉਹ।ਬੁਝੈ-ਸਮਝਦਾ ਹੈ।ਜਾ ਕੈ-ਜਿਸ ਦੇ।ਮਥੋਰ-ਮੱਥੇ ਉਤੇ।੧।ਪਉੜੀ।ਯਾ-ਇਸ।ਜੁਗ ਮਹਿ-ਕਲਜੁਗ ਵਿਚ; ਜਨਮ ਵਿਚ।ਜਨਮਤ-ਜਨਮ ਲੈਂਦਿਆਂ।ਮੋਹਨੀ-ਮੋਹ ਲੈਣ ਵਾਲੀ।ਮੋਹਿਓ-ਮੋਹ (ਠੱਗ) ਲਿਆ।ਗਰਭ ਕੁੰਟ-ਮਾਂ ਦੇ ਪੇਟ ਵਿਚ।ਉਰਧ-ਪੁੱਠਾ।ਉਰਝਿ ਪਰੇ-ਫਸ ਪਏ।ਮਨਹਿ-ਮਨ ਵਿਚੋਂ।ਗੁਸਾਈ-ਹੇ ਸ੍ਰਿਸਟੀ ਦੇ ਮਾਲਕ! (ਵਾਹਿਗੁਰੂ)।ਇਤ ਉਤ-ਲੋਕ ਪ੍ਰਲੋਕ ਵਿਚ; ਇਸ ਜਨਮ ਵਿਚ ਤੇ ਮਾਂ ਦੇ ਗਰਭ ਵਿਚ।੬।

ਸਲੋਕੁ ॥ ਆਵਤ ਹੁਕਮਿ ਬਿਨਾਸ ਹੁਕਮਿ, ਆਗਿਆ ਭਿੰਨ ਨ ਕੋਇ ॥ ਆਵਨ ਜਾਨਾ ਤਿਹ ਮਿਟੈ, ਨਾਨਕ ਜਿਹ ਮਨਿ ਸੋਇ ॥੧॥ (ਸੰਸਾਰ ਵਿਚ ਸਾਰੇ ਜੀਵ) ਪ੍ਰਭੂ ਦੇ ਹੁਕਮ ਵਿਚ ਆਉਂਦੇ (ਜੰਮਦੇ) ਹਨ ਤੇ (ਸਾਰੇ ਜੀਵ) ਹੁਕਮ ਵਿਚ ਹੀ ਨਾਸ਼ ਹੁੰਦੇ (ਮਰਦੇ) ਹਨ, (ਪ੍ਰਭੂ ਦੀ) ਆਗਿਆ ਤੋਂ ਬਾਹਰ ਕੋਈ ਨਹੀਂ ਹੈ।ਨਾਨਕ ਗੁਰੂ ਆਖਦੇ ਹਨ ਕਿ ਆਉਣਾ ਜਾਣਾ (ਜੰਮਣਾ ਮਰਨਾ) ਉਸ (ਮਨੁੱਖ) ਦਾ ਮਿਟਦਾ ਹੈ, ਜਿਸ ਦੇ ਮਨ ਵਿਚ ਉਹ ਪ੍ਰਭੂ ਵਸਦਾ ਹੈ।੧।

ਪਉੜੀ ॥ ਏਊ ਜੀਅ ਬਹੁਤੁ ਗ੍ਰਭ ਵਾਸੇ ॥ ਮੋਹ ਮਗਨ ਮੀਠ ਜੋਨਿ ਫਾਸੇ ॥ ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ ਆਪਨ ਮੋਹ ਘਟੇ ਘਟਿ ਦੀਨੇ ॥ ਏ ਸਾਜਨ ਕਛੁ ਕਹਹੁ ਉਪਾਇਆ ॥ ਜਾ ਤੇ ਤਰਉ ਬਿਖਮ ਇਹ ਮਾਇਆ ॥ ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾ ਕੈ ਨਿਕਟਿ ਨ ਮਾਏ ॥੭॥ ਇਹ ਜੀਵ ਬਹੁਤ ਗਰਭਾਂ (ਜੋਨੀਆਂ) ਵਿਚ ਵਸਦੇ ਆਏ ਹਨ।ਮਾਇਆ ਦੇ ਮਿੱਠੇ ਮੋਹ ਵਿਚ ਮਗਨ ਹੋ ਕੇ ਜੋਨੀਆਂ ਵਿਚ ਫਸਦੇ ਰਹੇ ਹਨ।ਇਸ ਮਾਇਆ ਨੇ (ਸਾਰੇ ਜੀਵ) ਤਿੰਨ ਗੁਣਾਂ ਵਿਚ ਫਸਾ ਕੇ ਵਸ ਵਿਚ ਕੀਤੇ ਹੋਏ ਹਨ।ਅਤੇ ਅਪਣਾ ਮੋਹ ਹਰੇਕ ਜੀਵ ਦੇ ਸਰੀਰ ਵਿਚ ਪਾ ਦਿਤਾ ਹੈ।(ਹੁਣ ਮਾਇਆ ਤੋਂ ਬਚਣ ਦੀ ਬੇਨਤੀ ਕਰਦੇ ਹਨ) ਹੇ ਸੱਜਣ! ਕੁਛ ਉਪਾਉ ਦੱਸੋ।ਜਿਸ ਨਾਲ ਮੈਂ ਇਸ ਕਠਨ ਮਾਇਆ ਨੂੰ ਤਰ ਜਾਵਾਂ।(ਹੁਣ ਗੁਰੂ ਜੀ ਉਪਾਉ ਦਸਦੇ ਹਨ, ਪ੍ਰਭੂ ਜਿਸ ਮਨੁੱਖ ਉਤੇ) ਕ੍ਰਿਪਾ ਕਰਕੇ ਸੱਤ ਸੰਗਤ ਵਿਚ ਮਿਲਾ ਦੇਂਦਾ ਹੈ, ਨਾਨਕ ਗੁਰੂ ਜੀ ਆਖਦੇ ਹਨ, ਉਸਦੇ ਨੇੜੇ ਮਾਇਆ ਨਹੀਂ ਆਉਂਦੀ।੭।

ਪਦਾਰਥ = ਆਵਤ-ਆਉਂਦਾ (ਜੰਮਦਾ) ਹੈ।ਹੁਕਮਿ-ਹੁਕਮ ਵਿਚ।ਬਿਨਾਸ-ਨਾਸ਼ ਹੁੰਦਾ (ਮਰਦਾ) ਹੈ।ਭਿੰਨ-ਬਾਹਰ।ਆਵਨ ਜਾਨਾ -ਆਉਣਾ ਜਾਣਾ (ਜੰਮਣਾ ਮਰਨਾ)।ਤਿਹ-ਉਸ ਦਾ।ਜਿਹ-ਜਿਸ ਦੇ।ਸੋਇ-ਉਹ।ਪਉੜੀ।ਏਊ ਜੀਅ-ਇਹ ਜੀਵ (ਬਹੁ ਵਚਨ)। ਗ੍ਰਭ-(ਅਨੇਕ ਜੋਨੀਆਂ ਦੇ) ਗਰਭਾਂ ਵਿਚ।ਫਾਸੇ-ਫਸੇ ਹਨ।ਇਨਿ-ਇਸ ਨੇ।ਬਸਿ-ਵਸ ਵਿਚ; ਅਧੀਨ।ਘਟੇ ਘਟਿ-ਹਰੇਕ ਜੀਵ ਦੇ ਸਰੀਰ ਵਿਚ।ਏ-ਹੇ।ਉਪਾਇਆ-ਜਤਨ।ਜਾ ਤੇ-ਜਿਸ ਤੋਂ।ਤਰਉ-ਤਰ ਜਾਵਾਂ।ਬਿਖਮ-ਔਖੀ।ਮਾਏ-ਮਾਇਆ।੭।

ਸਲੋਕ ॥ ਕਿਰਤ ਕਮਾਵਨ ਸੁਭ ਅਸੁਭ, ਕੀਨੇ ਤਿਨਿ ਪ੍ਰਭਿ ਆਪਿ ॥ ਪਸੁ ਆਪਨ ਹਉ ਹਉ ਕਰੈ, ਨਾਨਕ ਬਿਨੁ ਹਰਿ ਕਹਾ ਕਮਾਤਿ

॥੧॥ (ਹੇ ਭਾਈ!) ਚੰਗੇ ਮੰਦੇ ਕਰਮ ਕਰਨੇ, (ਇਹ ਸਭ) ਉਸ ਪ੍ਰਭੂ ਨੇ ਆਪ ਕੀਤੇ ਹਨ ਭਾਵ ਜੀਵਾਂ ਦੇ ਪਿਛਲੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਆਪ ਹੀ ਪ੍ਰੇਰਕ ਹੋ ਕੇ ਜੀਵਾਂ ਤੋਂ ਕੰਮ ਕਰਾ ਰਿਹਾ ਹੈ।(ਉਨ੍ਹਾਂ ਚੰਗੇ ਕੰਮਾਂ ਦਾ ਕਰਤਾ ਆਪ ਨੂੰ ਮੰਨ ਕੇ) ਪਸ਼ੂ ਮਨੁੱਖ ਅਪਣੀ ਮੈਂ ਮੈਂ ਕਰਦਾ ਹੈ (ਹੰਕਾਰ ਕਰਦਾ ਹੈ, ਤੇ ਮੰਦੇ ਕੰਮ ਭਾਗਾਂ ਤੇ ਸੁੱਟ ਦੇਂਦਾ ਹੈ), ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਤੋਂ ਬਿਨਾ ਮਨੁੱਖ ਕੀ ਕਰਮ ਕਮਾ ਸਕਦਾ ਹੈ? (ਜੋ ਕੰਮ ਜੀਵ ਕਰਦਾ ਹੈ, ਉਹ ਪ੍ਰਭੂ ਦੇ ਲਿਖੇ ਲੇਖਾਂ ਅਨੁਸਾਰ ਹੀ ਕਰਦਾ ਹੈ)।੧।

ਪਉੜੀ ॥ ਏਕਹਿ ਆਪਿ ਕਰਾਵਨਹਾਰਾ ॥ ਆਪਹਿ ਪਾਪ ਪੁੰਨ ਬਿਸਥਾਰਾ ॥ ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ ਸੋ ਸੋ ਪਾਇਓ ਜੁ ਆਪਿ ਦਿਵਾਇਓ ॥ ਉਆ ਕਾ ਅੰਤੁ ਨ ਜਾਨੈ ਕੋਊ ॥ ਜੋ ਜੋ ਕਰੈ ਸੋਊ ਫੁਨਿ ਹੋਊ ॥ ਏਕਹਿ ਤੇ ਸਗਲਾ ਬਿਸਥਾਰਾ ॥ ਨਾਨਕ ਆਪਿ ਸਵਾਰਨਹਾਰਾ ॥੮॥ ਇਕ ਪ੍ਰਭੂ ਆਪ ਹੀ (ਸਭ ਕਰਮ) ਕਰਾਉਣ ਵਾਲਾ ਹੈ।ਉਸ ਨੇ ਆਪ ਹੀ (ਜੀਵਾਂ ਦੇ ਕੀਤੇ ਕਰਮਾਂ ਅਨੁਸਾਰ) ਪਾਪਾਂ ਪੁੰਨਾਂ ਦਾ ਵਿਸਥਾਰ ਕੀਤਾ ਹੈ।ਇਸ ਜੁਗ ਵਿਚ ਪ੍ਰਭੂ ਨੇ ਜਿਸ ਜਿਸ ਪਾਸੇ (ਜੀਵਾਂ ਨੂੰ) ਆਪੇ ਲਾਇਆ ਹੈ, (ਉਹ ਉਸੇ ਪਾਸੇ ਲਗੇ ਹਨ।ਹਰ ਇਕ ਜੀਵ ਨੇ) ਉਹ ਉਹ ਹੀ ਫਲ ਪ੍ਰਾਪਤ ਕੀਤਾ ਹੈ, ਜੋ ਜੋ ਪ੍ਰਭੂ ਨੇ ਆਪ (ਉਨ੍ਹਾਂ ਦੇ ਕਰਮਾਂ ਅਨੁਸਾਰ) ਦਿਵਾਇਆ ਹੈ।ਉਸ ਪ੍ਰਭੂ ਦਾ ਕੋਈ ਅੰਤ ਨਹੀਂ ਜਾਣਦਾ।ਜੋ ਜੋ (ਪ੍ਰਭੂ) ਕਰਦਾ ਹੈ, ਫਿਰ ਉਹ ਹੀ ਹੁੰਦਾ ਹੈ।ਇਕ ਪ੍ਰਭੂ ਤੋਂ ਹੀ (ਜੀਵਾਂ ਦੀ ਜੂਨੀਆਂ; ਸ੍ਰਿਸਟੀ ਦਾ) ਸਾਰਾ ਪਸਾਰਾ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਆਪ ਹੀ ਸਵਾਰਨ (ਜੀਵਾਂ ਨੂੰ ਬਖਸ਼ਿਸ਼ ਕਰਕੇ ਸਿੱਧੇ ਰਸਤੇ ਪਾਉਣ) ਵਾਲਾ ਹੈ।੮।

ਪਦਾਰਥ = ਕਿਰਤ-ਕੰਮ।ਸੁਭ ਅਸੁਭ-ਚੰਗੇ ਮੰਦੇ ਕੰਮ।ਤਿਨਿ ਪ੍ਰਭਿ-ਉਸ ਪ੍ਰਭੂ ਨੇ।ਪਸੁ-ਪਸ਼ੂ (ਮੂਰਖ)।ਹਉ ਹਉ-ਮੈਂ ਮੈਂ।ਕਹਾ -ਕੀ।ਕਮਾਤਿ-ਕਮਾ (ਕਰ) ਸਕਦਾ ਹੈ।੧।ਪਉੜੀ।ਏਕਹਿ-ਇਕ ਵਾਹਿਗੁਰੂ।ਬਿਸਥਾਰਾ-ਫੈਲਾਇਆ ਹੈ।ਇਆ ਜੁਗ-ਇਸ ਜੁਗ (ਮਨੁੱਖਾ ਜਨਮ) ਵਿਚ।ਜਿਤੁ-ਜਿਸ ਪਾਸੇ।ਆਪਹਿ-ਆਪ ਹੀ।ਸੋ ਸੋ-ਉਹ ਉਹ।ਜੁ-ਜੋ।ਉਆ ਕਾ-ਉਸ ਪ੍ਰਭੂ ਦਾ।ਸੋਊ-ਉਹ ਹੀ। ਫੁਨਿ-ਫਿਰ; ਮੁੜ।ਹੋਊ-ਹੁੰਦਾ ਹੈ।ਏਕਹਿ ਤੇ-ਇਕ ਵਾਹਿਗੁਰੂ ਤੋਂ।ਸਵਾਰਨਹਾਰਾ-ਸੁਧਾਰਨ ਵਾਲਾ।੮।

ਸਲੋਕੁ ॥ ਰਾਚਿ ਰਹੇ ਬਨਿਤਾ ਬਿਨੋਦ, ਕੁਸਮ ਰੰਗ ਬਿਖ ਸੋਰ ॥ ਨਾਨਕ ਤਿਹ ਸਰਨੀ ਪਰਉ ,ਬਿਨਸਿ ਜਾਇ ਮੈ ਮੋਰ ॥੧॥ (ਸਿੱਖ ਪੁਛਦਾ ਹੈ ਕਿ ਹੇ ਗੁਰੂ ਜੀ! ਜਦ ਸਭ ਕੁਛ ਰੱਬ ਹੀ ਕਰਦਾ ਹੈ ਤਾਂ ਜੀਵ ਵਿਗੜਦਾ ਕਿਉਂ ਹੈ ਤੇ ਸੁਧਰਦਾ ਕਿਵੇਂ ਹੈ? ਉਤਰ, ਹੇ ਭਾਈ ! ਜੀਵ) ਇਸਤ੍ਰੀ ਦੇ ਮੌਜ ਮੇਲਿਆਂ ਵਿਚ ਰਚ ਰਹੇ ਹਨ, (ਇਹ ਸਭ) ਮਾਇਆ ਦਾ ਸ਼ੋਰ ਸ਼ਰਾਬਾ ਹੈ, ਜੋ ਕੁਸੁੰਭੇ ਫੁੱਲ ਦੇ ਰੰਗ ਵਾਂਗ ਕੱਚਾ (ਥੋੜਾ ਚਿਰ ਰਹਿਣ ਵਾਲਾ) ਹੈ; ਇਸਤ੍ਰੀ ਦੇ ਅਨੰਦ ਤੇ ਕੁਸੁੰਭੇ ਰੰਗੀ ਸ਼ਰਾਬ ਦੀ ਜਹਿਰ ਵਿਚ ਰਚ ਰਹੇ ਹਨ (ਮ.ਕੋ.)। ਨਾਨਕ ਗੁਰੂ ਜੀ ਆਖਦੇ ਹਨ, ਉਸ ਪ੍ਰਭੂ ਦੀ ਸ਼ਰਨੀ ਪੈ ਜਾਓ, ਤਾਂ ਜੋ ਮੈਂ ਮੇਰੀ ਨਾਸ਼ ਹੋ ਜਾਵੇ।(ਕੰਮਾਂ ਦਾ ਕਰਤਾ ਰੱਬ ਨੂੰ ਮੰਨਣ ਦੀ ਬਜਾਏ, ਜੀਵ ਹੰਕਾਰ ਵਿਚ ਆਪ ਨੂੰ ਕਰਤਾ ਮੰਨਦਾ ਹੈ ਤੇ ਮਾਇਆ ਵਿਚ ਲਗ ਜਾਂਦਾ ਹੈ, ਇਸੇ ਲਈ ਬਿਗੜਦਾ ਹੈ)।੧।

ਅੰਗ ੨੫੨ = ਪਉੜੀ ॥ ਰੇ ਮਨ ਬਿਨੁ ਹਰਿ ਜਹ ਰਚਹੁ ,ਤਹ ਤਹ ਬੰਧਨ ਪਾਹਿ ॥ ਜਿਹ ਬਿਧਿ ਕਤਹੂ ਨ ਛੂਟੀਐ, ਸਾਕਤ ਤੇਊ ਕਮਾਹਿ ॥ ਹਉ ਹਉ ਕਰਤੇ ਕਰਮ ਰਤ, ਤਾ ਕੋ ਭਾਰੁ ਅਫਾਰ ॥ ਪ੍ਰੀਤਿ ਨਹੀ ਜਉ ਨਾਮ ਸਿਉ ,ਤਉ ਏਊ ਕਰਮ ਬਿਕਾਰ ॥ ਬਾਧੇ ਜਮ ਕੀ ਜੇਵਰੀ, ਮੀਠੀ ਮਾਇਆ ਰੰਗ ॥ ਭ੍ਰਮ ਕੇ ਮੋਹੇ ਨਹ ਬੁਝਹਿ, ਸੋ ਪ੍ਰਭੁ ਸਦਹੂ ਸੰਗ ॥ ਲੇਖੈ ਗਣਤ ਨ ਛੂਟੀਐ, ਕਾਚੀ ਭੀਤਿ ਨ ਸੁਧਿ ॥ ਜਿਸਹਿ ਬੁਝਾਏ ਨਾਨਕਾ, ਤਿਹ ਗੁਰਮੁਖਿ ਨਿਰਮਲ ਬੁਧਿ ॥੯॥ ਹੇ ਮਨ! ਹਰੀ ਤੋਂ ਬਿਨਾ ਜਿਸ ਜਿਸ ਕਰਮ ਵਿਚ (ਤੂੰ) ਲੀਨ ਹੋ ਜਾਂਦਾ ਹੈਂ, ਉਸ ਉਸ ਕੰਮ ਵਿਚ ਬੰਧਨ ਹੀ ਪੈਂਦੇ ਹਨ।ਜਿਸ ਤਰੀਕੇ ਨਾਲ ਕਦੇ ਛੁਟ ਨਹੀਂ ਸਕੀਦਾ, ਸਾਕਤ ਉਹ ਹੀ ਕਰਮ ਕਰਦੇ ਹਨ।ਕਰਮਾਂ ਦੇ ਪ੍ਰੇਮੀ (ਜਿਹੜੇ ਮਨੁੱਖ) ਮੈਂ ਮੈਂ ਕਰਦੇ ਹਨ, ਉਨ੍ਹਾਂ ਦੇ (ਸਿਰ ਤੇ ਕਰਮਾਂ ਦਾ) ਬਹੁਤ ਭਾਰ ਰਹਿੰਦਾ ਹੈ।ਜੇ ਹਰੀ ਦੇ ਨਾਮ ਨਾਲ ਪ੍ਰੀਤ ਨਹੀਂ, ਤਾਂ (ਕਰਮ ਕਾਂਡੀ ਦੇ) ਇਹ ਕਰਮ ਬੇਕਾਰ ਹਨ; ਵਿਕਾਰ ਰੂਪ ਹਨ।(ਜਿਨ੍ਹਾਂ ਦਾ) ਮਿੱਠੀ ਮਾਇਆ ਵਿਚ ਪਿਆਰ ਹੈ, (ਉਹ ਮਨੁੱਖ) ਜਮ ਦੀ ਰੱਸੀ ਨਾਲ ਬੰਨ੍ਹੇ ਜਾਂਦੇ ਹਨ।ਭਰਮ ਦੇ ਠੱਗੇ ਹੋਏ ਸਮਝਦੇ ਨਹੀਂ ਕਿ ਉਹ ਪ੍ਰਭੂ ਸਦਾ ਹੀ (ਮਨੁੱਖ ਦੇ) ਅੰਗ ਸੰਗ ਹੈ।(ਕਰਮ ਕਾਂਡੀ ਦੇ) ਕਰਮਾਂ ਦਾ ਹਿਸਾਬ ਤੇ ਗਿਣਤੀ ਕੀਤਿਆਂ ਛੁਟਕਾਰਾ ਨਹੀ ਹੋ ਸਕਦਾ, ਕਿਉਂਕਿ ਮਿੱਟੀ ਦੀ ਕੱਚੀ ਕੰਧ ਸ਼ੁੱਧ ਨਹੀਂ ਹੋ ਸਕਦੀ (ਕੰਧ ਵਾਂਗ ਕੱਚੀ ਦੇਹ ਸਾਕਾਮ ਰੂਪ ਪਾਣੀ ਨਾਲ ਧੋਤਿਆਂ ਕਦੇ ਪਵਿਤ੍ਰ ਨਹੀਂ ਹੋ ਸਕਦੀ।ਕਿਉਂਕਿ ਹਉਂ ਨਾਲ ਕੀਤੇ ਕਰਮਾਂ ਨਾਲ ਸਫਾਈ ਨਹੀਂ ਹੋ ਸਕਦੀ, ਅਗਲੀ ਤੁਕ ਵਿਚ ਦਸਿਆ ਹੈ ਕਿ ਸਫਾਈ ਗਿਆਨ ਨਾਲ ਹੋਣੀ ਹੈ)।ਨਾਨਕ ਗੁਰੂ ਜੀ ਆਖਦੇ ਹਨ, ਜਿਸ ਮਨੁੱਖ ਨੂੰ ਪ੍ਰਭੂ ਆਪ ਸਮਝਾ (ਗਿਆਨ ਦੇ) ਦੇਵੇ, ਉਸ ਗੁਰਮੁਖ ਦੀ ਬੁੱਧੀ ਨਿਰਮਲ ਹੋ ਜਾਂਦੀ ਹੈ।੯।

ਪਦਾਰਥ = ਰਾਚਿ ਰਹੇ-ਲੀਨ; ਲੱਗੇ ਰਹਿੰਦੇ ਹਨ।ਬਨਿਤਾ-ਇਸਤ੍ਰੀ।ਬਿਨੋਦ-ਅਨੰਦ ਵਿਚ।ਕੁਸਮ-ਕੁਸੰਭਾ ਫੁੱਲ।ਬਿਖ ਸੋਰ- ਮਾਇਆ ਦਾ ਸ਼ੋਰ ਸ਼ਰਾਬਾ (ਸਭ ਨੇ ਇਹੀ ਅਰਥ ਕੀਤਾ ਹੈ); ਜਹਿਰ ਵਾਂਗ ਮਾਰਨ ਵਾਲਾ ਤੇ ਸ਼ੋਰੇ ਵਾਂਗ ਗਾਲਣ ਵਾਲਾ; ਜਹਿਰ ਵਾਂਗ ਕੌੜਾ।ਤਿਹ-ਉਸ ਦੀ।ਪਰਉ-ਪੈ ਜਾਵੋ।ਮੈ ਮੋਰ-ਮੈਂ ਮੇਰੀ।੧।ਪਉੜੀ।ਸਾਕਤ-ਮਨਮੁਖ।ਜਹ-ਜਿਸ; ਜਿਥੇ।ਤਹ-ਉਸ; ਉਥੇ।

All Rights Reserved by Harjinder Singh Gyani | www.GuruGranthVakhyaan.org

ਪਾਹਿ-ਪੈਂਦੇ ਹਨ। ਬਿਧਿ-ਤਰੀਕੇ ਨਾਲ। ਕਤਹੂ-ਕਦੇ ਵੀ; ਕਿਤੇ। ਤੇਊ-ਉਹ ਹੀ। ਰਤ-ਪ੍ਰੇਮੀ। ਭਾਰੁ-ਬੋਝ। ਤਾ ਕੋ-ਉਸ ਦਾ। ਅਫਾਰੁ-ਬਹੁਤ; ਅਸਹਿ। ਜਉ-ਜੇ। ਤਉ-ਤਾਂ। ਏਊ-ਇਹ। ਬਿਕਾਰ-ਵਿਕਾਰ ਰੂਪ; ਫਜ਼ੂਲ। ਜੇਵਰੀ-ਰੱਸੀ; ਫਾਹੀ। ਰੰਗ-ਪ੍ਰੇਮ। ਮੋਹੇ-ਠੱਗੇ ਹੋਏ। ਲੇਖੈ-(ਕਰਮਾਂ ਦਾ) ਹਿਸਾਬ ਕੀਤਿਆਂ। ਗਣਤ-ਗਿਣਤੀ। ਭੀਤਿ-ਕੰਧ। ਸੁਧਿ-ਪਵਿਤ੍ਰ। ਨਿਰਮਲ-ਪਵਿਤ੍ਰ।੯।

ਸਲੋਕੁ ॥ ਟੂਟੇ ਬੰਧਨ ਜਾਸੁ ਕੇ, ਹੋਆ ਸਾਧੂ ਸੰਗੁ ॥ ਜੋ ਰਾਤੇ ਰੰਗ ਏਕ ਕੈ, ਨਾਨਕ ਗੂੜਾ ਰੰਗੁ ॥੧॥ ਜਿਸ ਮਨੁੱਖ ਦੇ ਤਾਈਂ ਸਾਧੂ ਸੰਗ ਪ੍ਰਾਪਤ ਹੋਇਆ ਹੈ, ਉਸ ਦੇ ਬੰਧਨ ਟੁੱਟ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ, ਜਿਹੜੇ ਮਨੁਖ ਇਕ ਵਾਹਿਗੁਰੂ ਦੇ ਪ੍ਰੇਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਪ੍ਰੇਮ ਰੰਗ ਗੂੜ੍ਹਾ ਹੈ ਭਾਵ ਪੱਕਾ ਰੰਗ ਹੈ, ਕਦੇ ਉਤਰਦਾ ਨਹੀਂ (ਉਨ੍ਹਾਂ ਦੀ ਖੁਸ਼ੀ ਸਥਿਰ ਹੈ)।੧।

ਪਉੜੀ ॥ ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥ ਉਆ ਮਹਲੀ ਪਾਵਹਿ ਤੂ ਬਾਸਾ ॥ ਜਨਮ ਮਰਨ ਨਹ ਹੋਇ ਬਿਨਾਸਾ ॥ ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥ ਰਾਰੇ (ਅੱਖਰ ਦੁਆਰਾ ਉਪਦੇਸ਼ ਹੈ) ਇਸ ਅਪਣੇ ਮਨ ਨੂੰ (ਹਰੀ ਦੇ ਪ੍ਰੇਮ ਰੰਗ ਵਿਚ) ਰੰਗ ਲਵੋ। (ਸਿੱਖ ਪੁਛਦਾ ਹੈ ਕਿ ਮਹਾਰਾਜ! ਕਿਵੇਂ ਰੰਗੀਏ?) ਹਰੀ ਦਾ ਹਰਿ ਨਾਮ ਜਪੋ, ਰਸਨਾ ਨਾਲ ਜਪੋ। (ਫਿਰ ਤੁਹਾਨੂੰ ਹਰੀ ਦੀ) ਦਰਗਾਹ ਵਿਚ ਓਇ ਓਇ ਕੋਈ ਨਹੀਂ ਕਹੇਗਾ (ਨਿਰਾਦਰ ਨਹੀਂ ਕਰੇਗਾ। ਸਾਰੇ ਕਹਿਣਗੇ) ਆਓ ਜੀ ਬੈਠੋ ਤੇ ਸ੍ਰੇਸਟ ਆਦਰ ਦੇਣਗੇ। ਤੂੰ (ਰੱਬ ਦੇ) ਉਸ ਸਰੂਪ ਵਿਚ ਟਿਕਾਣਾ ਪਾ ਲਵੇਂਗਾ। (ਜਿੱਥੇ) ਜਨਮ ਮਰਨ ਨਹੀਂ ਹੁੰਦਾ ਤੇ ਨਾ ਹੀ (ਉਸ ਮਹਿਲ ਦਾ) ਬਿਨਾਸ ਹੁੰਦਾ ਹੈ। ਜਿਸ (ਪੁਰਖ) ਦੇ ਮੱਥੇ ਤੇ ਧੁਰੋਂ (ਰੱਬ ਦੇ ਹਜੂਰੋਂ ਚੰਗਾ) ਭਾਗ ਲਿਖਿਆ ਹੋਇਆ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, ਉਸ ਦੇ ਹਿਰਦੇ ਘਰ ਵਿਚ ਹਰੀ ਦਾ ਨਾਮ ਧਨ ਪ੍ਰਾਪਤ ਹੁੰਦਾ ਹੈ।੧੦।

ਪਦਾਰਥ = ਜਾਸੁ ਕੇ-ਜਿਸ ਦੇ। ਜੋ-ਜਿਹੜੇ। ਰਾਤੇ-ਰੰਗੇ ਹਨ। ਰੰਗ-ਪ੍ਰੇਮ ਰੰਗ ਵਿਚ। ਏਕ ਕੈ-ਇਕ ਵਾਹਿਗੁਰੂ ਦੇ। ਗੂੜਾ ਰੰਗੁ-ਪੱਕਾ (ਮਜੀਠੀ) ਰੰਗ।੧। ਪਉੜੀ। ਇਆ-ਇਸ। ਰਸਨਾ-ਜੀਭ ਨਾਲ। ਰੇ ਰੇ-ਓਏ ਓਏ (ਨਿਰਾਦਰ ਦੇ ਬਚਨ)। ਸੁਭ-ਚੰਗਾ। ਦੇਊ-ਦੇਵੇਗਾ। ਉਆ-ਉਸ। ਬਾਸਾ-ਟਿਕਾਣਾ। ਮਸਤਕਿ-ਮੱਥੇ ਉਤੇ। ਕਰਮੁ-ਭਾਗ। ਮਹਲੀ-ਰੱਬੀ ਸਰੂਪ ਵਿਚ। ਸੰਪੈ-ਧਨ ਪਦਾਰਥ।੧੦।

ਸਲੋਕੁ ॥ ਲਾਲਚ ਝੂਠ ਬਿਕਾਰ ਮੋਹ, ਬਿਆਪਤ ਮੂੜੇ ਅੰਧ ॥ ਲਾਗਿ ਪਰੇ ਦੁਰਗੰਧ ਸਿਉ ,ਨਾਨਕ ਮਾਇਆ ਬੰਧ ॥੧॥ (ਪ੍ਰਸ਼ਨ, ਜੀਵ ਬੰਧਨਾਂ ਵਿਚ ਕਿਉਂ ਪੈਂਦੇ ਹਨ, ਉਤਰ) ਮੂਰਖਾਂ ਤੇ ਅੰਨਿਆਂ ਨੂੰ ਲਾਲਚ, ਝੂਠ, ਵਿਸ਼ੇ ਵਿਕਾਰ ਤੇ ਮੋਹ ਵਿਆਪਦੇ ਹਨ। ਉਹ ਵਿਸ਼ਿਆਂ ਦੀ ਗੰਦਗੀ ਨਾਲ ਲਗ ਪੈਂਦੇ ਹਨ, ਗੁਰੂ ਜੀ ਆਖਦੇ ਕਿ (ਇਹ ਸਭ) ਮਾਇਆ ਦੇ ਬੰਧਨ ਹਨ।੧।

ਪਉੜੀ ॥ ਲਲਾ ਲਪਟਿ ਬਿਖੈ ਰਸ ਰਾਤੇ ॥ ਅਹੰਬੁਧਿ ਮਾਇਆ ਮਦ ਮਾਤੇ ॥ ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥ ਜਿਤੁ ਜਿਤੁ ਲਾਵਹੁ ,ਤਿਤੁ ਤਿਤੁ ਲਗਨਾ ॥ ਨਾਨਕ ਠਾਕੁਰ ਸਦਾ ਅਲਿਪਨਾ ॥੧੧॥ (ਹੁਣ ਦੁਰਗੰਧੀ ਦਾ ਫਲ ਦਸਦੇ ਹਨ) ਲੱਲੇ (ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ, ਲੋਕ) ਵਿਸ਼ੇ ਰਸਾਂ ਵਿਚ ਲਿਪਟ ਕੇ ਮਸਤ ਹੋ ਗਏ ਹਨ। (ਉਹ) ਹੰਕਾਰ ਵਾਲੀ ਬੁਧੀ ਤੇ ਮਾਇਆ ਦੇ ਨਸ਼ੇ ਵਿਚ ਮਸਤ ਹੋਏ ਪਏ ਹਨ। ਇਸ ਤਰ੍ਹਾਂ ਦੀ ਮਾਇਆ ਵਿਚ ਲੱਗੇ ਰਹਿਣ ਕਰਕੇ ਜੰਮਣਾ ਤੇ ਮਰਨਾ ਹੁੰਦਾ ਹੈ। (ਪਰ ਕਿਸੇ ਦੇ ਕੀ ਵਸ? ਪ੍ਰਮੇਸਰ ਦਾ) ਜਿਵੇਂ ਜਿਵੇਂ ਹੁਕਮ ਹੁੰਦਾ ਹੈ, ਤਿਵੇਂ ਤਿਵੇਂ (ਜੀਵ ਨੂੰ) ਕਰਨਾ ਪੈਂਦਾ ਹੈ। (ਅਪਣੇ ਆਪ ਵਿਚ) ਨਾ ਕੋਈ ਊਣਾ ਹੈ ਤੇ ਨਾ ਕੋਈ ਪੂਰਨ ਹੈ। ਅਤੇ ਨਾ ਕੋਈ ਸਿਆਣਾ ਹੈ ਤੇ ਨਾ ਕੋਈ ਮੂਰਖ ਹੈ। (ਹੇ ਪ੍ਰਭੂ! ਤੁਸੀਂ) ਜਿਸ ਜਿਸ ਪਾਸੇ ਜੀਵਾਂ ਨੂੰ ਲਾਉਂਦੇ ਹੋ, ਉਸ ਉਸ ਪਾਸੇ (ਇਹ) ਲਗਦੇ ਹਨ। ਨਾਨਕ ਗੁਰੂ ਜੀ ਆਖਦੇ ਹਨ, (ਸਾਰੇ ਜੀਵਾਂ ਵਿਚ ਵਿਆਪਕ ਹੋਣ ਦੇ ਬਾਵਜੂਦ ਵੀ ਉਹ) ਮਾਲਕ ਪ੍ਰਭੂ ਨਿਰਲੇਪ ਹੈ।੧੧।

ਪਦਾਰਥ = ਬਿਕਾਰ-ਵਿਸ਼ੇ ਵਿਕਾਰ। ਮੂੜੇ-ਮੂਰਖਾਂ ਨੂੰ। ਅੰਧ-ਅੰਨ੍ਹੇ (ਅਗਿਆਨੀ ਲੋਕ)। ਲਾਗਿ ਪਰੇ-ਲਗ ਪੈਂਦੇ ਹਨ। ਦੁਰਗੰਧ-ਮੰਦੇ ਕੰਮ; ਗੰਦਗੀ; ਬਦਬੋ। ਸਿਉ-ਨਾਲ। ਬੰਧ-ਬੰਧਨ।੧। ਲਪਟਿ-ਲਿਪਟ ਕੇ; ਡੁਬ ਕੇ। ਬਿਖੈ ਰਸ-ਵਿਸ਼ਿਆਂ ਦੇ ਰਸਾਂ ਵਿਚ। ਰਾਤੇ-ਰਚੇ (ਲੱਗੇ) ਹੋਏ; ਮਸਤ ਹਨ। ਅਹੰਬੁਧਿ-ਹੰਕਾਰ ਵਾਲੀ ਬੁਧੀ। ਮਦ-ਨਸ਼ਾ। ਮਾਤੇ-ਮਸਤ। ਇਆ-ਇਸ। ਤਿਵੈ ਤਿਉ-ਤਿਵੇਂ ਤਿਵੇਂ। ਊਨ-ਕਮਜੋਰ ;ਘਟ। ਪੂਰਾ-(ਗੁਣਾਂ ਨਾਲ) ਭਰਪੂਰ। ਸੁਘਰੁ-ਸਿਆਣਾ। ਮੂਰਾ-ਮੂਰਖ। ਅਲਿਪਨਾ-ਨਿਰਲੇਪ।੧੧।

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org